I N T E R N A T I O N A L
# ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.30 / No.47
29 November, 2024
੧੪ ਮੱਘਰ ਨਾਨਕਸ਼ਾਹੀ ਸੰਮਤ ੫੫੬

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

## ਲੰਬੀ ਉਡੀਕ ਤੋਂ ਬਾਅਦ ਅੱਜ ਤੋਂ ਅਧਿਕਾਰਿਤ ਤੌਰ ’ਤੇ ਸ਼ਹਿਰ ਦੀ ਸੁਰੱਖਿਆ ਆਈ ਸਰੀ ਪੁਲਿਸ ਦੇ ਹੱਥ




**ਸਰੀ, (ਏਕਜੋਤ ਸਿੰਘ):** ਬੜੇ ਲੰਬੇ ਸਮੇਂ ਤੋਂ ਵਿਵਾਦਾਂ ਵਿੱਚ ਘਿਰਿਆ ਸਰੀ ਪੁਲਿਸ ਦਾ ਮਾਮਲਾ ਆਖਰ ਹੱਲ ਹੋ ਗਿਆ ਹੈ ਅਤੇ ਸਰੀ ਸ਼ਹਿਰ ਦੀ ਆਪਣੀ ਪੁਲਿਸ ਆਪਣੇ ਸ਼ਹਿਰ ਵਿੱਚ ਕੰਮ ਕਰੇਗੀ। ਹੁਣ ਆਰ.ਸੀ.ਐਮ.ਪੀ. ਦੀ ਥਾਂ ਸਰੀ ਪੁਲਿਸ ਨੂੰ ਸਥਾਪਿਤ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 2018 ਵਿੱਚ ਸਾਬਕਾ ਮੇਅਰ ਡਗ ਮਕੈਲਮ ਨੇ ਲੋਕਲ ਪੁਲਿਸ ਫੋਰਸ ਲਿਆਉਣ ਦਾ ਵਾਅਦਾ ਕੀਤਾ ਸੀ, ਪਰ ਉਹ ਪਿਛਲੀ ਚੋਣ ਹਾਰ ਗਏ ਅਤੇ ਨਵੀਂ ਮੇਅਰ ਬ੍ਰੈਂਡਾ ਲੌਕ ਨੇ ਇਸ • ਬਾਕੀ ਸਫ਼ਾ 2 ’ਤੇ

## ਜੀ.ਐਸ.ਟੀ. ਰੀਬੇਟ ਨੂੰ ਲੈ ਕੇ ਲਿਬਰਲ ਸਰਕਾਰ ਫਿਰ ਦੁਬਿਧਾ ’ਚ ਫਸੀ

### *ਕੰਜ਼ਰਵੇਟਿਵਜ਼ ਵਲੋਂ ਜੀ.ਐਸ.ਟੀ. ਛੋਟ ਬਿੱਲ ਦੇ ਵਿਰੁੱਧ ਵੋਟ ਦਾ ਐਲਾਨ*

### *ਜਗਮੀਤ ਸਿੰਘ ਨੇ ਯੋਜਨਾ ’ਚ ਸੀਨੀਅਰਜ਼ ਅਤੇ ਅਪਾਹਿਜਾਂ ਨੂੰ ਸ਼ਾਮਲ ਕਰਨ ਦੀ ਕੀਤੀ ਮੰਗ*

**ਸਰੀ, (ਏਕਜੋਤ ਸਿੰਘ):** ਜੀ.ਐਸ.ਟੀ. ਰੀਬੇਟ ਯੋਜਨਾ ਨੂੰ ਲੈ ਕੇ ਲਿਬਰਲ ਸਰਕਾਰ ਇੱਕ ਵਾਰ ਫਿਰ ਦੁਬਿੱਧਾ ‘ਚ ਘਿਰਦੀ ਨਜ਼ਰ ਆ ਰਹੀ ਹੈ। ਜਿਥੇ ਇੱਕ ਪਾਸੇ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੌਲੀਐਵ ਨੇ ਕਿਹਾ ਹੈ ਕਿ ਉਹ ਆਪਣੇ ਸਾਥੀਆਂ ਨਾਲ ਮਿਲ ਕੇ ਲਿਬਰਲ ਸਰਕਾਰ ਦੁਆਰਾ ਪੇਸ਼ ਕੀਤੇ ਗਏ ਜੀਐਸਟੀ ਛੋਟ ਬਿੱਲ ਦੇ ਵਿਰੁੱਧ ਵੋਟ ਪਾਉਣਗੇ। ਉਥੇ ਹੀ ਐਨ.ਡੀ.ਪੀ. ਪਾਰਟੀ ਦੇ ਮੁੱਖ ਆਗੂ ਜਗਮੀਤ ਸਿੰਘ ਨੇ ਇਸ ਯੋਜਨਾ ‘ਚ ਵਾਧੇ ਦੀ ਮੰਗ ਕੀਤੀ ਹੈ। ਜਗਮੀਤ ਸਿੰਘ ਨੇ ਕਿਹਾ ਹੈ ਕਿ ਇਸ ‘ਚ ਸੀਨੀਅਰ ਅਤੇ ਅਪਾਹਿਜਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਨੂੰ ਇਸ ਦੀ ਵਧੇਰੇ ਜ਼ਰੂਰਤ ਹੈ।

ਪੌਲੀਐਵ ਨੇ ਲਿਬਰਲ ਸਰਕਾਰ ਦੀ ਇਸ ਛੋਟ ਨੂੰ "ਗ਼ੈਰ-ਜ਼ਿੰਮੇਵਾਰ ਅਤੇ ਮਹਿੰਗਾਈ ‘ਚ ਵਾਧਾ • ਬਾਕੀ ਸਫ਼ਾ 2 ’ਤੇ

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਕਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ - ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ - ਘਰਾਂ ਦੀ ਖਰੀਦੋ-ਫਰੋਖਤ
#102-9278, 120th Street Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

Keep Smiling Denture Clinic
Complete Denture
Implant Denture
Partial Denture
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
Lucky Sekhon, 604-614-5365
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

# ਸਰੀ 'ਚ ਹੋਇਆ 'ਮਹਿਫ਼ਲ ਮਿੱਤਰਾਂ ਦੀ' ਸਮਾਗਮ ਦਾ ਆਯੋਜਨ



ਸਰੀ, (ਜਗਰੂਪ ਸਿੰਘ): ਪਿਛਲੇ ਮਹੀਨੇ ਦੀਆਂ ਯਾਦਾਂ ਨੂੰ ਅੱਗੇ ਵਧਾਉਂਦੇ ਹੋਏ ਐਤਵਾਰ 24 ਨਵੰਬਰ, ਸ਼ਾਮ ਨੂੰ ਮਿੱਤਰਾਂ ਦੀ ਮਹਿਫ਼ਲ ਦਾ ਆਯੋਜਨ ਸਰਦਾਰ ਹਰਚਰਨ ਸਿੰਘ ਸੰਧੂ ਸਾਬਕਾ ਐਸ.ਡੀ.ਐਮ ਦੇ ਘਰ ਸ਼ਾਮ 5 ਵਜੇ ਹੋਇਆ, ਜਿਸ ਵਿੱਚ ਸਾਰੇ ਦੇ ਸਾਰੇ ਮਿੱਤਰ ਗਾੜ੍ਹਾ ਹਨੇਰਾ ਹੋਣ ਤੋ ਪਹਿਲਾਂ ਸਮੇਂ ਸਿਰ ਪਹੁੰਚ ਗਏ, ਜਿੰਨਾ ਵਿੱਚ ਸ. ਗੁਰਮੇਹਰ ਸਿੰਘ ਸੰਧੂ ਇਮੀਗ੍ਰੇਸ਼ਨ ਸਲਾਹਕਾਰ, ਲੁਧਿਆਣਾ, ਸ. ਦਲੇਲ ਸਿੰਘ ਬਰਾੜ, ਸ੍ਰ. ਜੰਗੀਰ ਸਿੰਘ ਨਾਗਰਾ, ਸੁਖਬੀਰ ਸਿੰਘ ਸੰਧੂ, ਸ੍ਰ. ਇੰਦਰਪਾਲ ਸਿੰਘ ਸੰਧੂ, ਰਣਜੀਤ ਕਿੰਗਰਾ ਅਤੇ ਜਗਰੂਪ ਸਿੰਘ ਖੇੜਾ ਸ਼ਾਮਲ ਸਨ।

ਆਪਸੀ ਹਾਲ ਚਾਲ ਅਤੇ ਪਰਵਾਰਾਂ ਦੀ ਸੁਖਸਾਂਦ ਪੁੱਛਣ ਤੋ ਬਾਦ, ਸਮਾਜਿਕ, ਰਾਜਨੀਤਿਕ, ਕਿਸਾਨੀ ਅਤੇ ਹੋਰ ਤਤਕਾਲੀ ਮਸਲਿਆਂ ਉੱਤੇ ਵਿਚਾਰ ਵਟਾਂਦਰਾ ਕੀਤਾ ਗਿਆ।ਪੰਜਾਬ ਦੇ ਕਿਸਾਨਾਂ ਦੀ ਤਰਾਸਦੀ ਦੇਖਦੇ ਹੋਏ ਸਭ ਨੇ ਚਿੰਤਾ ਦਾ ਇਜ਼ਹਾਰ ਕੀਤਾ ਅਤੇ ਸਲਾਹ ਦਿੱਤੀ ਗਈ ਕਿ ਝੋਨੇ ਦੀ ਜਗ੍ਹਾ ਕੋਈ ਹੋਰ ਬਦਲਵੀਂ ਫਸਲ ਬੀਜਣ ਲਈ ਉਤਸ਼ਾਹਿਤ ਕਰਨ ਦੇ ਨਾਲ ਜਾਣਕਾਰੀ ਦੇਣੀ ਚਾਹੀਦੀ ਹੈ ਕਿ ਪੰਜਾਬ ਦੇ ਕੁੱਲ ਝੋਨੇ ਦੇ ਉਤਪਾਦਨ ਦਾ 56% ਝੋਨਾ ਮੱਧ ਪ੍ਰਦੇਸ਼ ਵਿੱਚ ਵੀ ਹੋਣ ਲੱਗ ਪਿਆ ਹੈ, ਹਰਿਆਣਾ ਅਤੇ ਯੂਪੀ ਪਹਿਲਾਂ ਹੀ ਵੱਧ ਝੋਨੇ ਦਾ ਉਤਪਾਦਨ ਕਰਨ ਲੱਗ ਗਏ ਹਨ । ਇਸ ਕਰਕੇ ਅਗਲੇ ਸਾਲ ਝੋਨੇ ਦੀ ਪੰਜਾਬ ਵਿੱਚੋਂ ਸਰਕਾਰੀ ਖ਼ਰੀਦ ਦੇ ਆਸਾਰ ਬਹੁਤ ਹੀ ਮੱਧਮ ਜਾਪਦੇ ਹਨ। ਇਸ ਵਰਤਾਰੇ ਪ੍ਰਤੀ ਕਿਸਾਨ ਜਥੇਬੰਦੀਆਂ ਅਤੇ ਸਰਕਾਰਾਂ ਦੇ ਨਾਲ -ਨਾਲ ਸਮਾਜ ਸੇਵੀ ਸੰਸਥਾਵਾਂ ਰਾਹੀਂ ਵੀ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਦੀ ਬਹੁਤ ਜ਼ਰੂਰਤ ਹੈ।

ਸਾਰਿਆਂ ਨੇ ਸਰਬਸੰਮਤੀ ਨਾਲ ਆਪਣੇ-ਆਪਣੇ ਪਿੰਡਾਂ ਅਤੇ ਰਿਸ਼ਤੇਦਾਰਾਂ ਅਤੇ ਦੋਸਤਾਂ ਤੱਕ ਜ਼ਰੂਰੀ ਸੁਨੇਹਾ ਪਹੁੰਚਾਉਣ ਦੇ ਨਾਲ -ਨਾਲ ਇਸ ਗੱਲ ਨੂੰ ਲਾਗੂ ਕਰਨ ਦਾ ਵੀ ਹਾਂ ਪੱਖੀ ਹੁੰਗਾਰਾ ਦਿੱਤਾ।

ਕੈਨੇਡਾ ਅਤੇ ਅਮਰੀਕਾ ਤੋਂ ਪ੍ਰਵਾਸੀ ਹਰ ਸਾਲ ਅਕਤੂਬਰ ਨਵੰਬਰ ਵਿੱਚ ਪੰਜਾਬ ਆਪਦੇ ਸੁਨੇਹੀਆ ਨੂੰ ਮਿਲਣ ਜਾਂਦੇ ਹਨ ਪਰ ਉੱਤਰੀ ਭਾਰਤ ਇਸ ਸਮੇਂ ਧੂੰਏਂ ਅਤੇ ਗਰਦ ਦੀ ਲਪੇਟ ਵਿੱਚ ਲਿਪਟਿਆ ਪਿਆ ਰਹਿੰਦਾ ਹੈ। ਜੋ ਚਿੰਤਾ ਦਾ ਵਿਸ਼ਾ ਹੈ! ਜਦ ਤੱਕ ਬਰਸਾਤ ਨਹੀਂ ਹੁੰਦੀ ਵਾਤਾਵਰਨ ਸਾਫ ਨਹੀ ਹੋਣਾ, ਸਾਹ ਦੇ ਮਰੀਜ਼ਾਂ , ਬਜ਼ੁਰਗਾਂ ਅਤੇ ਬੱਚਿਆਂ ਨੂੰ ਇਹੋ ਜਿਹੇ ਹਾਲਾਤਾਂ ਚ ਸਫ਼ਰ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਮਹਿਫ਼ਲ ਦੇ ਆਰੰਭ ਵਿੱਚ ਹੀ ਬਾਈ ਇੰਦਰਪਾਲ ਸਿੰਘ ਸੰਧੂ ਨੇ ਸਾਰੇ ਸੀਨੀਅਰ ਸਿਟੀਜਨਾਂ ਨੂੰ ਬਚਪਨ ਵਿਚ ਕੀਤੀਆ ਸ਼ਰਾਰਤਾਂ ਦੀਆਂ ਹਾਸੇ ਭਰਪੂਰ ਗੱਲਾਂ ਸੁਣਾ ਕੇ ਸਭ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ। ਫਿਰ ਕੀ ਸੀ, ਹਰ ਮੈਂਬਰ ਨੇ ਆਪਣਾ-ਆਪਣਾ ਯੋਗਦਾਨ ਪਾਇਆ ਅਤੇ ਮਹਿਫ਼ਲ ਰੰਗੀਨ ਹੁੰਦੀ ਗਈ ਅਤੇ ਸਾਰੇ ਹਾਜ਼ਰ ਮਿੱਤਰ ਇਸਦਾ ਸੁਆਦ ਮਾਣਦੇ ਗਏ। ਇੰਜ ਜਾਪਣ ਲੱਗ ਗਿਆ ਸੀ ਕਿ ਜਿਵੇਂ ਕੈਨੇਡਾ ਨਹੀ, ਪੰਜਾਬ ਦੇ ਆਪਦੇ ਹੀ ਪਿੰਡ ਦੀ ਸੱਥ ਵਿੱਚ ਸਿਆਲ ਦੀ ਧੂਣੀ ਲਾਗੇ ਬੈਠੇ ਸਾਫ ਸੁਥਰੇ ਚੁਟਕਲੇ ਅਤੇ ਮਸਖਰੀਆਂ ਦਾ ਆਨੰਦ ਮਾਣ ਰਹੇ ਹੋਣ ।

ਜਦ ਰਣਜੀਤ ਕਿੰਗਰਾ ਜੀ ਨੇ ਆਪਦੇ ਲਿਖੇ ਗੀਤਾਂ ਨੂੰ ਗਾਉਣਾ ਸ਼ੁਰੂ ਕੀਤਾ ਜਿੰਨਾਂ ਵਿੱਚ ਪ੍ਰਮੁੱਖ "ਨਸ਼ਾ ਜਿਹਾ ਚੜ੍ਹ ਜਾਂਦਾ,

ਜਦ ਪੰਜਾਬੀ ਬੋਲੀਦੀ ...।"

"ਮਰ ਜਾਣੀ"

"ਮੇਰੇ ਸੁਪਨਿਆਂ ਦੀ ਰਾਣੀ ਕੁੜੀ" ਆਦਿ ਸਾਹਿਤਕ ਗੀਤ ਗਾ ਕੇ ਸਭ ਨੂੰ ਝੂੰਮਣ ਲਾ ਦਿੱਤਾ।

ਇਸੇ ਤਰਾਂ ਚੁਟਕਲੇ, ਗ਼ਜ਼ਲਾਂ ਅਤੇ ਗੀਤਾਂ ਨਾਲ ਮਹਿਫ਼ਲ ਆਪਦੇ ਸਿਖਰ ਵੱਲ ਜਾ ਰਹੀ ਸੀ ।

ਇਸ ਦੌਰਾਨ ਸਰਦਾਰ ਖ਼ੁਸ਼ਵੰਤ ਸਿੰਘ, ਅੰਮ੍ਰਿਤਾ ਪ੍ਰੀਤਮ, ਸਾਹਿਰ ਲੁਧਿਆਣਵੀ ਅਤੇ ਸ਼ਿਵ ਕੁਮਾਰ ਬਟਾਲਵੀ ਆਦਿ ਮਹਾਨ ਸਖ਼ਸ਼ੀਅਤਾਂ ਦੇ ਸਾਹਿਤ ਨੂੰ ਯੋਗਦਾਨ ਦੀ ਵੀ ਚਰਚਾ ਹੋਈ।

ਰਾਤ ਦਾ ਖਾਣਾ ਖਾਣ ਤੋਂ ਪਹਿਲਾਂ ਹਰਚਰਨ ਸਿੰਘ ਸੰਧੂ ਨੇ ਆਪਣੀ ਕੈਨੇਡਾ ਆ ਕੇ 2009 ਦੀ ਲਿਖੀ ਕਵਿਤਾ ਜਿਸ ਵਿੱਚ ਆਪਣੇ ਖੱਟੇ ਮਿੱਠੇ ਤਜਰਬੇ ਵਿਅੰਗਮਈ ਅੰਦਾਜ਼ ਵਿੱਚ ਲਿਖੇ ਹਨ ਪੇਸ਼ ਕੀਤੀ।

ਬਾਈ ਇੰਦਰਪਾਲ ਸਿੰਘ ਸੰਧੂ, ਜੋ ਚੁਟਕਲਿਆਂ ਦੇ ਬਾਦਸ਼ਾਹ ਹਨ, ਨੇ ਮਾਹੌਲ ਮੁਤਾਬਕ ਹਾਜਮੋਲੇ ਦੀ ਗੋਲੀਆਂ ਦੀ ਤਰਾਂ ਚੁੱਟਕਲੇ ਸੁਣਾ ਸੁਣਾ ਕੇ ਮਹਿਫ਼ਲ ਨੂੰ ਸਿਰੇ ਦੇ ਡੰਡੇ ਤੇ ਪਹੁੰਚਾ ਦਿੱਤਾ ਅਤੇ ਗਰਮ ਗੁਲਾਬ ਜਾਮਨਾਂ ਖਾਣ ਤੋਂ ਬਾਦ ਰਣਜੀਤ ਕਿੰਗਰਾ ਨੇ "ਬੇਬੇ ਦਾ ਸੰਦੂਕ" ਗਾ ਕੇ ਮਾਨੋ ਸਭ ਨੂੰ ਪੰਜਾਬ ਆਪਣਾ-ਆਪਣਾ ਘਰਾਂ ਤੱਕ ਪਹੁੰਚਾ ਦਿੱਤਾ, ਜਿਸ ਨਾਲ ਮਾਹੌਲ ਕੁਝ ਭਾਵੁਕ ਹੋ ਗਿਆ। ਅਖ਼ੀਰ ਵਿੱਚ

"ਭਾਵੇਂ ਕਿ ਮੁੜ ਕੇ ਮਿਲਣ ਲਈ,
ਵਿਛੜਨਾਂ ਬਹੁਤ ਜ਼ਰੂਰੀ ਹੈ,
ਸਾਡਾ ਤਾਂ ਰਿਸ਼ਤਾ ਰੂਹਾਂ ਦਾ,
ਕਿੰਗਰੇ ਸਿਰ ਕਾਹਦੀ ਦੂਰੀ ਹੈ"

ਸੁਣਾ ਕੇ, ਸਭ ਨੂੰ ਜੱਫੀਆਂ ਪਾਉਣ ਲਈ ਉਤਸ਼ਹਿਤ ਕਰ ਦਿੱਤਾ ।

ਸਾਰੇ ਮਹਿਮਾਨ ਇੱਕ ਦੂਜੇ ਨੂੰ ਫ਼ਤਿਹ ਬੁਲਾ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ।

ਹਰਚਰਨ ਸਿੰਘ ਸੰਧੂ ਦੀ ਬੇਟੀ ਡਾਕਟਰ ਇੰਦਰਪ੍ਰੀਤ ਅਤੇ ਦਾਮਾਦ ਮਨਦੀਪ ਸਿੰਘ ਸਿੱਧੂ ਨੇ ਆਏ ਮਹਿਮਾਨਾਂ ਦੇ ਸੁਆਗਤ ਵਿੱਚ ਕੋਈ ਕਸਰ ਬਾਕੀ ਨਾਂ ਛੱਡੀ ਅਤੇ ਬਹੁਤ ਵਧੀਆ ਖਾਣ ਪੀਣ ਦਾ ਇੰਤਜ਼ਾਮ ਕਰਕੇ ਮਿੱਤਰ-ਮੰਡਲੀ ਦੇ ਸਤਿਕਾਰ ਅਤੇ ਸਹਿਯੋਗ ਦਾ ਸਬੂਤ ਦਿੱਤਾ।

ਅਗਲੇ ਦਿਨ ਸਭ ਨੇ ਮੇਜ਼ਬਾਨ ਮਿੱਤਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਵੀਰ ਜੀ ਕੱਲ੍ਹ ਸ਼ਾਮ ਨੂੰ ਬਹੁਤ ਮਜ਼ਾ ਆਇਆ। ਹਰ ਕੋਈ ਇਹ ਕਹਿ ਰਿਹਾ ਸੀ ਕਿ ਮੈਂ ਪੂਰੇ ਸਾਲ ਵਿੱਚ ਇਤਨਾ ਨਹੀ ਹੱਸਿਆ ਜਿੰਨਾ ਕੱਲ ਮਹਿਫ਼ਲ ਦੀਆਂ ਗੱਲਾਂ ਅਤੇ ਚੁਟਕਲਿਆਂ ਨੇ ਹਸਾਇਆ।

## ਲੰਬੀ ਉਡੀਕ ਤੋਂ ਬਾਅਦ ਅੱਜ...

ਫੈਸਲੇ ਨੂੰ ਉਲਟਾ ਕੇ ਆਰ.ਸੀ.ਐਮ.ਪੀ. ਨੂੰ ਹੀ ਸਰੀ ਵਿੱਚ ਰੱਖਣ ਦੇ ਹੱਕ ਵਿੱਚ ਫੈਸਲਾ ਦਿੱਤਾ ਸੀ। ਜੁਲਾਈ 2023 ਵਿੱਚ, ਬੀਸੀ ਦੇ ਸੌਲਿਸਟਰ ਜਨਰਲ ਮਾਈਕ ਫਾਰਨਵਰਥ ਨੇ ਪੁਲਿਸ ਐਕਟ ਲਾਗੂ ਕਰਦਿਆਂ ਸਰੀ ਪੁਲਿਸ ਨੂੰ ਕਾਇਮ ਕਰਨ ਦਾ ਆਦੇਸ਼ ਦਿੱਤਾ।

ਜ਼ਿਕਰਯੋਗ ਹੈ ਕਿ 2020 ਵਿੱਚ ਬੋਰਡ ਦੀ ਸਥਾਪਨਾ ਤੋਂ ਬਾਅਦ, 2021 ਵਿੱਚ ਸਰੀ ਪੁਲਿਸ ਨੇ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਹੁਣ ਤੱਕ, 785 ਅਫ਼ਸਰਾਂ ਵਿੱਚੋਂ 446 ਅਫ਼ਸਰ ਭਰਤੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਰੀ ਪੁਲਿਸ ਵਿੱਚ 30 ਤੋਂ ਵਧੇਰੇ ਭਾਸ਼ਾਵਾਂ ਬੋਲਣ ਵਾਲੇ ਅਫ਼ਸਰ ਹਨ ਅਤੇ 40 ਫੀਸਦੀ ਅਫ਼ਸਰ ਸਾਊਥ ਏਸ਼ੀਅਨ ਭਾਈਚਾਰੇ ਦੇ ਵੀ ਹਨ।

ਸਰੀ ਪੁਲਿਸ ਦੇ ਬੁਲਾਰੇ ਅਨੁਸਾਰ ਹੁਣ ਤੱਕ ਸਰੀ ਪੁਲਿਸ ਦੇ ਅਧਿਕਾਰੀ ਆਰਸੀਐਮਪੀ ਦੀ ਕਮਾਂਡ ਹੇਠ ਕੰਮ ਕਰ ਰਹੇ ਸਨ, ਪਰ 29 ਨਵੰਬਰ ਤੋਂ ਉਹ ਸਰੀ ਪੁਲਿਸ ਦੀ ਕਮਾਂਡ ਹੇਠ ਕੰਮ ਕਰਨਗੇ।

ਸਰੀ ਪੁਲਿਸ ਦੇ ਅਧਿਕਾਰੀਆਂ ਨੂੰ 6 ਹਫ਼ਤਿਆਂ ਦੀ ਸੱਭਿਆਚਾਰਕ ਸੰਵੇਦਨਸ਼ੀਲਤਾ ਬਾਰੇ ਸਿੱਖਲਾਈ ਦਿੱਤੀ ਗਈ ਹੈ, ਜਿਸ ਵਿੱਚ ਸਾਊਥ ਏਸ਼ੀਅਨ ਭਾਈਚਾਰੇ ਸਮੇਤ ਹੋਰਨਾਂ ਭਾਈਚਾਰਿਆਂ ਬਾਰੇ ਜਾਗਰੂਕਤਾ ਸਿਖਾਈ ਗਈ ਹੈ। ਇਸ ਨਾਲ ਪੁਲਿਸ ਅਫ਼ਸਰਾਂ ਨੂੰ ਜਨਤਾ ਦੀਆਂ ਸੱਭਿਆਚਾਰਿਕ ਅਤੇ ਕਦਰਾਂ ਦੀ ਪਹਿਚਾਨ ਹੋਵੇਗੀ।

ਸਰੀ ਪੁਲਿਸ ਬੋਰਡ ਨੇ ਗੈਂਗਵਾਰ ਅਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਪ੍ਰੋਗਰਾਮ ਤਿਆਰ ਕਰਨ ਦਾ ਵੀ ਮਨ ਬਣਾਇਆ ਹੈ। ਸਰੀ ਪੁਲਿਸ ਵੱਖ-ਵੱਖ ਸੰਸਥਾਵਾਂ ਨਾਲ ਮਿਲ ਕੇ ਨੌਜਵਾਨਾਂ ਲਈ ਕਈ ਪ੍ਰੋਗਰਾਮ ਚਲਾਵੇਗੀ।

ਸਰੀ ਪੁਲਿਸ ਆਪਣਾ ਕੰਮ ਕਿਵੇਂ ਕਰੇਗੀ

ਸਰੀ ਪੁਲਿਸ ਦੇ ਬੁਲਾਰੇ ਅਨੁਸਾਰ ਸਰੀ ਪੁਲਿਸ ਇੱਕ ਕਮਿਊਨਿਟੀ ਅਧਾਰਿਤ ਮਾਡਲ 'ਤੇ ਕੰਮ ਕਰੇਗੀ, ਜਿਸ ਵਿੱਚ ਸ਼ਹਿਰ ਦੇ ਹਰ ਇਲਾਕੇ ਲਈ ਇੱਕ ਕਮਾਂਡਰ ਨਿਯੁਕਤ ਕੀਤਾ ਜਾਵੇਗਾ। ਉਹਨਾਂ ਨੇ ਕਿਹਾ ਕਿ ਹਰ ਇਲਾਕੇ ਦੀਆਂ ਆਪਣੇ ਕੁਝ ਖਾਸ ਸਮੱਸਿਆਵਾਂ ਹਨ, ਅਤੇ ਉਹਨਾਂ ਦੇ ਅਨੁਸਾਰ ਇਹ ਢੰਗ ਨਾਲ ਸੇਵਾਵਾਂ ਦੀ ਪ੍ਰਦਾਨਗੀ ਵਿੱਚ ਮਦਦ ਕਰੇਗਾ।

ਇਸ ਦੇ ਨਾਲ ਹੀ ਸਰੀ ਪੁਲਿਸ ਦਾ ਮਕਸਦ ਨੌਜਵਾਨਾਂ ਨੂੰ ਗੈਂਗਵਾਰ ਵਿੱਚ ਸ਼ਾਮਿਲ ਹੋਣ ਤੋਂ ਰੋਕਣਾ ਵੀ ਹੈ। ਇਸ ਲਈ ਵਿਸ਼ੇਸ਼ ਪ੍ਰੋਗਰਾਮ ਚਲਾਏ ਜਾਣਗੇ ਅਤੇ ਵੱਖ-ਵੱਖ ਸੰਸਥਾਵਾਂ ਨਾਲ ਸਹਿਯੋਗ ਕਰਕੇ ਨੌਜਵਾਨਾਂ ਦੀ ਦਿਸ਼ਾ ਨੂੰ ਠੀਕ ਕੀਤਾ ਜਾਵੇਗਾ।

ਸਰੀ ਪੁਲਿਸ ਕੋਲ ਆਰਸੀਐਮਪੀ ਦੇ ਪੁਰਾਣੇ ਦਫ਼ਤਰ ਅਤੇ ਨੰਬਰ ਰਹਿਣਗੇ ਤਾਂ ਜੋ ਜਨਤਾ ਨੂੰ ਕਿਸੇ ਵੀ ਪ੍ਰਕਾਰ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਹੋਵੇ। ਇਸ ਸਮੇਂ ਸਰੀ ਪੁਲਿਸ ਵੱਲੋਂ 30 ਗੱਡੀਆਂ ਸੜਕਾਂ 'ਤੇ ਹਨ ਅਤੇ ਇਸ ਨਾਲ ਅਧਿਕਾਰੀਆਂ ਦੀ ਮੋਬੀਲਾਈਟੀ ਵੀ ਕਾਫੀ ਬਿਹਤਰ ਹੋਵੇਗੀ।

## ਸਫ਼ਾ 1 ਦਾ ਬਾਕੀ

## ਰੀਬੇਟ ਅਤੇ ਜੀ.ਐਸ.ਟੀ. ...

ਕਰਨ ਵਾਲੀ" ਕਹਿ ਕੇ ਨਕਾਰ ਦਿੱਤਾ ਹੈ ਅਤੇ ਇਹ ਕਿਹਾ ਕਿ ਇਹ ਟੈਕਸ ਕਟੌਤੀ ਨਹੀਂ, ਸਗੋਂ ਇਕ ਅਸਥਾਈ ਅਤੇ ਮਹਿੰਗਾਈ ਵਧਾਉਣ ਵਾਲੀ ਯੋਜਨਾ ਹੈ।

ਉਨ੍ਹਾਂ ਨੇ ਐਲਾਨ ਕੀਤਾ ਕਿ ਲਿਬਰਲ ਸਰਕਾਰ ਦੀ ਇਸ ਛੋਟ ਦਾ ਸਿਧਾ ਅਸਰ ਆਰਥਿਕਤਾ ਉੱਤੇ ਹੋਵੇਗਾ ਅਤੇ ਇਹ ਟੈਕਸ ਰਾਹਤ ਖਰੀਦਸ਼ਕਤੀ ਨੂੰ ਵਧਾਉਣ ਅਤੇ ਆਰਥਿਕ ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ ਪ੍ਰਭਾਵਸ਼ਾਲੀ ਨਹੀਂ ਹੈ।

ਲਿਬਰਲ ਸਰਕਾਰ ਨੇ ਬੁੱਧਵਾਰ ਨੂੰ ਇਕ ਬਿੱਲ ਪੇਸ਼ ਕੀਤਾ ਜਿਸ ਵਿੱਚ ਅਗਲੇ ਮਹੀਨੇ ਤੋਂ ਸ਼ੁਰੂ ਹੋਣ ਵਾਲੀ ਜੀਐਸਟੀ ਛੋਟ ਦਾ ਵਾਅਦਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਛੋਟ ਨੂੰ ਮਹਿੰਗਾਈ ਦੀ ਭਾਰੀ ਲਾਗਤ ਨੂੰ ਹੌਲਾ ਕਰਨ ਵਾਲਾ ਕਿਫਾਇਤੀ ਉਪਾਅ ਵਜੋਂ ਦਰਸਾਇਆ ਹੈ। ਇਸ ਮਤੇ ਵਿੱਚ, 14 ਦਸੰਬਰ ਤੋਂ 14 ਫਰਵਰੀ ਤੱਕ ਕੁਝ ਵਸਤਾਂ ਅਤੇ ਸੇਵਾਵਾਂ 'ਤੇ ਜੀਐਸਟੀ ਨੂੰ ਹਟਾਉਣ ਦਾ ਪ੍ਰਸਤਾਵ ਦਿੱਤਾ ਗਿਆ ਹੈ। ਇਸ ਵਿੱਚ ਬੱਚਿਆਂ ਦੇ ਖਿਡੌਣੇ, ਬੀਅਰ, ਵਾਈਨ ਅਤੇ ਰੈਸਟੋਰੈਂਟਾਂ ਦੇ ਖਾਣੇ ਸ਼ਾਮਲ ਹਨ।

ਪੌਲੀਐਵ ਨੇ ਲਿਬਰਲ ਸਰਕਾਰ ਦੀਆਂ ਨੀਤੀਆਂ ਨੂੰ ਰੋਕਣ ਦੀ ਮੰਗ ਕੀਤੀ ਅਤੇ ਕਾਰਬਨ ਟੈਕਸ ਨੂੰ ਖਤਮ ਕਰਨ ਅਤੇ ਨਵੇਂ ਘਰਾਂ 'ਤੇ ਜੀਐਸਟੀ ਨੂੰ ਹਟਾਉਣ ਦੀ ਸਿਫਾਰਸ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਕਦਮ ਆਰਥਿਕਤਾ ਲਈ ਜ਼ਰੂਰੀ ਹਨ ਅਤੇ ਇਹ ਮਹਿੰਗਾਈ ਨੂੰ ਕੰਟਰੋਲ ਕਰਨ ਵਿੱਚ ਮਦਦਗਾਰ ਸਾਬਤ ਹੋਣਗੇ।

ਐਨਡੀਪੀ ਨੇ ਲਿਬਰਲ ਸਰਕਾਰ ਦੇ ਇਸ ਮਤੇ ਦੇ ਵਿਰੁੱਧ ਵੋਟਿੰਗ ਕਰਨ ਦੀ ਗੱਲ ਕਹੀ ਹੈ ਪਰ ਜੇ ਇਹ ਪੈਕੇਜ ਵੱਖ-ਵੱਖ ਬਿੱਲਾਂ ਵਿੱਚ ਨਹੀਂ ਆਉਂਦਾ, ਤਾਂ ਉਹ ਇਸ ਦੀ ਸਮਰਥਨ ਨਹੀਂ ਕਰੇਗੇ। ਹਾਲਾਂਕਿ, ਐਨਡੀਪੀ ਦੇ ਸਮਰਥਨ ਨਾਲ ਇਹ ਬਿੱਲ ਹਾਊਸ ਆਫ ਕਾਮਨਜ਼ ਵਿੱਚ ਪਾਸ ਹੋਣ ਦੀ ਸੰਭਾਵਨਾ ਹੈ। ਬਲੌਕ ਕਿਊਬੈਕਵਾ ਵੀ ਬਿੱਲ ਦੇ ਵਿਰੁੱਧ ਵੋਟ ਪਾਉਣ ਦਾ ਇਸ਼ਾਰਾ ਦੇ ਚੁੱਕਾ ਹੈ।

ਇੱਕ ਵਿੱਤ ਅਧਿਕਾਰੀ ਦੇ ਅਨੁਸਾਰ, ਸਰਕਾਰ ਨੂੰ ਇਸ ਟੈਕਸ ਛੋਟ ਨਾਲ $1.6 ਬਿਲੀਅਨ ਦਾ ਨੁਕਸਾਨ ਹੋਵੇਗਾ ਅਤੇ $250 ਦੇ ਚੈੱਕਾਂ ਦੇ ਜਾਰੀ ਕਰਨ ਨਾਲ ਸਰਕਾਰੀ ਖਜ਼ਾਨੇ ਨੂੰ $4.68 ਬਿਲੀਅਨ ਦਾ ਖਰਚਾ ਪੈਣਗਾ।

ਐਨਡੀਪੀ ਨੇ ਤਾਂ ਧਮਕੀ ਦਿੱਤੀ ਸੀ ਕਿ ਜੇ ਸਰਕਾਰ ਦੋਵੇਂ ਯੋਜਨਾਵਾਂ ਲਈ ਵੱਖਰੇ ਬਿਲ ਨਹੀਂ ਲਿਆਂਦੀ ਤਾਂ ਉਹ ਪੂਰੇ ਪੈਕੇਜ ਨੂੰ ਹੀ ਸਮਰਥਨ ਨਹੀਂ ਦੇਣਗੇ।


ਐਨਡੀਪੀ ਲੀਡਰ ਜਗਮੀਤ ਸਿੰਘ ਨੇ ਬੁੱਧਵਾਰ ਨੂੰ ਇੱਕ ਮੀਡੀਆ ਬਿਆਨ ਵਿਚ ਕਿਹਾ ਸੀ ਕਿ ਜੇ ਲਿਬਰਲ ਸਰਕਾਰ $250 ਡਾਲਰ ਦੇ ਚੈੱਕ ਵਾਲੇ ਉਪਾਅ ਦਾ ਦਾਇਰਾ ਵਧਾਉਂਦਿਆਂ ਇਸ ਵਿਚ 'ਸੇਵਾਮੁਕਤ ਸੀਨੀਅਰਜ਼, ਵਿਕਲਾਂਗਤਾ ਵਾਲੇ ਲੋਕਾਂ ਅਤੇ ਸੱਟਾਂ ਵਾਲੇ ਵਰਕਰਾਂ' ਨੂੰ ਵੀ ਸ਼ਾਮਲ ਕਰਦੀ ਹੈ, ਤਾਂ ਉਹ ਇਸ ਉਪਾਅ ਦਾ ਸਮਰਥਨ ਕਰ ਸਕਦੇ ਹਨ।

ਇੱਕ ਵਿੱਤ ਅਧਿਕਾਰੀ ਅਨੁਸਾਰ, ਟੈਕਸ ਛੋਟ ਕਰਕੇ ਸਰਕਾਰੀ ਮਾਲੀਏ ਨੂੰ 1.6 ਬਿਲੀਅਨ ਦਾ ਨੁਕਸਾਨ ਹੋਵੇਗਾ ਅਤੇ $250 ਦੇ ਚੈੱਕਾਂ ਕਰਕੇ ਸਰਕਾਰੀ ਖਜ਼ਾਨੇ ਨੂੰ $4.68 ਬਿਲੀਅਨ ਦੀ ਲਾਗਤ ਆਵੇਗੀ।

# ਐਨ.ਡੀ.ਪੀ. ਵਲੋਂ ਲਿਬਰਲ ਸਰਕਾਰ ਦੇ $250 ਰੀਬੇਟ ਅਤੇ ਜੀ.ਐਸ.ਟੀ. ਹਾਲੀਡੇ ਯੋਜਨਾ ਦਾ ਵਿਰੋਧ, ਜਗਮੀਤ ਸਿੰਘ ਨੇ ਕੀਤੀ ਯੋਗਤਾ ਵਧਾਉਣ ਦੀ ਮੰਗ

ਸਰੀ, (ਏਕਜੋਤ ਸਿੰਘ): ਐਨਡੀਪੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਕੈਨੇਡਾ ਵਿੱਚ ਰਹਿਣ ਵਾਲਿਆਂ ਨੂੰ ਜੀਐਸਟੀ ਛੁੱਟੀ ਅਤੇ $250 ਦੇ ਰੀਬੇਟ ਦੇਣ ਲਈ ਲਿਬਰਲ ਪਲਾਨ ਦਾ ਸਮਰਥਨ ਨਹੀਂ ਕਰੇਗੀ, ਜਦੋਂ ਤਕ ਸਰਕਾਰ ਚੈੱਕਾਂ ਦੀ ਯੋਗਤਾ ਵਿੱਚ ਵਾਧਾ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਇਹ ਰੀਬੇਟ "ਸਭ ਤੋਂ ਜਿਆਦਾ ਜ਼ਰੂਰਤਮੰਦ ਲੋਕਾਂ" ਨੂੰ ਛੱਡ ਰਹੀ ਹੈ।

ਪਿਛਲੇ ਹਫ਼ਤੇ ਲਿਬਰਲ ਸਰਕਾਰ ਨੇ ਇੱਕ ਪਲਾਨ ਦੀ ਘੋਸ਼ਣਾ ਕੀਤੀ ਸੀ, ਜਿਸ ਵਿੱਚ ਕਈ ਕਿਸਮ ਦੇ ਸਮਾਨ ਜਿਵੇਂ ਕਿ ਖਿਲੌਣੇ ਅਤੇ ਰੈਸਟੋਰੈਂਟ ਖਾਣੇ ਤੇ ਦੋ ਮਹੀਨੇ ਲਈ ਫੈਡਰਲ ਸੇਲਜ਼ ਟੈਕਸ ਘਟਾਇਆ ਜਾਵੇਗਾ ਅਤੇ ਜੀਐਸਟੀ ਹਾਲੀਡੇ ਦੌਰਾਨ 18.7 ਮਿਲੀਅਨ ਤੋਂ ਵੱਧ ਕੈਨੇਡੀਅਨਾਂ ਨੂੰ $250 ਦੇ ਰੀਬੇਟ ਦਿੱਤੇ ਜਾਣਗੇ।



ਔਟਾਵਾ ਵਿੱਚ ਗੱਲ ਕਰਦਿਆਂ ਜਗਮੀਤ ਸਿੰਘ ਨੇ ਕਿਹਾ ਕਿ ਉਹ ਜੀਐਸਟੀ ਕਾਨੂੰਨ ਨੂੰ ਪਾਸ ਕਰਨ ਲਈ ਤਿਆਰ ਹਨ, ਪਰ ਰੀਬੇਟ ਦੀ ਯੋਗਤਾ ਵਿੱਚ ਉਨ੍ਹਾਂ ਨੂੰ ਵਾਧਾ ਕਰਨਾ ਪਵੇਗਾ। ਜਗਮੀਤ ਸਿੰਘ ਨੇ ਮੰਗ ਕੀਤੀ ਕਿ ਰੀਬੇਟ ਵਿੱਚ ਵਰਗਾਂ 'ਚ ਸੀਨੀਅਰ, ਵਿਦਿਆਰਥੀ, ਅਤੇ ਅਪਾਹਜਾਂ ਨੂੰ ਬਿਨਾਂ ਭਤੇ ਰੱਖਿਆ ਗਿਆ ਅਤੇ ਉਹ ਜੋ ਪਿਛਲੇ ਸਾਲ ਕੰਮ ਨਹੀਂ ਕਰ ਸਕੇ, ਉਨ੍ਹਾਂ ਨੂੰ ਵੀ ਸ਼ਾਮਲ ਕੀਤਾ ਜਾਵੇ।

ਜਗਮੀਤ ਸਿੰਘ ਨੇ ਕਿਹਾ ਕਿ ਪਹਿਲਾਂ ਉਹ ਇਸ ਪਲਾਨ ਦਾ ਸਮਰਥਨ ਕਰ ਰਹੇ ਸਨ, ਕਿਉਂਕਿ ਉਹ ਸੋਚਦੇ ਸਨ ਕਿ ਰੀਬੇਟ ਚੈੱਕ ਉਹਨਾਂ ਲੋਕਾਂ ਨੂੰ ਮਿਲਣਗੇ ਜਿਨ੍ਹਾਂ ਦੀ ਆਮਦਨ ਪਿਛਲੇ ਸਾਲ $150,000 ਤੋਂ ਘੱਟ ਸੀ। ਪਰ ਇਸ "ਵਰਕਿੰਗ ਕੈਨੇਡੀਅਨਸ ਰੀਬੇਟ" ਦੇ ਚੈੱਕ ਸਿਰਫ ਉਹਨਾਂ ਨੂੰ ਦਿੱਤੇ ਜਾਣਗੇ ਜਿਨ੍ਹਾਂ ਦੀ ਆਮਦਨ ਸੀ, ਪਰ ਉਨ੍ਹਾਂ ਲੋਕਾਂ ਨੂੰ ਕੁਝ ਵੀ ਨਹੀਂ ਦਿੱਤਾ ਜਾਵੇਗਾ ਜਿਨ੍ਹਾਂ ਨੂੰ ਅਸਲ 'ਚ ਇਸ ਦੀ ਲੋੜ ਹੈ। ਪਿਛਲੇ ਸਤੰਬਰ ਤੋਂ ਹਾਊਸ ਵਿੱਚ ਪਾਰਲੀਮੈਂਟ ਦੀ ਕਾਰਵਾਈ ਰੁਕੀ ਹੋਈ ਹੈ।ਕਿਉਂਕਿ ਕਨਜ਼ਰਵੇਟਿਵਜ਼ ਨੇ ਕਿਹਾ ਹੈ ਕਿ ਜਦ ਤੱਕ ਸਰਕਾਰ ਹਰੇਕ ਤਕਨੀਕੀ ਫੰਡ ਬਾਰੇ ਪਾਰਦਰਸ਼ਤਾ ਨਹੀਂ ਪ੍ਰਗਟ ਕਰਦੀ, ਉਹ ਫਿਲੀਬਸਟਰ ਕਰਦੇ ਰਹਿਣਗੇ। ਐਨਡੀਪੀ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਉਹ ਜੀਐਸਟੀ ਛੁੱਟੀ ਦੇ ਲਾਗੂ ਕਰਨ ਲਈ ਪਾਰਲੀਮੈਂਟ ਵਿੱਚ ਪਾਰਲੀਮੈਂਟ ਦੀ ਕਲੀਅਰੈਂਸ ਦੇ ਲਈ ਤਿਆਰ ਹਨ, ਪਰ ਉਹ ਇਸ ਪਲਾਨ ਨੂੰ ਸਮਰਥਨ ਦੇਣ ਤੋਂ ਪਹਿਲਾਂ ਇਹ ਯਕੀਨੀ ਬਣਾਉਣ ਚਾਹੁੰਦੇ ਹਨ ਕਿ ਰੀਬੇਟ ਦੀ ਯੋਗਤਾ ਵਿੱਚ ਵਾਧਾ ਕੀਤਾ ਜਾਵੇ। This report was written by Ekjot Singh as part of the Local Journalism Initiative.

# ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਨਤਮਸਤਕ ਹੋਏ ਕੈਬਨਿਟ ਮੰਤਰੀ ਜਗਰੂਪ ਬਰਾੜ

ਸਰੀ, (ਸੁਰਿੰਦਰ ਸਿੰਘ ਜੱਬਲ): ਸਰੀ ਦੇ ਹਲਕਾ ਸਰੀ-ਫਲੀਟਵੁੱਡ ਤੋਂ ਕਮਿਊਨਿਟੀ ਵਿਚ ਜਾਣੇ ਪਹਿਚਾਣੇ ਜਗਰੂਪ ਬਰਾੜ ਵਿਧਾਇਕ ਚੁਣੇ ਜਾਣ ਪਿਛੋਂ ਬ੍ਰਿਟਿਸ਼ ਕੋਲੰਬੀਆ ਦੇ ਮਾਨਯੋਗ ਪ੍ਰੀਮੀਅਰ ਡੇਵਿਡ ਈਬੀ ਦੀ ਸਰਕਾਰ ਵਿਚ Mining and Critical Minerals ਦੇ ਮੰਤਰੀ ਬਨਣ ਉਪਰੰਤ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਚ ਨਤਮਸਤਕ ਹੋਏ।ਸਤਿਕਾਰਯੋਗ ਜਗਰੂਪ ਬਰਾੜ ਨੇ ਹਲਕਾ ਸਰੀ-ਫਲੀਟਵੁੱਡ ਦੇ ਵੋਟਰਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਪੂਰੀ ਤਨਦੇਹੀ ਨਾਲ ਇਹ ਜਿੰਮੇਵਾਰੀ ਨਿਭਾਉਣਗੇ ਅਤੇ ਉਨ੍ਹਾਂ ਦੀ




ਕੰਨਸਟੀਚੀਊਸ਼ਨ ਸਰੀ-ਫਲੀਟਵੁੱਡ ਦੇ ਦਰਵਾਜ਼ੇ ਸਾਰਿਆਂ ਵਾਸਤੇ ਹਮੇਸ਼ਾ ਖੁਲ੍ਹੇ ਰਹਿਣਗੇ।ਜਗਰੂਪ ਬਰਾਰ ਦੇ ਕੈਬਨਿਟ ਮਨਿਸਟਰ ਬਨਣ ਦੀ ਖੁਸ਼ੀ ਤੇ ਪ੍ਰਬੰਧਕ ਕਮੇਟੀ ਵਲੋਂ ਵਧਾਈਆਂ ਪੇਸ਼ ਕੀਤੀਆਂ ਗਈਆਂ ਅਤੇ ਸਿਰੋਪਾ ਦੇ ਕੇ ਸਨਮਾਨ ਕੀਤਾ ਗਿਆ।ਬਰਾਰ ਸਾਹਿਬ ਨੇ ਸੰਗਤ ਵਿਚ ਬੈਠ ਕੇ ਲੰਗਰ ਵੀ ਛਕਿਆ ਤੇ ਚਹੇਤਿਆਂ ਤੋਂ ਵਧਾਈਆਂ ਲੈਣ ਦੇ ਨਾਲ ਨਾਲ ਦਰਪੇਸ਼ ਮੁਦਿਆਂ ਤੇ ਸੰਵਾਦ ਵੀ ਕੀਤਾ। ਯਾਦ ਰਹੇ ਕਿ ਪਿਛਲੀ ਕੈਬਨਿਟ ਵਿਚ ਤਕਰੀਬਨ ਦੋ ਸਾਲ 7 ਦਸੰਬਰ 2022 ਤੋਂ 18 ਨਵੰਬਰ 2024 ਤੀਕ ਜਗਰੂਪ ਬਰਾੜ Minister of State for Trade ਵੀ ਰਹਿ ਚੁੱਕੇ ਹਨ।



SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1



ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ



ਜਸਬੀਰ-ਸਿੰਘ-ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600



ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...



Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

# ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।

**ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।**

- ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।
- ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।
- ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

**ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।**




BRITISH COLUMBIA

HealthyHabitsBC.ca


# ਸਿੱਖ ਅਕੈਡਮੀ ਐਲੀਮੈਂਟਰੀ ਸਕੂਲ ਸਰੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਲਾਨਾ ਧਾਰਮਿਕ ਸਮਾਗਮ













# ਸਿੱਖ ਅਕੈਡਮੀ ਐਲੀਮੈਂਟਰੀ ਸਕੂਲ ਸਰੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਲਾਨਾ ਧਾਰਮਿਕ ਸਮਾਗਮ



ਸਰੀ, (ਏਕਜੋਤ ਸਿੰਘ): ਲੋਅਰਮੇਨਲੈਂਡ ਦੀ ਇੱਕ ਜਾਣੀ-ਪਛਾਣੀ ਸ਼ਖਸੀਅਤ ਸਵਰਗੀਏਂ ਸ. ਹਾਕਮ ਸਿੰਘ ਢੀਂਡਸਾ ਦੀ ਯਾਦ ਵਿੱਚ "ਸਿੱਖ ਅਕੈਡਮੀ ਐਲੀਮੈਂਟਰੀ ਸਕੂਲ" ਪਿਛਲੇ 15 ਸਾਲਾਂ ਤੋਂ ਇੱਕ ਉੱਚ ਪੱਧਰੀ ਵਿਦਿਅਕ ਅਦਾਰੇ ਦੇ ਰੂਪ ਵਿੱਚ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਵੰਬਰ 2021-22 ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੂਰਬ ਨੂੰ ਸਮਰਪਿਤ ਇੱਕ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦੇ ਆਖਰੀਲੇ ਦਿਨ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਕੂਲ ਦੇ ਨਵੇਂ ਬਣੇ ਐਕਟਿੰਗ ਪ੍ਰਿੰਸੀਪਲ ਸ. ਅਮਰੀਕ ਸਿੰਘ ਫੁੱਲ ਵੱਲੋਂ ਆਪਣੇ ਸਵਾਗਤੀ ਭਾਸ਼ਣ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਜਿਸ ਵਿੱਚ ਸਭ ਤੋਂ ਪਹਿਲਾ ਸਕੂਲ ਦੇ ਧਾਰਮਿਕ ਅਧਿਆਪਕਾਂ ਰਾਜਵਿੰਦਰ ਕੌਰ ਬੱਲ, ਗੁਰਦੀਪ ਕੌਰ ਰੋਮਾਣਾ ਅਤੇ ਭੁਪਿੰਦਰ ਸਿੰਘ ਡਡਿਆਲ ਦੇ ਕੇ. ਜੀ. ਅਤੇ ਗਰੇਡ ਪਹਿਲੀ ਦੇ ਵਿਦਿਆਰਥੀਆਂ ਨੇ ਆਪਣੀ ਹਾਜ਼ਰੀ ਲਗਵਾਈ। ਦੋ ਘੰਟੇ ਤੱਕ ਲਗਾਤਾਰ ਚੱਲੇ ਕੀਰਤਨ ਦਰਬਾਰ ਵਿੱਚ ਅਮਰੀਕ ਸਿੰਘ ਫੁੱਲ, ਭੁਪਿੰਦਰ ਸਿੰਘ ਡਡਿਆਲ ਅਤੇ ਭੁਪਿੰਦਰ ਸਿੰਘ (ਤਬਲਾ ਟੀਚਰ) ਦੇ ਵਿਦਿਆਰਥੀਆਂ ਨੇ ਹਾਰਮਨੀਅਮ ਤੰਤੀ ਸਾਜਾਂ ਨਾਲ ਕੀਰਤਨ ਕਰਕੇ ਅਤੇ ਤਬਲਾ ਵਾਦਨ ਕਰਕੇ ਬੜਾ ਹੀ ਸੁਰੀਲਾ ਮਾਹੌਲ ਸਿਰਜਿਆ। ਸਿੱਖ ਅਕੈਡਮੀ ਦੇ ਬੋਰਡ ਡਾਇਰੈਕਟਰ ਹਰਮਿੰਦਰ ਸਿੰਘ ਸਿੱਧੂ ਅਤੇ ਸੰਸਥਾ ਦੀ ਮੁੱਖੀ ਬੀਬੀ ਅਮਨ ਕੌਰ ਢੀਡਸਾ ਨੇ ਸਮੂਹਿਕ ਤੌਰ 'ਤੇ ਧੰਨਵਾਦ ਕਰਦਿਆਂ ਵਿਸ਼ੇਸ਼ ਸੱਦੇ ਤੇ ਆਏ ਵੈਨਕੂਵਰ ਦੀ ਜਾਣੀ ਪਹਿਚਾਣੀ ਸਖਸ਼ੀਅਤ ਸ. ਗਿਆਨ ਸਿੰਘ ਸੰਧੂ ਨੂੰ ਸਟੇਜ ਤੇ ਬੁਲਾਇਆ। ਜਿਹਨਾਂ ਨੇ ਬੱਚਿਆਂ ਅਤੇ ਮਾਪਿਆਂ ਨਾਲ ਵਡਮੁੱਲੇ ਵਿਚਾਰ ਸਾਂਝੇ ਕੀਤੇ। ਸਕੂਲ ਦੇ ਪ੍ਰੰਬਧਕੀ ਬੋਰਡ ਵੱਲੋਂ ਗਿਆਨ ਸਿੰਘ ਸੰਧੂ ਜੀ ਦੇ ਵਿਸ਼ੇਸ਼ ਸਨਮਾਨ ਦੇ ਨਾਲ ਨਾਲ ਪੰਜਾਬ ਗਾਰਡੀਅਨ ਅਖ਼ਬਾਰ ਦੇ ਐਡੀਟਰ ਸ. ਹਰਕੀਰਤ ਸਿੰਘ ਕੁਲਾਰ, ਗੁਰਸੇਵ ਸਿੰਘ ਪੰਧੇਰ ਅਤੇ ਕੈਨੇਡੀਅਨ ਪੰਜਾਬ ਟਾਈਮਜ਼ ਅਤੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸ. ਅਮਰਪਾਲ ਸਿੰਘ ਜੀ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਅਧਿਆਪਕਾਂ ਮਿਸ ਬਲਜੀਤ ਔਲਖ ਦੇ ਵਿਦਿਆਰਥੀ ਅਗਮਜੋਤ ਕੌਰ ਅਤੇ ਦਕਸ਼ਦੀਪ ਸਿੰਘ ਵੱਲੋਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਸਕੂਲ ਦੀ ਮਾਪੇ ਸਲਾਹਕਾਰ ਕਮੇਟੀ ਨੇ ਗਰੇਡਾਂ ਦੇ ਵਿਦਿਆਰਥੀਆਂ ਅਤੇ ਹੋਰ ਮਾਪਿਆਂ ਨਾਲ ਮਿਲਕੇ ਤਿੰਨੇ ਦਿਨ ਲੰਗਰ ਦੀਆ ਸੇਵਾਵਾਂ ਕੀਤੀਆਂ। ਸਾਰਾ ਸਮਾਗਮ ਸਫਲਤਾਪੂਰਵਕ ਨੇਪਰੇ ਚੜਿਆ ਅਤੇ ਆਪਣੀ ਅਮਿੱਟ ਛਾਪ ਛੱਡ ਗਿਆ। This report was written by Ekjot Singh as part of the Local Journalism Initiative.

ਸਬੰਧਤ ਫੋਟੋਆਂ ਵੇਖੋ ਸਫ਼ਾ 4 'ਤੇ

# ਕੈਨੇਡਾ ਵਿੱਚ ਆਰਗੈਨਿਕ ਗਾਜਰਾਂ ਵਿੱਚ E.coil ਬੈਕਟੀਰੀਆ ਮਿਲਿਆ, ਵਧੇਰੀ ਰਿਕਾਲ ਕੀਤੀ ਗਈ ਜਾਰੀ

ਔਟਵਾ : ਕੈਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ ਨੇ ਆਰਗੈਨਿਕ ਗਾਜਰਾਂ ਵਿੱਚ E.coil O121 ਬੈਕਟੀਰੀਆ ਦੇ ਸੰਕਰਮਣ ਦੇ ਖ਼ਤਰੇ ਕਾਰਨ ਆਪਣੇ ਰਿਕਾਲ ਨੋਟਿਸ ਨੂੰ ਹੋਰ ਵਧਾ ਦਿੱਤਾ ਹੈ। ਇਸ ਨਵੇਂ ਐਲਾਨ ਵਿੱਚ ਕੈਲ-ਆਰਗੈਨਿਕ ਜੂਸ ਗਾਜਰ (11.34 ਕਿਲੋਗ੍ਰਾਮ ਪੈਕੇਜ) ਨੂੰ ਵੀ ਸ਼ਾਮਲ ਕੀਤਾ ਗਿਆ ਹੈ। CFIA ਨੇ ਪਹਿਲਾਂ 18 ਨਵੰਬਰ ਨੂੰ ਕੁਝ ਆਰਗੈਨਿਕ ਗਾਜਰਾਂ ਦੀਆਂ ਬ੍ਰਾਂਡਾਂ ਨੂੰ ਰਿਕਾਲ ਕਰਨ ਦਾ ਐਲਾਨ ਕੀਤਾ ਸੀ। ਇਹ ਐਲਾਨ E.coil ਦੇ ਕਾਰਨ ਹੋਏ ਇੱਕ ਸੰਕਰਮਣ ਦੇ ਮਾਮਲੇ ਤੋਂ ਬਾਅਦ ਕੀਤਾ ਗਿਆ ਸੀ। ਇਹ ਸੰਕਰਮਣ ਕੈਨੇਡਾ ਅਤੇ ਅਮਰੀਕਾ ਦੋਵਾਂ ਵਿੱਚ ਵੰਡੀਆਂ ਗਈਆਂ ਗਾਜਰਾਂ ਨਾਲ ਜੁੜਿਆ ਸੀ, ਜਿਸ ਕਾਰਨ ਅਮਰੀਕਾ ਵਿੱਚ ਇੱਕ ਮੌਤ ਅਤੇ ਘੱਟੋ-ਘੱਟ 39 ਲੋਕ ਬੀਮਾਰ ਹੋ ਗਏ।

ਰਿਕਾਲ ਵਿੱਚ ਹੁਣ ਜਿਨ੍ਹਾਂ ਬ੍ਰਾਂਡਾਂ ਨੂੰ ਸ਼ਾਮਲ ਕੀਤਾ ਗਿਆ ਹੈ, ਉਹ ਹਨ: ਬਨੀ-ਲਵ (Bunny-Luv), ਕੈਲ-ਆਰਗੈਨਿਕ (Cal-Orgainc), ਕੰਪਲੀਮੈਂਟਸ ਆਰਗੈਨਿਕ (Compilments Orgainc), ਪੀਸੀ ਆਰਗੈਨਿਕਸ (PC Orgaincs) ਇਸ ਦੇ ਨਾਲ ਹੀ ਹੋਲ ਫੂਡਸ ਦੁਆਰਾ ਵੇਚੇ ਗਏ 365 'ਹੋਲਏ ਢੋਦਸ ੰਓਰਕਣਟ ਆਰਗੈਨਿਕ ਗਾਜਰਾਂ ਨੂੰ ਵੀ ਰਿਕਾਲ ਕੀਤਾ ਗਿਆ ਹੈ। CFIA ਦਾ ਕਹਿਣਾ ਹੈ ਕਿ E.coil O121 ਨਾਲ ਸੰਕਰਮਿਤ ਭੋਜਨ ਨੂੰ ਵੇਖਣ ਜਾਂ ਸੁੰਘਣ ਨਾਲ ਪਤਾ ਨਹੀਂ ਲੱਗਦਾ, ਪਰ ਇਹ ਬਿਮਾਰ ਕਰ ਸਕਦਾ ਹੈ। ਇਸ ਦੇ ਲੱਛਣਾਂ ਵਿੱਚ ਮਲਿਸ਼ਟ ਪੇਟ ਦਰਦ, ਮਤਲਬ, ਉਲਟੀ, ਪੇਟ ਦੀ ਖਰਾਬੀ ਅਤੇ ਖ਼ੂਨ ਵਾਲਾ ਦਸਤ ਸ਼ਾਮਲ ਹੈ। ਕੁਝ ਮਾਮਲਿਆਂ ਵਿੱਚ ਬੀਮਾਰੀ ਗੰਭੀਰ ਰੂਪ ਧਾਰ ਲੈਂਦੀ ਹੈ, ਜਿਵੇਂ ਕਿ ਦਿਲ ਦੇ ਦੌਰੇ, ਦਿਮਾਗੀ ਝਟਕੇ, ਖ਼ੂਨ ਦੀ ਲੋੜ ਜਾਂ ਕਿਡਨੀ ਦੀ ਸਥਾਈ ਖਰਾਬੀ। ਗੰਭੀਰ ਮਾਮਲਿਆਂ ਵਿੱਚ ਮੌਤ ਵੀ ਹੋ ਸਕਦੀ ਹੈ। ਕੈਨੇਡਾ ਵਿੱਚ ਹਾਲਾਂਕਿ ਅਜੇ ਤੱਕ ਕਿਸੇ ਮੌਤ ਦੀ ਪੁਸ਼ਟੀ ਨਹੀਂ ਹੋਈ, ਪਰ ਛਢੀਅ ਨੇ ਕਿਹਾ ਹੈ ਕਿ ਇਹ ਮਾਮਲੇ ਦੀ ਗਹਿਰਾਈ ਨਾਲ ਜਾਂਚ ਜਾਰੀ ਰੱਖੀ ਜਾ ਰਹੀ ਹੈ ਅਤੇ ਹੋਰ ਉਤਪਾਦਾਂ ਨੂੰ ਵੀ ਰਿਕਾਲ ਕੀਤਾ ਜਾ ਸਕਦਾ ਹੈ। CFIA ਨੇ ਜਨਤਾ ਨੂੰ ਸਲਾਹ ਦਿੱਤੀ ਹੈ ਕਿ ਉਹ ਇਸ ਸੂਚੀ ਵਿੱਚ ਆਉਣ ਵਾਲੇ ਕਿਸੇ ਵੀ ਉਤਪਾਦ ਨੂੰ ਨਾ ਵਰਤਣ। ਕਿਉਂਕਿ ਇਸ ਨਾਲ ਸਿਹਤ ਸੰਬੰਧੀ ਗੰਭੀਰ ਮਸਲੇ ਹੋ ਸਕਦੇ ਹਨ।

HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ
Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION
Criminal Law
» Assault Charges
» Drug Charges
» Theft/Fraud
» Uttering Threats
» Driving Offences
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Divorces Probate
All kind of Notary Services
NARINDER RISHI
Barrister, Solicitor & Notary Public
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)

NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।
BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)





# ਮੈਨੀਟੋਬਾ-ਅਮਰੀਕਾ ਸਰਹੱਦ 'ਤੇ ਹੋਈ ਪਰਿਵਾਰ ਦੀ ਮੌਤ ਦੇ ਮਾਮਲੇ 'ਚ ਦੋ ਵਿਅਕਤੀ ਮਨੁੱਖੀ ਤਸਕਰੀ ਦੇ ਦੋਸ਼ੀ ਕਰਾਰ

ਸਰੀ, (ਏਕਜੋਤ ਸਿੰਘ) : ਮੈਨੀਟੋਬਾ ਦੀ ਅਦਾਲਤ ਨੇ 2022 ਵਿੱਚ ਮੈਨੀਟੋਬਾ-ਅਮਰੀਕਾ ਸਰਹੱਦ 'ਤੇ ਹੋਈ ਚਾਰ ਭਾਰਤੀ ਪਰਿਵਾਸੀਆਂ ਦੀ ਮੌਤ ਦੇ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਮਨੁੱਖੀ ਤਸਕਰੀ ਦੇ ਦੋਸ਼ਾਂ 'ਚ ਦੋਸ਼ੀ ਕਰਾਰ ਦਿੱਤਾ ਹੈ। ਸਟੀਵ ਸ਼ੈਂਡ ਅਤੇ ਹਰਸ਼ਕੁਮਾਰ ਪਟੇਲ ਨੂੰ ਚਾਰ ਮੁੱਖ ਦੋਸ਼ਾਂ ਵਿੱਚ ਦੋਸ਼ੀ ਪਾਇਆ ਗਿਆ, ਜਿਨ੍ਹਾਂ ਵਿੱਚ ਵਿਦੇਸ਼ੀਆਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਲਿਆਂਦਾ ਅਤੇ ਸਰਹੱਦ ਪਾਰ ਕਰਵਾਉਣ ਦੀ ਸਾਜ਼ਿਸ਼ ਸ਼ਾਮਲ ਹੈ।

ਅਮਰੀਕੀ ਅਧਿਕਾਰੀਆਂ ਮੁਤਾਬਕ ਇਹ ਦੋਵੇਂ ਵਿਅਕਤੀ ਇੱਕ ਅਜਿਹੇ ਗਿਰੋਹ ਦੇ ਸਦੱਸ ਸਨ, ਜੋ ਭਾਰਤੀ ਨਾਗਰਿਕਾਂ ਨੂੰ ਕੈਨੇਡਾ ਲਿਆ ਕੇ ਉਨ੍ਹਾਂ ਨੂੰ ਪੈਦਲ ਅਮਰੀਕਾ ਵੱਲ ਭੇਜ ਦਿੰਦੇ ਸਨ। ਦਸੰਬਰ 2021 ਤੋਂ ਜਨਵਰੀ 2022 ਤੱਕ ਉਨ੍ਹਾਂ ਨੇ ਕਈ ਤਸਕਰੀ ਦਾਅਵਾਂ ਅੰਜਾਮ ਦਿੱਤੇ।

ਜਨਵਰੀ 2022 ਵਿੱਚ -35 ਡਿਗਰੀ ਤਾਪਮਾਨ ਅਤੇ ਸਖ਼ਤ ਠੰਡ ਦੌਰਾਨ, ਮੈਨੀਟੋਬਾ ਵਿੱਚ ਅਮਰੀਕਾ ਸਰਹੱਦ ਦੇ ਨਜ਼ਦੀਕ ਖੁੱਲ੍ਹੇ ਮੈਦਾਨ ਵਿੱਚ ਜਗਦੀਸ਼ ਪਟੇਲ (39), ਉਸ ਦੀ ਪਤਨੀ ਵੈਸ਼ਾਲੀਬੇਨ (37), 11 ਸਾਲ ਦੀ ਬੇਟੀ ਵਿਹਾਂਗੀ ਅਤੇ 3 ਸਾਲ ਦਾ ਧਾਰਮਿਕ ਮਰੇ ਹੋਏ ਮਿਲੇ।





ਇਹ ਪਰਿਵਾਰ ਕੈਨੇਡਾ ਰਾਹੀਂ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਪ੍ਰਵੇਸ਼ ਦੀ ਕੋਸ਼ਿਸ਼ ਕਰ ਰਿਹਾ ਸੀ। ਅਧਿਕਾਰੀਆਂ ਦੇ ਮੁਤਾਬਕ, ਪਟੇਲ ਮਜ਼ਦੂਰਾਂ ਨੂੰ ਕੈਨੇਡਾ ਲਿਆਉਣ ਦਾ ਪ੍ਰਬੰਧ ਕਰਦਾ ਸੀ, ਜਦਕਿ ਸ਼ੈਂਡ ਉਨ੍ਹਾਂ ਨੂੰ ਵਾਹਨਾਂ ਵਿੱਚ ਬਿਠਾ ਕੇ ਅਮਰੀਕਾ ਦੇ ਸ਼ਹਿਰਾਂ ਵਿੱਚ ਲਿਜਾਣ ਦਾ ਪ੍ਰਬੰਧ ਕਰਦਾ ਸੀ। ਸ਼ੈਂਡ ਨੂੰ 19 ਜਨਵਰੀ 2022 ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਦਕਿ ਉਸ ਦੀ ਵੈਨ ਵਿੱਚ ਦੋ ਹੋਰ ਪ੍ਰਵਾਸੀ ਮਿਲੇ ਸਨ।

ਅਦਾਲਤ ਵਿੱਚ ਪੇਸ਼ ਕੀਤੇ ਗਏ ਮੈਸੇਜਾਂ ਅਤੇ ਕਾਲ ਰਿਕਾਰਡਾਂ ਦੌਰਾਨ ਇਹ ਸਪੱਸ਼ਟ ਹੋਇਆ ਕਿ ਗਿਰੋਹ ਨੇ ਸਰਹੱਦ ਦੇ ਵਿਸ਼ੇਸ਼ ਖੇਤਰਾਂ ਦੀ ਚੋਣ ਕੀਤੀ, ਜਿੱਥੇ ਪ੍ਰਵਾਸੀ ਬਰਫੀਲੇ ਹਾਲਾਤ ਵਿੱਚ ਅਮਰੀਕਾ ਵਿੱਚ ਦਾਖ਼ਲ ਹੋ ਸਕਦੇ ਸਨ। ਕਈ ਮੈਸੇਜਾਂ ਵਿੱਚ ਪ੍ਰਵਾਸੀਆਂ ਨੂੰ ਲਿਜਾਣ ਦੀ ਕੀਮਤ ਅਤੇ ਵਾਹਨਾਂ ਦੇ ਪ੍ਰਬੰਧ ਦੀ ਜਾਣਕਾਰੀ ਮਿਲੀ। ਯੂਐਸ ਅਟਾਰਨੀ ਐਂਡਰੂ ਲੂਗਰ ਨੇ ਕਿਹਾ, "ਇਸ ਮੁਕੱਦਮੇ ਨੇ ਮਨੁੱਖੀ ਤਸਕਰੀ ਦੀ ਨਿਰਦਈ ਹਕੀਕਤ ਨੂੰ ਬੇਨਕਾਬ ਕੀਤਾ ਹੈ। ਇਹ ਅਪਰਾਧਿਕ ਸੰਗਠਨ ਲਾਭ ਅਤੇ ਲਾਲਚ ਨੂੰ ਮਨੁੱਖੀ ਜ਼ਿੰਦਗੀ ਤੋਂ ਉਪਰ ਰੱਖਦੇ ਹਨ।"

ਇਹ ਕੇਸ ਮਨੁੱਖੀ ਤਸਕਰੀ ਅਤੇ ਅੰਤਰਰਾਸ਼ਟਰੀ ਸਰਹੱਦਾਂ ਵਿੱਚ ਜ਼ਿੰਦਗੀ ਦੇ ਖਤਰੇ ਬਾਰੇ ਚੇਤਾਵਨੀ ਹੈ, ਜਿਸ ਨੇ ਕਈ ਪਰਿਵਾਰਾਂ ਦੀ ਜ਼ਿੰਦਗੀ ਨੂੰ ਖਤਮ ਕਰ ਦਿੱਤਾ। This report was written by Ekjot Singh as part of the Local Journalism Initiative.

# 2 ਬਿਲੀਅਨ ਰੁੱਖ ਲਗਾਉਣ ਦੇ ਟੀਚੇ ਨੂੰ ਪੂਰਾ ਨਹੀਂ ਕਰ ਸਕੀ ਫੈਡਰਲ ਸਰਕਾਰ

**ਸਰੀ, (ਏਕਜੋਤ ਸਿੰਘ) :** ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ 2 ਬਿਲੀਅਨ ਰੁੱਖ ਲਗਾਉਣ ਦੇ ਵਚਨ ਨੂੰ ਪੂਰਾ ਕਰਨ ਵਿੱਚ ਮਸ਼ਕਲਾਂ ਆ ਰਹੀਆਂ ਹਨ। ਨੈਚਰਲ ਰਿਸੋਰਸੇਜ਼ ਕੈਨੇਡਾ ਦੇ ਅੰਕੜੇ ਦਰਸਾਉਂਦੇ ਹਨ ਕਿ 2023-24 ਦੇ ਸੀਜ਼ਨ ਦੌਰਾਨ ਸਰਕਾਰ ਆਪਣਾ ਟੀਚਾ ਪੂਰਾ ਨਹੀਂ ਕਰ ਸਕੀ। ਇਸ ਸੀਜ਼ਨ ਵਿੱਚ 60 ਮਿਲੀਅਨ ਰੁੱਖ ਲਗਾਉਣ ਦੀ ਯੋਜਨਾ ਬਣਾਈ ਗਈ ਸੀ, ਪਰ ਸਿਰਫ਼ 46.6 ਮਿਲੀਅਨ ਰੁੱਖ ਹੀ ਲਗਾਏ ਗਏ।

ਕੈਨੇਡਾ ਦੇ ਕੁਦਰਤੀ ਸਰੋਤ ਮੰਤਰੀ ਜੌਨਾਥਨ ਵਿਲਕਿਨਸਨ ਦੇ ਦਫਤਰ ਨੇ ਹਾਲਾਤ ਬਾਵਜੂਦ ਟੀਚੇ ਨੂੰ ਪੂਰਾ ਕਰਨ ਦਾ ਵਿਸ਼ਵਾਸ ਜਤਾਇਆ ਹੈ। ਉਨ੍ਹਾਂ ਦੀ ਪ੍ਰੈੱਸ ਸਕੱਤਰ ਸਿੰਡੀ ਕੈਟਿਊਰੋ ਨੇ ਕਿਹਾ, "ਅਸੀਂ 2 ਬਿਲੀਅਨ ਰੁੱਖ ਲਗਾਉਣ ਦੇ ਰਾਹ 'ਤੇ ਹਾਂ। ਇਹ ਯੋਜਨਾ ਜਲਵਾਯੂ ਤਬਦੀਲੀ ਨਾਲ ਲੜਨ, ਬਾਇਓਡਾਇਵਰਸਿਟੀ ਨੂੰ ਵਧਾਉਣ ਅਤੇ ਨੌਕਰੀਆਂ ਪੈਦਾ ਕਰਨ ਦਾ ਮਹੱਤਵਪੂਰਨ ਹਿੱਸਾ ਹੈ।"

ਸਿੰਡੀ ਨੇ ਇਹ ਵੀ ਕਿਹਾ ਕਿ ਰੁੱਖ ਲਗਾਉਣ ਦੀ ਯੋਜਨਾ ਪੇਚੀਦਾ ਹੈ, ਜਿਸ ਵਿਚ ਬੀਜਾਂ ਇਕੱਠੇ ਕਰਨਾ, ਨਰਸਰੀਆਂ ਦਾ ਸੈੱਟਅਪ, ਅਤੇ



ਸਾਈਟਾਂ ਦੀ ਤਿਆਰੀ ਜਿਵੇਂ ਚੋਣਾਂ ਸ਼ਾਮਲ ਹਨ। ਉਨ੍ਹਾਂ ਨੇ ਉਮੀਦ ਜਤਾਈ ਕਿ ਆਉਣ ਵਾਲੇ ਸੀਜ਼ਨਾਂ ਵਿੱਚ ਪ੍ਰੋਗਰਾਮ ਦੀ ਰਫ਼ਤਾਰ ਤੇਜ਼ ਹੋਵੇਗੀ।

ਫੈਡਰਲ ਸਰਕਾਰ ਮੁੱਖ ਤੌਰ 'ਤੇ ਮਹਾਂਮਾਰੀ ਕਾਰਨ ਆਉਣ ਵਾਲੀਆਂ ਸਪਲਾਈ ਚੇਨ ਰੁਕਾਵਟਾਂ ਅਤੇ ਟ੍ਰੈਵਲ ਪਾਬੰਦੀਆਂ ਨੂੰ ਇਸ ਦੇ ਧੀਮੇ ਹੋਣ ਦਾ ਕਾਰਨ ਮੰਨ ਰਹੀ ਹੈ। ਫਿਰ ਵੀ 2021 ਤੋਂ ਲੈ ਕੇ ਹੁਣ ਤੱਕ 157.6 ਮਿਲੀਅਨ ਰੁੱਖ ਲਗਾਏ ਜਾ ਚੁੱਕੇ ਹਨ, ਜੋ ਕਿ ਨਿਰਧਾਰਤ ਟੀਚੇ 150 ਮਿਲੀਅਨ ਤੋਂ ਵੱਧ ਹਨ।

ਰੁੱਖ ਲਗਾਉਣ ਲਈ ਨਿਰਧਾਰਤ ਕੀਤੇ ਗਏ ਬਜਟ ਦੇ ਨਾਲੋਂ ਘੱਟ ਰਾਸ਼ੀ ਖਰਚੀ ਜਾ ਰਹੀ ਹੈ। 2023-24 ਵਿੱਚ $285 ਮਿਲੀਅਨ ਬਜਟ ਦੇ ਮੌਕੇ 'ਤੇ ਸਿਰਫ਼ $117.5 ਮਿਲੀਅਨ ਹੀ ਵਰਤੇ ਗਏ। ਇਹ ਪ੍ਰੋਗਰਾਮ ਜ਼ਿਆਦਾਤਰ ਸੂਬਿਆਂ, ਪ੍ਰਦੇਸ਼ਾਂ, ਮੂਲਨਿਵਾਸੀ ਭਾਈਚਾਰਿਆਂ, ਅਤੇ ਗੈਰ-ਲਾਭਕਾਰੀ ਸੰਸਥਾਵਾਂ ਦੀ ਸਹਾਇਤਾ ਨਾਲ ਅੱਗੇ ਵੱਧ ਰਿਹਾ ਹੈ।


2019 ਦੇ ਚੋਣ ਪ੍ਰਚਾਰ ਦੌਰਾਨ, ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਨੇ ਇਸ ਯੋਜਨਾ ਦਾ ਐਲਾਨ ਕੀਤਾ ਸੀ। ਇਹ 10 ਸਾਲਾਂ ਵਿੱਚ $3.2 ਬਿਲੀਅਨ ਦੀ ਰਾਸ਼ੀ ਨਾਲ ਸਹਿਯੋਗਤ ਹੈ। ਸਰਕਾਰ ਨੇ 716 ਮਿਲੀਅਨ ਹੋਰ ਰੁੱਖਾਂ ਦੀ ਪਲਾਂਟਿੰਗ ਲਈ ਸਮਝੌਤੇ ਕਰ ਲਏ ਹਨ।

2 ਬਿਲੀਅਨ ਦਾ ਟੀਚਾ ਹਾਸਲ ਕਰਨ ਲਈ ਸਰਕਾਰ ਕੋਲ ਹੁਣ ਸਿਰਫ਼ 7 ਸੀਜ਼ਨ ਬਾਕੀ ਹਨ। ਪ੍ਰੋਗਰਾਮ ਵਿੱਚ ਮੌਜੂਦਾ ਪ੍ਰਗਤੀ ਨੂੰ ਦੇਖਦੇ ਹੋਏ, ਅਗਲੇ ਕੁਝ ਸਾਲਾਂ ਵਿੱਚ ਰਫ਼ਤਾਰ ਨੂੰ ਤੇਜ਼ ਕਰਨਾ ਸਰਕਾਰ ਲਈ ਜ਼ਰੂਰੀ ਹੋਵੇਗਾ।

ਇਸ ਪ੍ਰੋਗਰਾਮ ਦਾ ਸਫਲ ਹੋਣਾ ਕੈਨੇਡਾ ਲਈ ਜਲਵਾਯੂ ਤਬਦੀਲੀ ਅਤੇ ਬਾਇਓਡਾਇਵਰਸਿਟੀ ਸੁਰੱਖਿਆ ਲਈ ਬਹੁਤ ਅਹਿਮ ਹੈ। ਹਾਲਾਂਕਿ, ਰੁਕਾਵਟਾਂ ਦੇ ਬਾਵਜੂਦ, ਸਰਕਾਰ ਨੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ ਹੈ। This report was written by Ekjot Singh as part of the Local Journalism Initiative.

# ਤਰਕਸ਼ੀਲ ਸੁਸਾਇਟੀ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ

**ਸਰੀ, (ਹਰਦਮ ਮਾਨ):** ਬੀਤੇ ਦਿਨੀਂ ਤਰਕਸ਼ੀਲ ਸੁਸਾਇਟੀ (ਰੈਸ਼ਨੇਲਿਸਟ) ਐਬਸਫੋਰਡ ਵੱਲੋਂ ਭਾਰਤ ਦੀ ਜੰਗ-ਏ-ਆਜ਼ਾਦੀ ਦੇ ਲਾਸਾਨੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਪ੍ਰਸਿੱਧ ਵਿਦਵਾਨ ਡਾ. ਸਾਧੂ ਸਿੰਘ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਇਨਕਲਾਬੀ ਜੀਵਨ ਦੀ ਬੀਰ-ਗਾਥਾ ਬਿਆਨ ਕਰਦਿਆਂ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਭਾਵੇਂ ਛੋਟੀ ਉਮਰੇ ਸ਼ਹਾਦਤ ਦਾ ਜਾਮ ਪੀ ਗਏ ਸਨ ਪਰ ਉਨ੍ਹਾਂ ਦਾ ਇਨਕਲਾਬੀ ਸਫ਼ਰ ਬਹੁਤ ਵਿਸ਼ਾਲ ਹੈ। ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਸਰਾਭਾ ਵੱਲੋਂ ਘਾਲੀ ਘਾਲਣਾ ਵੱਡਮੁੱਲੀ ਹੈ। ਉਨ੍ਹਾਂ ਕਿਹਾ ਕਿ ਲਾਲਾ ਹਰਦਿਆਲ, ਸੋਹਨ ਸਿੰਘ ਭਕਨਾਂ ਅਤੇ ਸਾਥੀਆਂ ਨਾਲ ਮਿਲ ਕੇ ਗ਼ਦਰ ਪਾਰਟੀ ਦੀ ਸਥਾਪਨਾ, ਗ਼ਦਰ ਅਖਬਾਰ ਦਾ ਪ੍ਰਕਾਸ਼ਨ, ਛਪਾਈ ਅਤੇ ਲੋਕਾਂ ਤੱਕ ਪਹੁੰਚਾਣ ਦਾ ਕੰਮ ਕਰਤਾਰ ਸਿੰਘ ਸਰਾਭਾ ਬਾਖੂਬੀ ਨਿਭਾਉਂਦੇ ਸਨ। ਡਾ. ਸਾਧੂ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਗ਼ਦਰ ਪਾਰਟੀ ਵਿਚ ਹਰ ਫਿਰਕੇ ਦੇ ਲੋਕ ਸ਼ਾਮਲ ਸਨ ਅਤੇ ਪਾਰਟੀ ਪੂਰੀ ਤਰਾਂ ਧਰਮ ਨਿਰਪੱਖ ਸੀ। ਉਨਾਂ ਸ਼ਹੀਦ ਸਰਾਭਾ ਵੱਲੋਂ ਗ਼ਦਰ ਲਈ ਭਾਰਤ ਵਿਚ ਜਾ ਕੇ ਕੀਤੇ ਇਨਕਲਾਬੀ ਕਾਰਜਾਂ ਅਤੇ ਨਿੱਡਰ ਹੋ ਕੇ ਫਾਂਸੀ 'ਤੇ ਚੜ੍ਹਨ ਦਾ ਪੂਰਾ ਬਿਰਤਾਂਤ ਬਾਖੂਬੀ ਬਿਆਨ ਕੀਤਾ।






ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਸੀਨੀਅਰ ਆਗੂ ਹਰਭਜਨ ਚੀਮਾ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀਆਂ ਦਾ ਨਿਆਂ ਆਧਾਰਤ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਅਜੇ ਅਧੂਰਾ ਹੈ ਅਤੇ ਉਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਇਨਕਲਾਬੀ ਰਾਹ 'ਤੇ ਚੱਲਣ ਦਾ ਹੋਕਾ ਦਿੱਤਾ। ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਮਾਨ ਨੇ ਭੂਤਾਂ, ਪ੍ਰੇਤਾਂ ਅਤੇ ਗੈਬੀ ਸ਼ਕਤੀਆਂ ਦਾ ਵਿਗਿਆਨਕ ਵਿਸ਼ਲੇਸ਼ਣ ਬਹੁਤ ਵਿਸਥਾਰ ਅਤੇ ਡੂੰਘਾਈ ਨਾਲ ਕੀਤਾ। ਯੂਨੀਵਰਸਿਟੀ ਆਫ ਨੌਰਦਨ ਬ੍ਰਿਟਿਸ਼ ਕੋਲੰਬੀਆ ਪ੍ਰਿੰਸ ਜੌਰਜ ਦੇ ਇਕਨੌਮਿਕਸ ਡਿਪਾਰਟਮੈਂਟ ਦੇ ਸੇਵਾ ਮੁਕਤ ਪ੍ਰੋਫੈਸਰ ਡਾ. ਅਮਰਜੀਤ ਭੁੱਲਰ ਨੇ 'ਆਰਟੀਫੀਸ਼ਲ ਇੰਟੈਲੀਜੈਂਸ' ਦੇ ਸਮਾਜ ਤੇ ਪੈ ਰਹੇ ਅਤੇ ਪੈਣ ਵਾਲੇ ਘਾਤਕ ਅਸਰਾਂ ਤੋਂ ਲੋਕਾਂ ਨੂੰ ਸੁਚੇਤ ਕੀਤਾ। ਉਨ੍ਹਾਂ ਖ਼ਦਸ਼ਾ ਪ੍ਰਗਟ ਕੀਤਾ ਕਿ ਇਸ ਮਾਧਿਅਮ ਦੀ ਸਹਾਇਤਾ ਨਾਲ ਵਿਸ਼ਵ ਦੇ ਮੌਜੂਦਾ ਵਿਦਿਅਕ ਢਾਂਚੇ ਨੂੰ ਤਹਿਸ ਨਹਿਸ ਕਰਨ ਦੀਆਂ ਗੋਦਾਂ ਗੁੰਦੀਆਂ ਜਾ ਰਹੀਆਂ ਹਨ। ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਕੌਮੀ ਸਕੱਤਰ ਜਗਰੂਪ ਧਾਲੀਵਾਲ ਅਤੇ ਸੀਨੀਅਰ ਆਗੂ ਸਾਧੂ ਸਿੰਘ ਝੋਰੜਾਂ ਨੇ ਖਰਾਬ ਮੌਸਮ ਦੇ ਬਾਵਜੂਦ ਸਰਾਭਾ ਦੇ ਸ਼ਹੀਦੀ ਦਿਹਾੜੇ 'ਤੇ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ।

# ਰੀਅਰ-ਵਿਊ ਕੈਮਰੇ ਦੀ ਤਕਨੀਕੀ ਖਰਾਬੀ ਕਾਰਨ ਹੁੰਡਾਈ ਨੇ 48,509 ਵਾਹਨਾਂ ਨੂੰ ਕੀਤਾ ਰੀਕਾਲ

ਔਟਵਾ : ਹੁੰਡਾਈ ਨੇ ਕੈਨੇਡਾ ਵਿਚ 48,509 ਸ਼ੂੜ ਅਤੇ ਛੋਟੀਆਂ ਕਾਰਾਂ ਨੂੰ ਰੀਕਾਲ ਕੀਤਾ ਹੈ। ਇਸ ਦਾ ਕਾਰਨ ਰੀਅਰ-ਵਿਊ ਕੈਮਰੇ ਦੇ ਦ੍ਰਿਸ਼ ਨੂੰ ਸਕ੍ਰੀਨ 'ਤੇ ਨਾ ਦੇਖ ਪਾਣਾ ਹੈ, ਜਿਸ ਕਾਰਨ ਵਾਹਨਾਂ ਦੀ ਸੁਰੱਖਿਆ ਪ੍ਰਭਾਵਿਤ ਹੋ ਸਕਦੀ ਹੈ। ਰੀਕਾਲ ਕੀਤੇ ਗਏ ਵਾਹਨਾਂ ਵਿੱਚ 2021 ਅਤੇ 2022 ਮਾਡਲ ਦੀਆਂ ਸਾਂਟਾ ਫੀ ਅਤੇ ਇਲਾਂਟਰਾ ਗੱਡੀਆਂ ਸ਼ਾਮਲ ਹਨ। ਹੁੰਡਾਈ ਕੈਨੇਡਾ ਦੇ ਬੁਲਾਰੇ ਨੇ ਕਿਹਾ ਹੈ ਕਿ ਇਸ ਸਮੱਸਿਆ ਕਾਰਨ ਕਿਸੇ ਵੀ ਹਾਦਸੇ ਜਾਂ ਸੱਟਾਂ ਦੀ ਪੁਸ਼ਟੀ ਨਹੀਂ ਹੋਈ ਹੈ। ਹਾਲਾਂਕਿ, ਇਹ ਨਕਾਮੀ ਵਾਹਨ ਦੀ ਸੁਰੱਖਿਆ ਖ਼ਤਮ ਕਰ ਸਕਦੀ ਹੈ। ਬੁਲਾਰੇ ਮੁਤਾਬਕ, ਰੀਅਰ-ਵਿਊ ਕੈਮਰੇ ਦੇ ਪ੍ਰਿੰਟ ਕੀਤੇ ਸਰਕਟ ਬੋਰਡ ਨੂੰ ਬਣਾਉਣ ਵਿੱਚ ਕੁਝ ਸੋਲਡਰ ਜੋੜਾਂ ਨਾਕਾਫ਼ੀ ਪਾਏ ਗਏ ਹਨ। ਇਹ ਜੋੜ ਸਮੇਂ ਦੇ ਨਾਲ ਟੁੱਟ ਸਕਦੇ ਹਨ, ਜਿਸ ਨਾਲ ਕੈਮਰਾ ਫੇਲ ਹੋ ਸਕਦਾ ਹੈ। ਇਸ ਦੀ ਵਜ੍ਹਾ ਨਾਲ ਪਿਛਲੇ ਪਾਸੇ ਦੇ ਦ੍ਰਿਸ਼ ਨੂੰ ਸਕ੍ਰੀਨ 'ਤੇ ਨਹੀਂ ਦੇਖਿਆ ਜਾ ਸਕਦਾ। ਹੁੰਡਾਈ ਨੇ ਅਮਰੀਕਾ ਵਿੱਚ ਵੀ 226,000 ਵਾਹਨਾਂ ਨੂੰ ਰੀਕਾਲ ਕੀਤਾ ਹੈ। ਇਹ ਨਕਾਮੀ ਪੈਦਲ ਚੱਲਣ ਵਾਲਿਆਂ ਨੂੰ ਸੱਟਾਂ ਦੇ ਜੋਖਮ ਨੂੰ ਵਧਾ ਸਕਦੀ ਹੈ ਅਤੇ ਕੈਨੇਡੀਅਨ ਮੋਟਰ ਵਾਹਨ ਸੁਰੱਖਿਆ ਮਿਆਰਾਂ ਨੂੰ ਪੂਰਾ ਨਹੀਂ ਕਰਦੀ।

ਹੁੰਡਾਈ ਨੇ ਸਾਰੇ ਪ੍ਰਭਾਵਿਤ ਵਾਹਨ ਮਾਲਕਾਂ ਨੂੰ ਸੂਚਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਉਹਨਾਂ ਨੂੰ ਕਿਹਾ ਗਿਆ ਹੈ ਕਿ ਆਪਣੇ ਵਾਹਨ ਹੁੰਡਾਈ ਡੀਲਰ ਕੋਲ ਲੈ ਜਾਵਣ ਤਾਂ ਜੋ ਰੀਅਰ-ਵਿਊ ਕੈਮਰੇ ਨੂੰ ਬਿਨਾਂ ਕਿਸੇ ਖਰਚੇ ਦੇ ਬਦਲਿਆ ਜਾ ਸਕੇ। ਮਾਲਕ ਆਪਣੇ ਵਾਹਨ ਪਛਾਣ ਨੰਬਰ ਨੂੰ recalls.hyundiacanada.com 'ਤੇ ਚੈੱਕ ਕਰ ਸਕਦੇ ਹਨ ਕਿ ਕੀ ਉਹਨਾਂ ਦੀ ਗੱਡੀ ਰੀਕਾਲ ਦੀ ਸੂਚੀ ਵਿੱਚ ਸ਼ਾਮਲ ਹੈ।

ਹੁੰਡਾਈ ਨੇ ਯੂਐਸ ਸੇਫਟੀ ਰੈਗੂਲੇਟਰਾਂ ਦੁਆਰਾ ਜਾਰੀ ਕੀਤੇ ਦਸਤਾਵੇਜ਼ਾਂ ਵਿੱਚ ਕਿਹਾ ਹੈ ਕਿ ਕੈਮਰੇ ਨਾਲ ਜੁੜੀ ਇਹ ਸਮੱਸਿਆ ਸਮੇਂ ਦੇ ਨਾਲ ਪੈਦਾ ਹੋਈ ਹੈ। ਕੰਪਨੀ ਨੇ ਇਹ ਯਕੀਨ ਦਵਾਇਆ ਹੈ ਕਿ ਸਾਰੇ ਰੀਕਾਲ ਪ੍ਰਭਾਵਿਤ ਵਾਹਨਾਂ ਨੂੰ ਤੁਰੰਤ ਠੀਕ ਕੀਤਾ ਜਾਵੇਗਾ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

Keep Smiling Denture Clinic
Complete Denture · Implant Denture · Partial Denture
Care Home Mobile Service · ਮੁਫਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
6834 King George Blvd Surrey BC | 2644 Cyril St Abbotsford BC

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ

ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

ADVISORY BOARD

• Gurvinder Singh Dhaliwal
Vancouver,
604-825-1550

• Gurlal Singh
Journalist,

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Printed & Published in Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾ਼ਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾ਼ਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਦਾ ਪੂੰਜੀਵਾਦੀ ਸਿਸਟਮ, ਪਰਵਾਸ ਬਨਾਮ ਪੰਜਾਬੀ ਭਾਈਚਾਰਾ

**ਵਲੋਂ : ਮਲਵਿੰਦਰ**



ਅਖ਼ਬਾਰ ਦੇ ਮੁੱਖ ਪੰਨੇ ਦੀ ਖ਼ਬਰ ਜੇਕਰ ਆਉਂਦੇ ਦਿਨਾਂ ਦੌਰਾਨ ਅੰਦਰਲੇ ਕਿਸੇ ਪੰਨੇ 'ਤੇ ਇੱਕ ਡੱਬੀ ਵਿੱਚ ਸਿਮਟ ਕੇ ਰਹਿ ਜਾਵੇ ਤਾਂ ਸਮਝ ਆ ਜਾਂਦਾ ਹੈ ਕਿ ਵੱਡੇ ਮਹੱਤਵ ਵਾਲੀ ਇਸ ਖ਼ਬਰ ਦਾ ਭੋਗ ਪਾ ਦਿੱਤਾ ਗਿਆ ਹੈ।

ਕਾਰਨ ਰਾਜਨੀਤਕ ਦਬਾਅ ਵੀ ਹੋ ਸਕਦਾ ਹੈ ਤੇ ਮੀਡੀਆ ਦੀ ਖਰੀਦੋ-ਫ਼ਰੋਖ਼ਤ ਵੀ। ਨਤੀਜਾ ਇਹ ਨਿਕਲਦਾ ਹੈ ਕਿ ਆਉਂਦੇ ਦਿਨਾਂ ਦੌਰਾਨ ਅਸੀਂ ਖ਼ਬਰ ਵਾਲੀ ਉਸ ਘਟਨਾ ਨੂੰ ਭੁੱਲ ਵਿਸਰ ਜਾਂਦੇ ਹਾਂ। ਹਉ ਪਰੇ ਕਰਨ ਵਾਲੀ ਸਾਡੀ ਬਿਰਤੀ ਵਧੀਕੀਆਂ ਸਹਿਣ ਕਰਨ ਵਾਲੀ ਤੇ ਵਿਦਰੋਹਾਂ, ਸੰਘਰਸ਼ਾਂ ਤੋਂ ਦੂਰ ਲੈ ਕੇ ਜਾਣ ਵਾਲੀ ਹੁੰਦੀ ਹੈ। ਬਰੈਂਪਟਨ (ਕੈਨੇਡਾ) ਵਿੱਚ ਛਪਦੀਆਂ ਅਖ਼ਬਾਰਾਂ ਵਿੱਚ ਪਹਿਲੇ ਪੰਨੇ 'ਤੇ ਮੋਟੀ ਸੁਰਖੀ ਛਪਦੀ ਹੈ, ਜਿਸ ਅਨੁਸਾਰ ਪੁਲਿਸ ਨੇ ਤਿੰਨ ਪੰਜਾਬੀ ਮੁੰਡਿਆਂ ਨੂੰ ਸਟੋਰ ਲੁੱਟਣ ਦੇ ਮਾਮਲੇ ਵਿੱਚ ਕਾਬੂ ਕੀਤਾ ਹੈ। ਤਿੰਨਾਂ ਦੇ ਨਾਂਵਾਂ ਪਿੱਛੇ ਪ੍ਰੀਤ ਲਗਦਾ ਹੈ। ਇਹ ਖ਼ਬਰ ਪੜ੍ਹ ਕੇ ਅਸੀਂ ਅਚੰਭਿਤ ਨਹੀਂ ਹੁੰਦੇ। ਇਹ ਖ਼ਤਰਨਾਕ ਵਰਤਾਰਾ ਹੈ। ਜਦੋਂ ਅਜਿਹੀਆਂ ਘਟਨਾਵਾਂ ਸਾਨੂੰ ਹੈਰਾਨ ਨਾ ਕਰਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜੀਵਨ ਦੀਆਂ ਬੇਤਰਤੀਬੀਆਂ ਨਾਲ ਸਮਝੌਤਾ ਕਰ ਲਿਆ ਹੈ। ਸਮਾਜ ਵਿੱਚ ਗਲਤ ਹੋ ਵਾਪਰ ਰਹੇ ਦੇ ਨਤੀਜਿਆਂ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਅਸੀਂ ਕਿਸੇ ਵੱਡੇ ਹਾਦਸੇ ਦੇ ਵਾਪਰਨ ਦੀ ਉਡੀਕ ਕਰ ਰਹੇ ਹਾਂ। ਅਜਿਹਾ ਉਦੋਂ ਵੀ ਵਾਪਰਦਾ ਹੈ ਜਦੋਂ ਸਾਡੇ ਆਸ ਪਾਸ ਜਾਂ ਪੜੋਸ ਵਿੱਚ ਗੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਹੋ ਰਿਹਾ ਹੁੰਦਾ ਹੈ, ਪਰਿਵਾਰ ਬਿਖਰ ਰਹੇ ਹੁੰਦੇ ਹਨ, ਜਵਾਨ ਲੜਕੇ ਮਰ ਰਹੇ ਹੁੰਦੇ ਹਨ ਤੇ ਅਸੀਂ ਚੁੱਪ ਰਹਿੰਦੇ ਹਾਂ। ਅਜਿਹਾ ਚੋਣਾਂ ਵਿੱਚ ਹਰ ਵਾਰ ਕਿਸੇ ਕਾਤਲ, ਬਲਾਤਕਾਰੀ, ਗੁੰਡੇ, ਬਦਮਾਸ਼ ਤੇ ਭ੍ਰਿਸ਼ਟ ਦਾ ਵੱਡੇ ਫਰਕ ਨਾਲ ਚੋਣਾਂ ਜਿੱਤਣ ਤੋਂ ਬਾਅਦ ਸੰਸਦ ਵਿੱਚ ਪਹੁੰਚਣ ਵੇਲੇ ਵੀ ਵਾਪਰਦਾ ਹੈ। ਇਹ ਘਟਨਾਵਾਂ ਆਪਣੀ ਸੂ਼ਲੀ ਦਾ ਆਪਣੇ ਹੱਥੀਂ ਪ੍ਰਬੰਧ ਕਰਨਾ ਹੁੰਦਾ ਹੈ। ਪਰਵਾਸ ਕਰਕੇ ਬਿਹਤਰ ਜੀਵਨ ਹਾਲਤਾਂ ਲਈ ਦੂਜੇ ਦੇਸ਼ ਵਿੱਚ ਅਜਿਹੀਆਂ ਕਰਤੂਤਾਂ ਡੂੰਘੀ ਸੋਚ ਵਿਚਾਰ ਮੰਗਦੀਆਂ ਹਨ। ਕੈਨੇਡਾ ਵਿੱਚ ਅਜਿਹਾ ਕੀ ਹੈ ਕਿ ਅਸੀਂ ਆਪਣੀਆਂ ਚੰਗੀਆਂ ਨੌਕਰੀਆਂ ਛੱਡ ਕੇ, ਕਾਰੋਬਾਰ ਤਿਆਗ ਕੇ, ਚੰਗੀ ਭਲੀ ਵਾਹੀ ਖੇਤੀ ਕਿਰਸਾਨੀ ਛੱਡ ਕੇ, ਦੋ-ਮੰਜ਼ਲੀਆਂ ਕੋਠੀਆਂ ਨੂੰ ਜਿੰਦਰੇ ਮਾਰ ਕੇ ਇੱਧਰ ਆ ਗਏ ਹਾਂ ਜਾਂ ਆਉਣ ਲਈ ਤਰਲੋਮੱਛੀ ਹੋ ਰਹੇ ਹਾਂ। ਅਸੀਂ ਆਪਣੀਆਂ ਅਠਾਰਾਂ ਅਠਾਰਾਂ ਸਾਲਾਂ ਦੀਆਂ ਮਾਸੂਮ ਧੀਆਂ ਤੇ ਪੁੱਤਰਾਂ ਨੂੰ ਵੱਡੀ ਰਕਮ ਖ਼ਰਚ ਕਰਕੇ ਜਹਾਜ਼ੇ ਚਾੜ੍ਹ ਰਹੇ ਹਾਂ? ਸ਼ਾਇਦ ਬਹੁਤ ਕੁਝ ਸੀ 'ਤੇ ਹੈ ਵੀ। ਪਰ ਸਾਡਾ ਵਿਹਾਰ ਤੇ ਚਾਲ-ਚੱਲਣ ਇਸਦੇ ਸਿਫਤੀ ਮੁਹਾਂਦਰੇ ਨੂੰ ਵਲੂੰਧਰ ਰਿਹਾ ਹੈ। ਕਾਰਾਂ ਚੋਰੀ ਕਰਨ, ਡਰੱਗਜ਼ ਦਾ ਕਾਰੋਬਾਰ ਕਰਨ, ਸਟੋਰਾਂ ਦੀਆਂ ਕੰਧਾਂ ਪਾੜ ਕੇ ਸਮਾਨ ਲੁੱਟ ਕੇ ਲੈ ਜਾਣ, ਸਟੋਰਾਂ ਦੀਆਂ ਟਰਾਲੀਆਂ ਵਿੱਚ ਗਰੌਸਰੀ ਦਾ ਸਮਾਨ ਲੱਦ ਕੇ ਆਪਣੇ ਘਰ ਤਕ ਲਿਜਾਕੇ ਟਰਾਲੀ ਕਿਸੇ ਗਲੀ ਸੜਕ ਕਿਨਾਰੇ ਲਾਵਾਰਸ ਛੱਡ ਦੇਣੀ, ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਗਾਣੇ ਲਾਉਣੇ ਤੇ ਪਲਾਜ਼ਿਆਂ, ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿੱਚ ਗੇੜੇ ਲਾਉਣੇ, ਕੁੜੀਆਂ ਨੂੰ ਕਾਮੀ ਨਿਗਾਹਾਂ ਨਾਲ ਘੂਰਨਾ ਆਦਿ ਕਈ ਨਿੱਕੀਆਂ ਨਿੱਕੀਆਂ ਗੱਲਾਂ ਹਨ, ਜਿਨ੍ਹਾਂ ਦੇ ਨਤੀਜੇ ਵੱਡੇ ਨਿਕਲਣ ਵਾਲੇ ਹਨ। ਅਜਿਹੇ ਧੰਦਿਆਂ ਵਿੱਚ ਲੁਪਤ ਲੋਕ ਭਾਵੇਂ ਥੋੜ੍ਹੇ ਜਿਹੇ ਹਨ, ਪਰ ਸਮੁੱਚੇ ਭਾਈਚਾਰੇ ਦੇ ਮੱਥੇ 'ਤੇ ਕਲੰਕ ਦਾ ਦਾਗ ਲਾਉਣ ਲਈ ਬਥੇਰੇ ਹਨ।

ਇਹ ਹੁਣ ਕੋਈ ਨਵੀਂ ਗੱਲ ਨਹੀਂ ਕਿ ਕੈਨੇਡਾ ਵਿੱਚ ਪਰਵਾਸੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇੱਥੇ ਪੱਕੇ ਹੋਣ ਲਈ ਅਸਾਇਲਮ ਮੰਗਣ ਵਾਲਿਆਂ ਦੀ ਗਿਣਤੀ ਦੋ ਲੱਖ ਦੇ ਨੇੜੇ ਪੁੱਜ ਗਈ ਹੈ, ਜਿਹਨਾਂ ਵਿੱਚ 10 ਹਜ਼ਾਰ ਪੰਜਾਬੀ ਹਨ। ਅਸਾਇਲਮ (ਸ਼ਰਨ) ਕੈਨੇਡਾ ਵਿੱਚ ਪੱਕੇ ਹੋਣ ਦਾ ਇੱਕ ਰਾਹ ਹੈ। ਇਸਦੀ ਇਜਾਜ਼ਤ ਤਾਂ ਮਿਲਦੀ ਹੈ ਜੇਕਰ ਤੁਹਾਡੀ ਨਸਲ, ਧਰਮ, ਕੌਮੀਅਤ, ਜਾਂ ਰਾਜਨੀਤਕ ਵਿਚਾਰਾਂ ਕਾਰਨ ਤੁਹਾਨੂੰ ਤੁਹਾਡੇ ਆਪਣੇ ਦੇਸ਼ ਵਿੱਚ ਸਤਾਇਆ ਜਾ ਰਿਹਾ ਹੈ। ਤੁਹਾਡੇ ਉੱਪਰ ਅੱਤਿਆਚਾਰ ਹੋ ਰਿਹਾ ਹੈ ਜਾਂ ਹੋਣ ਦਾ ਡਰ ਹੈ। ਇਸ ਤੋਂ ਇਲਾਵਾ ਵਰਕ ਪਰਮਿਟ ਵੀ ਇੱਕ ਤਰੀਕਾ ਹੈ ਜਿਸ ਨਾਲ ਅਸੀਂ ਕੈਨੇਡਾ ਵਿੱਚ ਪੱਕੇ ਹੋਣ ਦੀ ਆਸ ਕਰ ਸਕਦੇ ਹਾਂ। ਵਿਦਿਆਰਥੀ ਵੀਜ਼ੇ ਉੱਪਰ ਕੈਨੇਡਾ ਆਏ ਜਾਂ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਲਗਾਤਾਰ ਵਧ ਰਹੀਆਂ ਹਨ। ਰਾਹ ਗਲੀ ਮਿਲਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਜਦੋਂ ਜੌਬ ਦਾ ਪੁੱਛੀਦਾ ਹੈ ਤਾਂਹ ਬਹੁਤਿਆਂ ਦਾ ਜਵਾਬ ਹੁੰਦਾ ਕਿ ਕੋਸ਼ਿਸ਼ ਕਰ ਰਹੇ ਹਾਂ ਪਰ ਅਜੇ ਮਿਲੀ ਨਹੀਂ। ਗਰੌਸਰੀ ਮਹਿੰਗੀ ਹੋ ਗਈ ਹੈ। ਰਹਿਣ ਲਈ ਬੇਸਮੈਂਟਾਂ ਦੇ ਕਿਰਾਏ ਵਧ ਗਏ ਹਨ। ਜੇਕਰ ਇਨ੍ਹਾਂ ਦੇ ਭਵਿੱਖ ਦੀ ਗੱਲ ਕਰੀਏ ਤਾਂ ਹਾਲਾਤ ਹੱਕ ਵਿੱਚ ਭੁਗਤਦੇ ਨਹੀਂ ਲੱਗਦੇ।

ਪਰੈੱਸ ਦੇ ਇੱਕ ਹਿੱਸੇ ਦੀ ਖ਼ਬਰ ਹੈ ਕਿ ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪੱਕੇ ਤੌਰ 'ਤੇ ਕੈਨੇਡਾ ਵਿੱਚ ਨਹੀਂ ਰਹਿ ਸਕਦੇ। ਉਸ ਨੇ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਮੁਕੰਮਲ ਕਰਕੇ ਆਪਣੇ ਘਰ ਪਰਤ ਜਾਣ ਦੀ ਸਲਾਹ ਦਿੱਤੀ ਹੈ। ਅਫ਼ਵਾਹਾਂ ਵਰਗੀ ਖ਼ਬਰ ਇਹ ਵੀ ਹੈ ਕਿ ਕੈਨੇਡਾ ਸਰਕਾਰ ਵਰਕ ਪਰਮਿਟ ਦੇਣੇ ਬੰਦ ਕਰ ਰਹੀ ਹੈ। ਉਂਝ ਜਦੋਂ ਇਸਦਾ ਦੂਜਾ ਪਾਸਾ ਵੇਖਦੇ ਹਾਂ ਤਾਂ ਸਥਿਤੀ ਭਿੰਨ ਲਗਦੀ ਹੈ। ਵਿਦਿਆਰਥੀ ਵੀਜ਼ੇ 'ਤੇ ਆਏ ਵਿਦਿਆਰਥੀਆਂ ਦੀ ਫੀਸ ਦੇ ਰੂਪ ਵਿੱਚ ਆਉਂਦੀ ਰਕਮ ਅਰਬਾਂ ਡਾਲਰ ਹੈ। ਇਸ ਦੇਸ਼ ਦੀ ਆਰਥਿਕਤਾ ਪਰਵਾਸੀਆਂ ਦੁਆਰਾ ਫੀਸ ਅਤੇ ਟੈਕਸ ਦੇ ਰੂਪ ਵਿੱਚ ਆਉਂਦੀ ਰਾਸ਼ੀ ਉੱਪਰ ਨਿਰਭਰ ਹੈ। ਕੁਝ ਵੀ ਹੋਵੇ, ਹੁਣ ਦੇ ਵੇਲਿਆਂ ਵਿੱਚ ਹਰ ਹੈਸੀਅਤ ਦਾ ਪਰਵਾਸੀ ਸੰਕਟ ਵਿੱਚ ਹੈ। ਪਰਵਾਸ ਲਈ ਘਰੋਂ ਤੁਰਨਾ ਕਠਿਨ ਫੈਸਲਾ ਹੁੰਦਾ ਹੈ। ਰਿਵਰਸ ਪਰਵਾਸ ਹੋਰ ਵੀ ਕਠਿਨ ਤੇ ਨਿਰਾਸ਼ਾਜਨਕ ਹੁੰਦਾ ਹੈ। ਕੁਝ ਇਹ ਕਠਿਨ ਫੈਸਲਾ ਕਰ ਵਾਪਸ ਵੀ ਪਰਤ ਰਹੇ ਹਨ। ਇਹ ਰੁਝਾਨ ਅਜੇ ਮੁਢਲੇ ਪੜਾਅ 'ਤੇ ਹੈ। ਫਿਰ ਵੀ ਸਥਿਤੀ ਦਾ ਮੁਲਾਂਕਣ ਕਰਨ ਲਈ ਬਹੁਤ ਹੈ। ਬਾਕੀਆਂ ਨੂੰ ਵੀ ਸੋਚਣ ਦੀ ਲੋੜ ਹੈ।

ਵਿਜ਼ਟਰ ਵੀਜ਼ੇ 'ਤੇ ਆ ਰਹੇ ਪਰਵਾਸੀ ਇੱਥੇ ਪੱਕੇ ਤੌਰ 'ਤੇ ਟਿਕ ਜਾਣਾ ਚਾਹੁੰਦੇ ਹਨ। ਇਸ ਲਈ ਉਹ ਏਜੰਟਾਂ ਅਤੇ ਵਕੀਲਾਂ ਦੀ ਸ਼ਰਨ ਵਿੱਚ ਜਾਂਦੇ ਹਨ। ਇਹ ਲੋਕ ਚਾਹਵਾਨਾਂ ਕੋਲੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਦੀ ਫਾਈਲ ਅਸਾਇਲਮ ਲਈ ਲਾ ਦਿੰਦੇ ਹਨ। ਫਾਈਲ ਨਾਲ ਝੂਠੇ ਸੱਚੇ ਡਾਕੂਮੈਂਟਸ ਵਕੀਲ ਤਿਆਰ ਕਰ ਲੈਂਦੇ ਹਨ। ਅਸਾਇਲਮ ਮਿਲਣ 'ਤੇ ਬੰਦੇ ਨੂੰ ਰਿਫਊਜੀ ਦਾ ਸਟੇਟਸ ਮਿਲ ਜਾਂਦਾ ਹੈ, ਜਿਸਦਾ ਭਾਵ ਹੈ ਕਿ ਤੁਹਾਨੂੰ ਆਪਣੇ ਹੀ ਦੇਸ਼ ਵਿੱਚ ਖ਼ਤਰਾ ਹੈ। ਇੱਥੇ ਕੈਨੇਡਾ ਵਿੱਚ ਪੱਕੇ ਹੋਣ ਲਈ ਆਪਣੇ ਦੇਸ਼ ਵਿੱਚ ਖ਼ਤਰੇ ਦਾ ਖ਼ਤਰਾ ਵੀ ਮੁੱਲ ਲੈਣਾ ਪੈਂਦਾ ਹੈ। ਇੰਝ ਹੀ ਲੋਕ ਮੋਟੀਆਂ ਰਕਮਾਂ ਲੈ ਕੇ ਵਰਕ ਪਰਮਿਟ ਦਿੰਦੇ ਹਨ।

ਬੱਸ ਸਟਾਪ 'ਤੇ ਮਿਲੀ ਇੱਕ ਲੜਕੀ ਦੱਸਦੀ ਹੈ ਕਿ ਮੇਰੇ ਕੋਲ ਵਰਕ ਪਰਮਿਟ ਹੈ ਪਰ ਵਰਕ ਨਹੀਂ ਹੈ। ਕੈਨੇਡਾ ਦੇ ਚਾਹਵਾਨਾਂ ਨਾਲ ਇਹ ਧਾਂਦਲੀਆਂ ਵੀ ਹੋ ਰਹੀਆਂ ਹਨ। ਇੱਕ ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਗੱਲ ਕਰਨ ਦਾ ਮੌਕਾ ਦਿੱਤਾ ਤਾਂ ਬਹੁਤ ਸਾਰੀਆਂ ਗੱਲਾਂ ਦਾ ਓਹਲਾ ਰੱਖਕੇ ਲੜਕੀਆਂ ਨੇ ਦੱਸਿਆ ਕਿ ਜੌਬ ਦੇਣ ਬਦਲੇ ਉਨ੍ਹਾਂ ਨੂੰ ਉਹ ਕੰਮ ਵੀ ਕਰਨ ਨੂੰ ਕਿਹਾ ਜਾਂਦਾ ਹੈ, ਜਿਸਦਾ ਜ਼ਿਕਰ ਉਹ ਇੱਥੇ ਨਹੀਂ ਕਰ ਸਕਦੀਆਂ। ਇੱਕ ਲੜਕੀ ਨੂੰ ਮਸਾਜ਼ ਕਰਨ ਦੀ ਨੌਕਰੀ ਦੀ ਪੇਸ਼ਕਸ ਕੀਤੀ ਗਈ। ਉਹ ਮਸਾਜ਼ ਦੇ ਅਰਥ ਸਮਝਦੀ ਸੀ। ਪੇਸ਼ਕਸ ਠੁਕਰਾ ਕੇ ਆ ਗਈ। ਇੱਕ ਹੋਰ ਨੂੰ ਸ਼ਰਾਬ ਵਰਤਾਉਣ ਦੀ ਜੌਬ ਦੇਣ ਵੇਲੇ ਸ਼ਰਤ ਸੀ ਕਿ ਕੱਪੜੇ ਛੋਟੇ ਪਹਿਨਣੇ ਹਨ ਅਤੇ ਖ਼ੁਦ ਸ਼ਰਾਬ ਦਾ ਸੇਵਨ ਕਰਨਾ ਹੈ ਤਾਂ ਜੋ ਗਾਹਕ ਨੂੰ ਉਸਦੇ ਸਵਾਦ ਬਾਰੇ ਦੱਸਿਆ ਜਾਵੇ। ਉਸ ਨੂੰ ਵੀ ਜੌਬ ਠੁਕਰਾਉਣੀ ਠੀਕ ਲੱਗੀ। ਇਹ ਸਮਝ ਤੇ ਇਰਾਦਾ ਹਰ ਕਿਸੇ ਕੋਲ ਨਹੀਂ ਹੁੰਦਾ। ਕਿਸੇ ਸਵੀਕਾਰ ਵੀ ਕਰ ਲਿਆ ਹੋਵੇਗਾ। ਇੰਝ ਕੁਝ ਹੋਰ ਵਿਦਿਆਰਥੀਆਂ ਨੇ ਆਪਣੇ ਮੁਢਲੇ ਦਿਨਾਂ ਦੇ ਸੰਘਰਸ਼ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਸੈਸ਼ਨ ਦੌਰਾਨ ਮੈਨੂੰ ਇਹ ਸਮਝ ਆਈ ਕਿ ਸਾਨੂੰ ਵੱਧ ਤੋਂ ਵੱਧ ਅਜਿਹੇ ਮੰਚ ਮੁਹਈਆ ਕਰਵਾਉਣੇ ਚਾਹੀਦੇ ਹਨ, ਜਿੱਥੇ ਉਹ ਆਪਣੇ ਸੰਘਰਸ਼ ਦੀ ਗੱਲ ਕਰਦਿਆਂ ਆਉਂਦੀਆਂ ਮੁਸ਼ਕਿਲਾਂ ਬਾਰੇ ਗੱਲ ਕਰ ਸਕਣ। ਇੰਝ ਹੋਰਾਂ ਅਤੇ ਨਵਿਆਂ ਨੂੰ ਲੋੜੀਂਦਾ ਗਿਆਨ ਮਿਲ ਸਕਦਾ ਹੈ, ਜਿਸ ਨਾਲ ਉਹ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਸਕਦੇ ਹਨ।

ਕੈਨੇਡਾ ਚੰਗਾ ਮੁਲਕ ਹੈ। ਪੌਣ-ਪਾਣੀ ਤੇ ਭੋਏਂ ਨੂੰ ਸੰਭਾਲਿਆ ਹੋਇਆ ਹੈ। ਲੋਕ ਨਿਯਮਾਂ ਦਾ ਪਾਲਣ ਕਰਦੇ ਹਨ। ਆਪਣੇ ਕਿਸੇ ਕੰਮ ਲਈ ਦਫਤਰਾਂ ਵਿੱਚ ਖੱਜਲ ਖੁਆਰ ਨਹੀਂ ਹੋਣਾ ਪੈਂਦਾ। ਪਰ ਮੰਦੀ ਦਾ ਦੌਰ ਚੱਲ ਰਿਹਾ ਹੈ। ਨਵੇਂ ਆਏ ਵਿਦਿਆਰਥੀਆਂ ਨੂੰ ਤੇ ਕਈ ਪੁਰਾਣਿਆਂ ਨੂੰ ਵੀ ਜੌਬ ਨਹੀਂ ਮਿਲ ਰਹੀ।

ਬਿਆਜ ਦਰਾਂ ਵਧਣ ਕਾਰਨ ਘਰ ਖਰੀਦਣੇ ਔਖੇ ਹੋ ਗਏ ਹਨ। ਜਿਊਣਾ ਮਹਿੰਗਾ ਹੋ ਗਿਆ ਹੈ। ਅਜਿਹੇ ਵਿੱਚ ਤਹੱਮਲ ਰੱਖਣ ਦੀ ਲੋੜ ਹੈ। ਪਰਵਾਸੀ, ਜਿਹੜੇ ਸਿਸਟਮ ਦੇ ਮੇਚ ਨਹੀਂ ਆਉਂਦੇ, ਸਰਕਾਰ ਦੀ ਅੱਖ ਵਿੱਚ ਰੜਕਦੇ ਹਨ। ਸਟਡੀ ਵੀਜ਼ੇ 'ਤੇ ਆਇਆਂ ਨੂੰ ਪੀ.ਆਰ ਨਾ ਦੇਣ ਦੇ ਫੈਸਲੇ ਵਰਗੇ ਹੋਰ ਕਠਿਨ ਫੈਸਲੇ ਵੀ ਆ ਸਕਦੇ ਹਨ। ਪੀ.ਆਰ. ਹੋ ਗਿਆਂ ਨੂੰ ਵੀ ਕਿਸੇ ਭਰਮ ਵਿੱਚ ਨਹੀਂ ਰਹਿਣਾ ਚਾਹੀਦਾ। ਪੂਜੀਵਾਦੀ ਸਿਸਟਮ ਮੁਨਾਫ਼ੇ ਨੂੰ ਕੇਂਦਰ ਵਿੱਚ ਰੱਖਦਾ ਹੈ। ਜਦੋਂ ਤਕ ਪਰਵਾਸੀ ਉਹਨਾਂ ਲਈ ਸਸਤੀ ਲੇਬਰ ਹਨ, ਆਪਣੀਆਂ ਮੁਢਲੀਆਂ ਲੋੜਾਂ ਲਈ ਸੁਚੇਤ ਨਹੀਂ ਹਨ, ਥਾਂ ਥਾਂ ਉੱਸਰ ਚੁੱਕੇ ਧਾਰਮਕ ਸਥਾਨਾਂ ਦੀ ਬਹੁਤਾਤ ਨੂੰ ਹੀ ਆਪਣੀ ਪ੍ਰਾਪਤੀ ਸਮਝ ਰਹੇ ਹਨ, ਸਿਹਤ ਨਾਲ ਸੰਬੰਧਿਤ ਲੋੜਾਂ ਲਈ ਸਾਂਝੀ ਆਵਾਜ਼ ਬਣ ਸੜਕਾਂ 'ਤੇ ਨਹੀਂ ਨਿਕਲਦੇ, ਵਧੀਆਂ ਵਿਆਜ ਦਰਾਂ ਤੇ ਮਹਿੰਗੀ ਹੋ ਗਈ ਗਰੌਸਰੀ ਨੂੰ ਮੁੱਦਾ ਨਹੀਂ ਬਣਾਉਂਦੇ ਅਤੇ ਟੈਕਸ ਦਰਾਂ, ਮਾਮੂਲੀ ਉਜਰਤ ਲਈ ਕੈਸ਼ 'ਤੇ ਕੰਮ ਕਰਦੇ ਕਾਮਿਆਂ ਅਤੇ ਉਚੇਰੀ ਸਿੱਖਿਆ ਲਈ ਲੋੜੀਂਦੇ ਕਾਲਜ, ਯੂਨੀਵਰਸਿਟੀਆਂ ਦੀ ਮੰਗ ਲਈ ਇਕੱਠੇ ਨਹੀਂ ਹੁੰਦੇ, ਪੂੰਜੀਵਾਦੀ ਸਰਕਾਰ ਪੀ.ਆਰ. ਅਤੇ ਕੱਚੇ ਕਾਮਿਆਂ ਦਾ ਸਵਾਗਤ ਕਰਦੀ ਰਹੇਗੀ। ਜਦੋਂ ਸਿਸਟਮ ਨੂੰ ਸਾਡੀ ਲੋੜ ਨਾ ਰਹੀ, ਇੱਕ ਨੋਟਿਸ ਨਾਲ ਸਾਨੂੰ ਬਾਹਰ ਜਾਣ ਦਾ ਫੁਰਮਾਨ ਜਾਰੀ ਹੋ ਜਾਵੇਗਾ। ਅਜਿਹੀ ਸਥਿਤੀ ਦੇ ਸੱਚ ਨੂੰ ਸਮਝਦਿਆਂ ਪਰਵਾਸੀਆਂ ਤੇ ਖਾਸ ਕਰਕੇ ਪੰਜਾਬੀ ਪਰਵਾਸੀਆਂ ਨੂੰ ਸੋਚਣ ਦੀ ਲੋੜ ਹੈ। ਨਹੀਂ ਤਾਂ ਕੈਨੇਡਾ ਹੱਥਾਂ ਵਿੱਚੋਂ ਤਿਲਕ ਜਾਵੇਗਾ।

# ਯੂਐਨ ਦੀ ਰਿਪੋਰਟ ਅਨੁਸਾਰ ਰੋਜ਼ਾਨਾ ਹੋ ਰਿਹਾ ਹੈ 140 ਔਰਤਾਂ ਅਤੇ ਲੜਕੀਆਂ ਦਾ ਕਤਲ

ਔਟਵਾ : ਬੇਸ਼ੱਕ ਸਮਾਜ ਵਿਚ ਤਰੱਕੀ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਸੰਯੁਕਤ ਰਾਸ਼ਟਰ ਦੀ ਇਕ ਨਵੀਂ ਰਿਪੋਰਟ ਨੇ ਔਰਤਾਂ ਵਿਰੁੱਧ ਹਿੰਸਾ ਦੇ ਮਾਮਲਿਆਂ ਨੂੰ ਇਕ ਵਾਰ ਫਿਰ ਸਭ ਤੋਂ ਅਗਲੇ ਪੰਨੇ 'ਤੇ ਲਿਆ ਦਿੱਤਾ ਹੈ। ਰਿਪੋਰਟ ਅਨੁਸਾਰ, 2023 ਦੌਰਾਨ ਹਰ ਰੋਜ਼ ਔਸਤਨ 140 ਔਰਤਾਂ ਅਤੇ ਲੜਕੀਆਂ ਦਾ ਕਤਲ ਕੀਤਾ ਗਿਆ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਹੱਤਿਆਵਾਂ ਉਹਨਾਂ ਦੇ ਘਰਾਂ ਅੰਦਰ ਹੀ ਹੋਈਆਂ।

ਸੰਯੁਕਤ ਰਾਸ਼ਟਰ ਮਹਿਲਾ (ਯੂਐਨ ਵੂਮੈਨ) ਅਤੇ ਸੰਯੁਕਤ ਰਾਸ਼ਟਰ ਡਰੱਗਜ਼ ਤੇ ਅਪਰਾਧ ਦਫ਼ਤਰ (ਯੂਐਨਓਡਿਸੀ) ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਘਰ, ਜੋ ਇੱਕ ਸੁਰੱਖਿਅਤ ਥਾਂ ਮੰਨੀ ਜਾਂਦੀ ਹੈ, ਔਰਤਾਂ ਲਈ ਸਭ ਤੋਂ ਵੱਡਾ ਖਤਰਾ ਸਾਬਤ ਹੋ ਰਹੇ ਹਨ। ਰਿਪੋਰਟ ਅਨੁਸਾਰ 2023 ਵਿੱਚ ਲਗਭਗ 51,100 ਔਰਤਾਂ ਅਤੇ ਲੜਕੀਆਂ ਦੀ ਹੱਤਿਆ ਉਹਨਾਂ ਦੇ ਨੇੜਲੇ ਸਾਥੀਆਂ ਜਾਂ ਪਰਿਵਾਰਕ ਮੈਂਬਰਾਂ ਵੱਲੋਂ ਕੀਤੀ ਗਈ। ਇਹ ਅੰਕੜਾ 2022 ਦੇ ਮੁਕਾਬਲੇ ਵੱਧ ਹੈ, ਜਦੋਂ ਇਹ ਗਿਣਤੀ 48,800 ਸੀ।

ਸਭ ਤੋਂ ਵੱਧ ਹੱਤਿਆਵਾਂ ਕਿੱਥੇ ਹੋਈਆਂ?

ਰਿਪੋਰਟ ਅਨੁਸਾਰ ਅਫਰੀਕਾ ਵਿੱਚ ਸਭ ਤੋਂ ਵੱਧ ਮਾਮਲੇ (21,700) ਇੱਥੇ ਦਰਜ ਕੀਤੇ ਗਏ।

ਇਸ ਤੋਂ ਬਾਅਦ ਅਮਰੀਕਾ ਵਿੱਚ ਇੱਕ ਲੱਖ ਵਿਅਕਤੀਆਂ ਪਿੱਛੇ 1.6 ਔਰਤਾਂ ਦੀ ਹੱਤਿਆ ਹੋਈ। ਓਸ਼ਨੀਆ ਵਿੱਚ ਇੱਕ ਲੱਖ ਪਿੱਛੇ 1.5 ਔਰਤਾਂ ਦਾ ਕਤਲ ਅਤੇ ਏਸ਼ੀਆ ਵਿੱਚ ਇਹ ਦਰ ਹੋਰ ਖੇਤਰਾਂ ਦੀ ਤੁਲਨਾ ਵਿੱਚ ਕਾਫ਼ੀ ਘੱਟ ਸੀ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਵਾਧਾ ਅਸਲ ਵਿੱਚ ਹੱਤਿਆਵਾਂ ਵਿੱਚ ਵਾਧੇ ਦਾ ਨਤੀਜਾ ਨਹੀਂ ਹੈ, ਸਗੋਂ ਹੁਣ ਵੱਖ-ਵੱਖ ਦੇਸ਼ਾਂ ਤੋਂ ਹਿੰਸਾ ਦੇ ਮਾਮਲਿਆਂ ਦੇ ਬਾਰੇ ਵਧੇਰੇ ਅੰਕੜੇ ਉਪਲਬਧ ਹੋ ਰਹੇ ਹਨ।

ਹੈਰਾਨੀ ਦੀ ਗੱਲ ਹੈ ਕਿ ਅਮਰੀਕਾ, ਜੋ ਇੱਕ ਆਧੁਨਿਕ ਅਤੇ ਤਰੱਕੀਸ਼ੀਲ ਦੇਸ਼ ਮੰਨਿਆ ਜਾਂਦਾ ਹੈ, ਇਨ੍ਹਾਂ ਅੰਕੜਿਆਂ ਵਿੱਚ ਮਗਰ ਨਹੀਂ ਹੈ। ਇੱਥੇ ਹੱਤਿਆਵਾਂ ਦੀ ਦਰ ਕਾਫ਼ੀ ਉੱਚੀ ਹੈ।

ਸੰਯੁਕਤ ਰਾਸ਼ਟਰ ਵਲੋਂ ਇਹ ਰਿਪੋਰਟ ਔਰਤਾਂ ਵਿਰੁੱਧ ਹਿੰਸਾ ਦੇ ਖਾਤਮੇ ਲਈ ਕੌਮਾਂਤਰੀ ਦਿਵਸ ਮੌਕੇ ਜਾਰੀ ਕੀਤੀ ਗਈ। ਰਿਪੋਰਟ ਮੁਤਾਬਕ, ਇਹ ਹਿੰਸਾ ਸਿਰਫ਼ ਸੰਸਾਰਕ ਸਮਾਜਾਂ ਲਈ ਇੱਕ ਸਮੱਸਿਆ ਨਹੀਂ ਹੈ, ਸਗੋਂ ਇਹ ਮਨੁੱਖੀ ਹੱਕਾਂ ਦੀ ਸਖ਼ਤ ਉਲੰਘਣਾ ਹੈ।

ਇਸ ਹਿੰਸਾ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ ਨੇ ਕਈ ਹਦਾਇਤਾਂ ਦਿੱਤੀਆਂ ਹਨ:

ਔਰਤਾਂ ਨੂੰ ਸੁਰੱਖਿਅਤ ਕਰਨ ਲਈ ਘਰੇਲੂ ਪੱਧਰ ਤੇ ਸਖ਼ਤ ਕਾਨੂੰਨ ਬਣਾਏ ਜਾਣ। ਸੱਭਿਆਚਾਰਕ ਮੰਸੂਬੇ ਤਹਿਤ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾਵੇ। ਪੀੜਤ ਔਰਤਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨ ਵਾਲੇ ਕੇਂਦਰਾਂ ਦੀ ਸਥਾਪਨਾ।

ਸੰਸਾਰ ਭਰ ਵਿਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਮੂਹਿਕ ਯਤਨਾਂ ਦੀ ਲੋੜ ਹੈ। ਇਹ ਰਿਪੋਰਟ ਸਿਰਫ਼ ਅੰਕੜਿਆਂ ਦਾ ਖੁਲਾਸਾ ਨਹੀਂ, ਸਗੋਂ ਸਮਾਜ ਲਈ ਇੱਕ ਚੇਤਾਵਨੀ ਹੈ ਕਿ ਜੇਕਰ ਸਿੱਧੇ ਕਦਮ ਨਾ ਚੁੱਕੇ ਗਏ, ਤਾਂ ਹਿੰਸਾ ਦੀ ਇਹ ਲਹਿਰ ਰੁਕਣ ਦੀ ਬਜਾਏ ਵਧਦੀ ਜਾਵੇਗੀ।

# ਟਰੰਪ ਵਲੋਂ ਟੈਰਿਫ਼ ਦੇ ਐਲਾਨ ਤੋਂ ਬਾਅਦ ਕੈਨੇਡਾ ਵਲੋਂ ਅਮਰੀਕੀ ਸਰਹੱਦ 'ਤੇ ਸਖ਼ਤੀ ਵਧਾਉਣ ਦੀ ਤਿਆਰੀ

ਔਟਵਾ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਅਤੇ ਮੈਕਸੀਕੋ ਤੋਂ ਦਰਾਮਦ ਹੁੰਦੇ ਸਾਮਾਨ 'ਤੇ 25 ਫੀਸਦ ਟੈਕਸ ਲਗਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਨੇ ਅਮਰੀਕਾ ਨਾਲ ਜੁੜਦੀ ਆਪਣੀ 8891 ਕਿਲੋਮੀਟਰ ਲੰਮੀ ਸਰਹੱਦ 'ਤੇ ਸੁਰੱਖਿਆ ਵਧਾਉਣ ਦੀ ਤਿਆਰੀ ਕਰ ਲਈ ਹੈ। ਇਹ ਫੈਸਲਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਕੀਤੀ ਗਈ ਮੀਟਿੰਗ ਦੇ ਤੁਰੰਤ ਬਾਅਦ ਸਾਮਣੇ ਆਇਆ।



ਟਰੂਡੋ ਨੇ ਐਲਾਨ ਕੀਤਾ ਹੈ ਕਿ ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀਬੀਐੱਸਏ) ਨੂੰ ਸੁਰੱਖਿਆ ਮਜ਼ਬੂਤ ਕਰਨ ਲਈ ਵਾਧੂ ਫੰਡ ਦਿੱਤਾ ਜਾਵੇਗਾ। ਇਸ ਦੌਰਾਨ ਅਣਅਧਿਕਾਰਤ ਪ੍ਰਵਾਸੀਆਂ ਅਤੇ ਗਲਤ ਅਨਸਰਾਂ ਨੂੰ ਰੋਕਣ ਲਈ ਸਰਹੱਦੀ ਪ੍ਰਬੰਧਨਾਂ ਨੂੰ ਤਰੱਕੀਸ਼ੀਲ ਬਣਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਟਰੰਪ ਨੇ ਕਿਹਾ ਹੈ ਕਿ ਕੈਨੇਡਾ ਅਤੇ ਮੈਕਸੀਕੋ ਦੀਆਂ ਸਰਹੱਦਾਂ ਤੋਂ ਗਲਤ ਅਨਸਰ ਅਮਰੀਕਾ ਵਿੱਚ ਦਾਖਲ ਹੋ ਰਹੇ ਹਨ। ਇਸ ਕਾਰਨ, ਅਮਰੀਕਾ ਨੂੰ ਆਪਣੀ ਸਰਹੱਦ ਸਖ਼ਤ ਕਰਨੀ ਪਏਗੀ। ਉਨ੍ਹਾਂ ਦੇ ਬਰਾਮਦੀ ਟੈਕਸ ਵਧਾਉਣ ਦੇ ਫ਼ੈਸਲੇ ਨੂੰ ਕੈਨੇਡਾ ਦੀ ਸਨਅਤ ਲਈ ਘਾਤਕ ਮੰਨਿਆ ਜਾ ਰਿਹਾ ਹੈ। ਕੈਨੇਡਾ ਨੇ ਇਸ ਦੋਸ਼ ਦਾ ਸਿੱਧਾ ਜਵਾਬ ਦੇਣ ਦੀ ਬਜਾਏ ਆਪਣੇ ਸਰਹੱਦੀ ਪ੍ਰਬੰਧਾਂ ਨੂੰ ਵਧਾਉਣ ਦਾ ਫ਼ੈਸਲਾ ਲਿਆ।

ਇਸ ਸਰਹੱਦੀ ਸਖ਼ਤੀ ਦੇ ਨਵੇਂ ਪ੍ਰਬੰਧਾਂ ਦੀ ਨਿਗਰਾਨੀ ਉਪ ਪ੍ਰਧਾਨ ਮੰਤਰੀ ਕਰਿਸਟੀਆ ਫਰੀਲੈਂਡ ਅਤੇ ਲੋਕ ਸੁਰੱਖਿਆ ਮੰਤਰੀ ਡੋਮੀਨਿਕ ਲੀਬਲੈਂਕ ਨੂੰ ਸੌਂਪੀ ਗਈ ਹੈ। ਅਮਰੀਕਾ ਅਤੇ ਕੈਨੇਡਾ ਦੇ ਵਿਚਕਾਰ ਖਿੱਚੀ ਗਈ 8891 ਕਿਲੋਮੀਟਰ ਲੰਮੀ ਸਰਹੱਦ ਦਾ ਇਤਿਹਾਸ 1783 ਦੇ ਪੈਰਿਸ ਸਮਝੌਤੇ ਤੱਕ ਵਾਪਸ ਜਾਂਦਾ ਹੈ। ਅਜਿਹੇ ਸਿਆਸੀ ਕਦਮਾਂ ਦੇ ਮੱਦੇਨਜ਼ਰ, ਸਰਹੱਦ 'ਤੇ ਛੋਟੇ-ਵੱਡੇ 100 ਤੋਂ ਵੱਧ ਪ੍ਰਵਾਨਿਤ ਲਾਂਘਿਆਂ ਦੀ ਸੁਰੱਖਿਆ ਕੈਨੇਡਾ ਲਈ ਵੱਡੀ ਪ੍ਰਾਇਕਤਾ ਹੈ।

ਟਰੰਪ ਦੇ ਨਵੇਂ ਫ਼ੈਸਲੇ ਕੈਨੇਡਾ ਦੀ ਆਰਥਿਕਤਾ 'ਤੇ ਨਿਕਟ-ਕਾਲੀਨ ਦਬਾਅ ਪਾ ਸਕਦੇ ਹਨ। ਮਾਹਰਾਂ ਮੁਤਾਬਕ, ਸਰਹੱਦੀ ਨੀਤੀਆਂ ਦੇ ਸਖ਼ਤ ਹੋਣ ਨਾਲ ਦੋਵੇਂ ਦੇਸ਼ਾਂ ਵਿਚਾਲੇ ਵਪਾਰ ਤੇ ਪ੍ਰਵਾਸੀ ਲਹਿਰਾਂ 'ਤੇ ਵੀ ਅਸਰ ਪੈ ਸਕਦਾ ਹੈ। ਕੈਨੇਡਾ ਦੇ ਸੂਬਾਈ ਮੁੱਖ ਮੰਤਰੀਆਂ ਨੇ ਟਰੂਡੋ ਦੇ ਸੁਰੱਖਿਆ ਵਧਾਉਣ ਦੇ ਫ਼ੈਸਲੇ ਦੀ ਪ੍ਰਸ਼ੰਸਾ ਕੀਤੀ ਹੈ। ਉਮੀਦ ਹੈ ਕਿ ਅਗਲੇ ਕੁਝ ਮਹੀਨਿਆਂ ਵਿੱਚ ਇਹ ਸਰਹੱਦੀ ਤਬਦੀਲੀਆਂ ਪੂਰੀ ਤਰ੍ਹਾਂ ਲਾਗੂ ਕੀਤੀਆਂ ਜਾਣਗੀਆਂ।


Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SANJHA PUNJAB SINCE 1997

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।

100% Vigitarian

Special Rates for Gurdwara & Mandir



CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

# ਸ਼ਹਾਦਤ ਗੁਰੂ ਤੇਗ ਬਹਾਦਰ, ਅਤੇ ਮਨੁੱਖੀ ਅਧਿਕਾਰ

**ਡਾ. ਗੁਰਨਾਮ ਕੌਰ, ਕੈਨੇਡਾ**

ਦਸੰਬਰ ਦਾ ਮਹੀਨਾ ਸਿੱਖ ਧਰਮ ਦੇ ਇਤਿਹਾਸ ਵਿਚ ਬਹੁਤ ਹੀ ਮਹੱਤਵ ਰੱਖਦਾ ਹੈ, ਜੋ ਵਾਰ ਵਾਰ ਸਾਨੂੰ ਜਿੱਥੇ ਆਪਣੇ ਇਤਿਹਾਸ ਦੇ ਉਨ੍ਹਾਂ ਪੰਨਿਆਂ ਦੀ ਯਾਦ ਦਿਵਾਉਂਦਾ ਹੈ, ਜੋ ਸ਼ਹਾਦਤਾਂ ਨਾਲ ਭਰੇ ਹੋਏ ਹਨ; ਉਸ ਦੇ ਨਾਲ ਹੀ ਸਾਨੂੰ ਉਨ੍ਹਾਂ ਕੀਮਤਾਂ ਦੀ ਯਾਦ ਨੂੰ ਸਾਡੇ ਚੇਤਿਆਂ ਵਿਚ ਸਦਤਾਜ਼ਾ ਕਰਾਉਂਦਾ ਰਹਿੰਦਾ ਹੈ, ਜੋ ਗੁਰੂਆਂ ਦੀ ਬਖ਼ਸ਼ਿਸ਼ ਨਾਲ ਸਾਡਾ ਵਿਰਸਾ ਬਣੀਆਂ ਹਨ। ਦਸੰਬਰ ਦੇ ਠੰਢੇ ਯੱਖ ਮਹੀਨੇ ਵਿਚ ਗੁਰੂ ਗੋਬਿੰਦ ਸਿੰਘ ਨੇ ਪਰਿਵਾਰ ਅਤੇ ਸਿੰਘਾਂ ਸਮੇਤ ਅਨੰਦਪੁਰ ਦੇ ਕਿਲੇ ਨੂੰ ਛੱਡਿਆ ਸੀ ਅਤੇ ਸਰਸਾ ਨਦੀ ਨੂੰ ਪਾਰ ਕਰਦਿਆਂ ਦੋ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਤੋਂ ਵਿਛੋੜਾ ਪੈ ਗਿਆ ਸੀ।

ਦੋ ਵੱਡੇ ਸਾਹਿਬਜ਼ਾਦਿਆਂ-ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਨੇ ਚਮਕੌਰ ਦੇ ਯੁੱਧ ਵਿਚ ਲੜਦਿਆਂ ਸ਼ਹਾਦਤ ਦਿਤੀ ਅਤੇ ਛੋਟੇ ਸਾਹਿਬਜ਼ਾਦਿਆਂ-ਬਾਬਾ ਫਤਿਹ ਸਿੰਘ ਤੇ ਜ਼ੋਰਾਵਰ ਸਿੰਘ ਨੂੰ ਸੂਬਾ ਸਰਹਿੰਦ ਨੇ ਕੰਧਾਂ ਵਿਚ ਚਿਣਾ ਕੇ ਸ਼ਹੀਦ ਕਰ ਦਿੱਤਾ; ਨਾਲ ਹੀ ਮਾਤਾ ਗੁਜਰੀ ਜੀ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਇਸੇ ਠੰਡੇ ਯੱਖ ਮਹੀਨੇ ਵਿਚ ਕਿਸਾਨ ਆਪਣੇ ਹੱਕਾਂ ਦੀ ਰਾਖੀ ਅਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਦਿੱਲੀ ਵਿਖੇ ਮੋਰਚਿਆ 'ਤੇ ਡਟੇ ਹੋਏ ਹਨ। ਗੁਰੂਆਂ ਨੇ ਸਾਨੂੰ ਸਿਖਾਇਆ ਹੈ ਕਿ ਮਨੁੱਖ ਮਹਿਜ ਆਪਣੀ ਖਾਤਰ ਹੀ ਨਹੀਂ ਜਿਉਂਦਾ, ਸਗੋਂ ਆਪਣੇ ਅਤੇ ਦੂਸਰਿਆਂ ਦੇ ਹੱਕਾਂ ਤੇ ਸਰਬੱਤ ਦੇ ਭਲੇ ਲਈ ਜਿਉਂਦਾ ਵੀ ਹੈ ਅਤੇ ਜੇ ਲੋੜ ਪਵੇ ਤਾਂ ਸ਼ਹਾਦਤ ਵੀ ਦੇ ਸਕਦਾ ਹੈ।


ਗੁਰੂ ਨਾਨਕ ਦੇ ਦਿੱਤੇ ਜੀਵਨ ਦਰਸ਼ਨ ਨੇ ਭਾਰਤ ਦੀ ਸੁੱਤੀ ਹੋਈ ਆਤਮਾ ਨੂੰ ਜਗਾਇਆ ਸੀ; ਮਨੁੱਖੀ ਇਨਸਾਫ, ਬਰਾਬਰੀ, ਸਵੈਮਾਣ, ਆਜ਼ਾਦੀ, ਸਰਬੱਤ ਦੇ ਭਲੇ ਲਈ ਜਿਉਣਾ ਸਿਖਾਇਆ। ਸਿੱਖ ਧਰਮ-ਚਿੰਤਨ ਵਿਚ ਤਾਂ ਮਰਨ ਨੂੰ ਵੀ ਬਹਾਦਰ ਲੋਕਾਂ ਦਾ ਹੱਕ ਅਤੇ ਸੱਚ ਅਰਥਾਤ ਸਫਲ ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਜਿਹੜੇ ਮਨੁੱਖ ਪ੍ਰਵਾਣ ਹੋ ਕੇ ਮਰਦੇ ਹਨ, ਇਨਸਾਫ (ਧਰਮ) ਅਤੇ ਮਨੁੱਖਤਾ ਦੀ ਸੇਵਾ ਲਈ ਮਰਦੇ ਹਨ, ਉਨ੍ਹਾਂ ਦਾ ਮਰਨਾ ਸਫਲ ਮੰਨਿਆ ਜਾਂਦਾ ਹੈ। ਸੂਰਮੇ ਉਨ੍ਹਾਂ ਨੂੰ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਸੱਚੀ ਦਰਗਾਹ ਵਿਚ ਸੱਚੀ ਇੱਜ਼ਤ ਮਿਲਦੀ ਹੈ। ਇਸ ਸੰਸਾਰ ਤੋਂ ਵੀ ਇੱਜ਼ਤ ਕਮਾ ਕੇ ਜਾਂਦੇ ਹਨ ਅਤੇ ਅੱਗੇ ਵੀ ਆਪਣਾ ਮਾਣ, ਆਪਣੀ ਇੱਜ਼ਤ ਕਾਇਮ ਰੱਖਦੇ ਹਨ। ਉਸ ਪਰਵਦਗਾਰ ਨੂੰ ਲਾਸਾਨੀ, ਸਰਵਵਿਆਪਕ ਜਾਣ ਕੇ ਉਸ ਦਾ ਸਿਮਰਨ ਕਰਦੇ ਹਨ ਅਤੇ ਇਸ ਸਿਮਰਨ ਦਾ ਫਲ ਪ੍ਰਾਪਤ ਹੁੰਦਾ ਹੈ। ਉਸ ਦੇ ਸਿਮਰਨ ਨਾਲ ਮਨ ਵਿਚੋਂ ਹਰ ਤਰ੍ਹਾਂ ਦਾ ਭੈ, ਖਾਸ ਕਰਕੇ ਮੌਤ ਦਾ ਭੈ ਦੂਰ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ ਜੋ ਮਨੁੱਖ ਉਸ ਇੱਕ ਪਰਵਦਗਾਰ ਦੇ ਭੈ ਵਿਚ ਜਿਉਂਦਾ ਹੈ, ਉਹ ਨਿਰਭਉ ਹੋ ਜਾਂਦਾ ਹੈ, ਉਸ ਨੂੰ ਕਿਸੇ ਹੋਰ ਦਾ ਜਾਂ ਮੌਤ ਦਾ ਭੈ ਨਹੀਂ ਰਹਿੰਦਾ। ਇਸ ਦੇ ਨਾਲ ਹੀ ਹਦਾਇਤ ਇਹ ਵੀ ਕੀਤੀ ਹੈ ਕਿ ਅਹੰਕਾਰ ਨਹੀਂ ਕਰਨਾ, ਕਿਸੇ ਨੂੰ ਉਚਾ ਬੋਲ ਨਹੀਂ ਬੋਲਣਾ, ਆਪਣੇ ਆਪ 'ਤੇ ਸੰਜਮ ਰੱਖਣਾ ਹੈ,

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ॥<br>
ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ॥<br>
ਦਰਗਹ ਮਾਣੁ ਪਾਵਹਿ ਪਤਿ ਸਿਉ, ਜਾਵਹਿ ਆਗੈ ਦੂਖੁ ਨ ਲਾਗੈ॥<br>
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ, ਜਿਤੁ ਸੇਵਿਐ ਭਉ ਭਾਗੈ॥<br>
ਊਚਾ ਨਹੀ ਕਹਣਾ ਮਨ ਮਹਿ, ਰਹਣਾ ਆਪੇ ਜਾਣੈ ਜਾਣੋ॥<br>
ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਣੁ ਪਰਵਾਣੋ॥

(ਪੰਨਾ 579-80)

ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਅਪਰੈਲ 1621 ਈਸਵੀ ਨੂੰ ਮਾਤਾ ਨਾਨਕੀ ਅਤੇ ਗੁਰੂ ਹਰਗੋਬਿੰਦ, ਛੇਵੀਂ ਨਾਨਕ ਜੋਤਿ ਦੇ ਗ੍ਰਹਿ ਵਿਖੇ ਹੋਇਆ। ਗੁਰੂ ਹਰਗੋਬਿੰਦ ਸਾਹਿਬ, ਮੀਰੀ-ਪੀਰੀ ਦੇ ਮਾਲਕ ਨੇ ਗੁਰੂ ਨਾਨਕ ਸਾਹਿਬ ਦੇ ਅਧਿਆਤਮਕ ਅਤੇ ਸੰਸਾਰਕ ਜੀਵਨ ਦੀ ਇਕਸੁਰਤਾ ਵਾਲੇ ਸਥਾਪਤ ਕੀਤੇ ਜੀਵਨ ਦਰਸ਼ਨ ਨੂੰ ਅੱਗੇ ਲੈ ਜਾਂਦਿਆਂ, ਸੰਤ ਅਤੇ ਸਿਪਾਹੀ ਦੇ ਸੁਮੇਲ ਦਾ ਪ੍ਰਤੀਕ ਦੋ ਤਲਵਾਰਾਂ ਪਹਿਨੀਆਂ। ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ ਤਿਆਗ ਮੱਲ ਸੀ ਅਤੇ ਉਨ੍ਹਾਂ ਦਾ ਮੁਢਲਾ ਜੀਵਨ ਅੰਮ੍ਰਿਤਸਰ ਵਿਚ ਬੀਤਿਆਂ ਜਿੱਥੇ ਗੁਰੂ ਹਰਗੋਬਿੰਦ ਸਾਹਿਬ ਨੇ ਉਨ੍ਹਾਂ ਦੀ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਦਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਦੀ ਰਹਿਨੁਮਾਈ ਵਿਚ ਉਨ੍ਹਾਂ ਨੇ ਗੁਰਮੁਖੀ, ਸੰਸਕ੍ਰਿਤ, ਫਾਰਸੀ ਆਦਿ ਬੋਲੀਆਂ ਦੀ ਉਚੇਰੀ ਸਿੱਖਿਆ ਦੇ ਨਾਲ ਨਾਲ ਧਰਮ ਦਰਸ਼ਨ ਦਾ ਗਿਆਨ ਪ੍ਰਾਪਤ ਕੀਤਾ; ਘੋੜ-ਸਵਾਰੀ, ਤੀਰ ਅੰਦਾਜ਼ੀ ਦੀ ਮੁਹਾਰਤ ਪ੍ਰਾਪਤ ਕੀਤੀ ਅਤੇ ਤਲਵਾਰਬਾਜ਼ੀ ਦੀ ਸਿਖਲਾਈ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਦਿੱਤੀ।

ਅਕਬਰ ਬਾਦਸ਼ਾਹ ਤੋਂ ਬਾਅਦ ਜਹਾਂਗੀਰ ਵੱਲੋਂ ਦਿੱਲੀ ਦੇ ਤਖਤ ਤੇ ਬੈਠਣ ਉਪਰੰਤ ਮੁਗਲ ਸਲਤਨਤ ਦਾ ਸਿੱਖ ਧਰਮ ਪ੍ਰਤੀ ਰਵੱਈਆ ਸੁਖਾਵਾਂ ਨਹੀਂ ਸੀ ਰਿਹਾ। ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਗੁਰੂ ਹਰਗੋਬਿੰਦ ਸਾਹਿਬ ਨੂੰ ਮੁਗਲਾਂ ਨਾਲ ਕਈ ਲੜਾਈਆਂ ਲੜਨੀਆਂ ਪਈਆਂ ਅਤੇ ਬਾਲਕ ਤੇਜ ਮੱਲ ਨੇ ਪਿਤਾ-ਗੁਰੂ ਦੀ ਆਗਿਆ ਨਾਲ ਮਹਿਜ ਤੇਰਾਂ ਸਾਲ ਦੀ ਉਮਰ ਵਿਚ ਕਰਤਾਰਪੁਰ ਵਿਚ ਮੁਗਲਾਂ ਨਾਲ ਹੋਏ ਯੁੱਧ ਵਿਚ ਹਿੱਸਾ ਲਿਆ। ਇਸ ਜੰਗ ਵਿਚ ਉਨ੍ਹਾਂ ਨੇ ਜਿਸ ਦਲੇਰੀ ਅਤੇ ਹੁਸ਼ਿਆਰੀ ਨਾਲ ਦੁਸ਼ਮਣ ਨਾਲ ਲੜਦਿਆਂ ਤਲਵਾਰ ਦੇ ਜੌਹਰ ਦਿਖਾਏ, ਉਸ ਤੋਂ ਹੀ ਉਨ੍ਹਾਂ ਦਾ ਨਾਮ ਤੇਜ ਮੱਲ ਤੋਂ ਤੇਗ ਬਹਾਦਰ (ਤਲਵਾਰ ਦੇ ਧਨੀ) ਹੋ ਗਿਆ। ਕਰਤਾਰਪੁਰ ਦੇ ਨਿਵਾਸ ਦੌਰਾਨ ਹੀ ਉਨ੍ਹਾਂ ਦਾ ਵਿਆਹ 1632 ਈਸਵੀ ਵਿਚ (ਮਾਤਾ) ਗੁਜਰੀ ਜੀ ਨਾਲ ਹੋ ਗਿਆ। ਗੁਰੂ



ਗੁਰਦੁਆਰਾ ਸੀਸਗੰਜ ਸਾਹਿਬ

ਹਰਗੋਬਿੰਦ ਸਾਹਿਬ ਦੇ ਹੁਕਮ ਦੀ ਪਾਲਣਾ ਕਰਦਿਆਂ ਉਨ੍ਹਾਂ ਨੇ ਆਪਣੀ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਜੀ ਸਮੇਤ ਬਕਾਲੇ ਰਿਹਾਇਸ਼ ਕਰ ਲਈ। ਗੁਰੂ ਹਰਗੋਬਿੰਦ ਸਾਹਿਬ ਨੇ ਸ਼ਿਵਾਲਕ ਪਹਾੜੀਆਂ ਦੇ ਪੈਰਾਂ ਵਿਚ ਨਵਾਂ ਨਗਰ ਕੀਰਤਪੁਰ ਵਸਾਇਆ ਅਤੇ ਇਥੇ ਹੀ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 1644 ਵਿਚ ਗੁਰਗੱਦੀ ਬਾਬਾ ਗੁਰਦਿੱਤਾ ਜੀ ਦੇ ਪੁੱਤਰ, ਆਪਣੇ ਪੋਤੇ ਹਰਿ ਰਾਏ ਜੀ ਨੂੰ ਸੌਂਪ ਦਿੱਤੀ, ਜਿਨ੍ਹਾਂ ਨੇ ਸੰਗਤਿ ਦੀ ਅਗਵਾਈ 1661 ਈਸਵੀ ਤੱਕ ਕੀਤੀ। ਗੁਰੂ ਆਪ ਜਾਣੀ ਜਾਣ ਸਨ ਅਤੇ ਇਸ ਵਿਚ ਵੀ ਕੋਈ ਮਸਲੀਅਤ ਸੀ, ਜਿਸ ਵਿਚ ਆਉਣ ਵਾਲੇ ਔਖੇ ਵਕਤ ਲਈ ਗੁਰੂ ਤੇਗ ਬਹਾਦਰ ਸਾਹਿਬ ਦੀ ਤਿਆਰੀ ਦਾ ਰਹੱਸ ਛੁਪਿਆ ਹੋਇਆ ਸੀ।

ਗੁਰੂ ਹਰਿ ਰਾਏ ਜੀ ਨੇ 1661 ਈ. ਵਿਚ ਗੁਰਗੱਦੀ ਗੁਰੂ ਹਰਕ੍ਰਿਸ਼ਨ ਜੀ ਨੂੰ ਸੌਂਪੀ, ਜਿਨ੍ਹਾਂ ਦੀ ਉਮਰ ਉਸ ਵੇਲੇ ਬਹੁਤ ਛੋਟੀ ਸੀ। ਗੁਰੂ ਹਰਕ੍ਰਿਸ਼ਨ 1664 ਈ. ਵਿਚ ਦਿੱਲੀ ਵਿਖੇ ਸਨ, ਜਦੋਂ ਉਥੇ ਹੈਜ਼ਾ ਅਤੇ ਚੇਚਕ ਦੀ ਮਹਾਂਮਾਰੀ ਫੈਲ ਗਈ। ਬਿਮਾਰਾਂ ਦੀ ਦੇਖ-ਭਾਲ ਕਰਦਿਆਂ ਗੁਰੂ ਹਰਕ੍ਰਿਸ਼ਨ ਬਿਮਾਰ ਹੋ ਗਏ ਅਤੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਇਸ਼ਾਰਾ ਕੀਤਾ ਕਿ 'ਬਾਬਾ ਬਕਾਲੇ', ਜਿਸ ਦਾ ਅਰਥ ਸੀ ਕਿ ਉਨ੍ਹਾਂ ਦਾ ਵਾਰਿਸ ਗੁਰੂ ਬਕਾਲੇ ਵਿਖੇ ਹੈ। ਗੁਰੂ ਨਾਨਕ ਦੇ ਸਥਾਪਤ ਕੀਤੇ ਮਾਰਗ ਤੇ ਸੰਗਤਾਂ ਦੀ ਅਗਵਾਈ ਕਰਨ ਲਈ ਨੌਵੇਂ ਗੁਰੂ ਦੇ ਰੂਪ ਵਿਚ ਗੁਰੂ ਤੇਗ ਬਹਾਦਰ 20 ਮਾਰਚ 1665 ਨੂੰ ਗੁਰਗੱਦੀ 'ਤੇ ਬੈਠੇ, ਬਕਾਲੇ ਤੋਂ ਕੀਰਤਪੁਰ ਸਾਹਿਬ ਚਲੇ ਗਏ ਅਤੇ ਥੋੜ੍ਹੀ ਦੇਰ ਬਾਅਦ ਹੀ ਉਨ੍ਹਾਂ ਨੇ ਕੀਰਤਪੁਰ ਸਾਹਿਬ ਦੇ ਨੇੜੇ ਹੀ ਆਪਣੀ ਮਾਤਾ ਜੀ ਦੇ ਨਾਮ 'ਤੇ 'ਚੱਕ ਨਾਨਕੀ' ਵਸਾਇਆ, ਜੋ ਪਿੱਛੋਂ ਅਨੰਦਪੁਰ ਕਰਕੇ ਜਾਣਿਆ ਗਿਆ ਅਤੇ ਖਾਲਸੇ ਦਾ ਜਨਮ ਸਥਾਨ ਬਣਿਆ। ਗੁਰੂ ਨਾਨਕ ਅਤੇ ਉਨ੍ਹਾਂ ਦੇ ਵਾਰਿਸ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਉਨ੍ਹਾਂ ਨੇ ਪੰਜਾਬ ਦੇ ਦੂਰ-ਦੁਰਾਡੇ ਖੇਤਰਾਂ ਦੀ ਯਾਤਰਾ ਕੀਤੀ ਅਤੇ ਨਾਲ ਹੀ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਜਿਵੇਂ ਯੂ. ਪੀ., ਬਿਹਾਰ, ਬੰਗਾਲ ਅਤੇ ਅਸਾਮ ਵਰਗੇ ਪ੍ਰਾਂਤਾਂ ਵਿਚ ਗਏ। ਜਦੋਂ ਗੁਰੂ ਤੇਗ ਬਹਾਦਰ ਆਪਣੇ ਪਰਿਵਾਰ ਨੂੰ ਬਿਹਾਰ ਵਿਚ ਪਟਨਾ ਵਿਖੇ ਠਹਿਰਾ ਕੇ ਆਪ ਅਸਾਮ ਵੱਲ ਗਏ ਤਾਂ ਇਸੇ ਸਮੇਂ ਦੌਰਾਨ ਬਾਲਕ ਗੋਬਿੰਦ ਰਾਇ ਦਾ ਜਨਮ 5 ਜਨਵਰੀ 1666 ਈ. ਨੂੰ ਹੋਇਆ। ਗੁਰੂ ਤੇਗ ਬਹਾਦਰ ਜਦੋਂ ਪ੍ਰਚਾਰ ਵਿਚ ਰੁੱਝੇ ਹੋਏ ਸਨ ਤਾਂ ਬਾਲਕ ਗੋਬਿੰਦ ਰਾਇ ਦੀ ਮੁਢਲੀ ਸਿੱਖਿਆ ਦਾ ਪ੍ਰਬੰਧ ਪਟਨਾ ਵਿਖੇ ਮਾਤਾ ਗੁਜਰੀ ਜੀ ਨੇ ਆਪਣੀ ਦੇਖ ਰੇਖ ਵਿਚ ਕੀਤਾ। ਕਰੀਬ 1672 ਈ. ਵਿਚ ਗੁਰੂ ਪਰਿਵਾਰ ਵਾਪਸ ਅਨੰਦਪੁਰ ਆ ਗਿਆ।

ਇਸ ਸਮੇਂ ਔਰੰਗਜ਼ੇਬ ਦਿੱਲੀ ਦੇ ਤਖਤ 'ਤੇ ਬਿਰਾਜਮਾਨ ਸੀ ਅਤੇ ਉਸ ਦੇ ਰਾਜਕਾਲ ਵਿਚ ਮੁਗਲ ਹਾਕਮਾਂ ਦਾ ਜ਼ਬਰ ਪਰਜਾ 'ਤੇ ਬਹੁਤ ਵਧ ਗਿਆ ਸੀ ਅਤੇ ਵੱਡੇ ਪੱਧਰ 'ਤੇ ਲੋਕਾਂ ਨੂੰ ਮੁਸਲਮਾਨ ਬਣਨ ਲਈ ਮਜਬੂਰ ਕੀਤਾ ਜਾ ਰਿਹਾ ਸੀ। ਬਾਲਕ ਗੋਬਿੰਦ ਰਾਇ ਦੀ ਉਮਰ ਸਿਰਫ 9 ਸਾਲ ਸੀ, ਜਦੋਂ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਸਾਹਿਬ ਕੋਲ ਅਨੰਦਪੁਰ ਆਪਣੀ ਫਰਿਆਦ ਲੈ ਕੇ ਆਏ ਸਨ ਕਿ ਉਨ੍ਹਾਂ ਨੂੰ ਮੁਸਮਾਨ ਬਣਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਗੁਰੂ ਤੇਗ ਬਹਾਦਰ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਔਰੰਗਜ਼ੇਬ ਦੇ ਇਸ ਜ਼ੁਲਮ ਨੂੰ ਰੋਕਣ ਲਈ ਦਿੱਲੀ ਵੱਲ ਰਵਾਨਾ ਹੋਏ ਅਤੇ ਭਾਈ ਮਤੀ ਦਾਸ, ਸਤੀ ਦਾਸ ਅਤੇ ਭਾਈ ਦਿਆਲਾ ਵੀ ਉਨ੍ਹਾਂ ਦੇ ਨਾਲ ਗਏ। ਗੁਰੂ ਤੇਗ ਬਹਾਦਰ ਅਤੇ ਉਨ੍ਹਾਂ ਦੀ ਸੰਗਤਿ ਵਿਚ ਗਏ ਸਿੱਖਾਂ ਨੇ ਦਿੱਲੀ ਵਿਚ ਸ਼ਹਾਦਤ ਦਿੱਤੀ। ਇਹ ਸ਼ਹਾਦਤ ਆਪਣੇ ਧਰਮ ਨੂੰ ਮੰਨਣ ਦੀ ਮਨੁੱਖ ਦੀ ਮੁਢਲੀ ਆਜ਼ਾਦੀ, ਬਰਾਬਰੀ, ਮਨੁੱਖੀ ਸਵੈਮਾਨ ਅਤੇ ਇਨਸਾਫ ਲਈ ਦਿੱਤੀ ਗਈ। ਇਹ ਸ਼ਹਾਦਤ ਇਸ ਸਿਧਾਂਤ ਦੀ ਸਥਾਪਤੀ ਲਈ ਦਿੱਤੀ ਗਈ ਕਿ ਸਾਰੇ ਮਨੁੱਖ ਉਸ ਇੱਕ ਅਕਾਲ ਪੁਰਖ ਦੀ ਸਿਰਜਣਾ ਹਨ, ਸਭ ਦਾ ਸੋਮਾ ਉਹ ਇੱਕ ਅਕਾਲ ਪੁਰਖ ਹੈ, ਇਸ ਲਈ ਸਾਰਿਆਂ ਨੂੰ ਜੀਣ ਅਤੇ ਥੀਣ ਦਾ ਬਰਾਬਰ ਦਾ ਹੱਕ ਹੈ। ਹਰ ਇੱਕ ਮਨੁੱਖ ਨੂੰ, ਭਾਵੇਂ ਕਿਸੇ ਵੀ ਅਕੀਦੇ ਨਾਲ ਸਬੰਧਤ ਹੋਵੇ, ਆਪਣੇ ਇਸ਼ਟ ਨੂੰ ਧਿਆਉਣ ਦਾ ਹੱਕ ਹੈ। ਇਸ ਲਈ ਉਨ੍ਹਾਂ ਨੇ ਹੱਕ ਅਤੇ ਸੱਚ ਲਈ ਸ਼ਹਾਦਤ ਦਿੱਤੀ। ਗੁਰੂ ਨਾਨਕ ਸਾਹਿਬ ਨੇ ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੇ ਰਾਜਿਆਂ, ਉਨ੍ਹਾਂ ਦੇ ਅਹਿਲਕਾਰਾਂ ਨੂੰ ਲੋਕਾਂ ਦਾ ਸ਼ਿਕਾਰ ਕਰਨ ਵਾਲੇ 'ਸੀਹ' ਅਤੇ 'ਕੁਤੇ'; ਧਾਰਮਿਕ ਹੋਣ ਦਾ ਦਿਖਾਵਾ ਕਰਦਿਆਂ ਲੋਕਾਂ ਦੇ ਹੱਕ ਖੋਹਣ ਵਾਲਿਆਂ ਨੂੰ 'ਜਗਤ ਕਾਸਾਈ' ਕਿਹਾ ਹੈ ਅਤੇ ਬਾਹਰੀ ਹਮਲਾਵਰਾਂ ਨੂੰ 'ਪਾਪ ਕੀ ਜੰਞ' ਕਹਿ ਕੇ ਵਿਰੋਧ ਕੀਤਾ। ਮਲਕ ਭਾਗੋ ਵਰਗਿਆਂ ਨੂੰ ਸਪੱਸ਼ਟ ਕੀਤਾ ਕਿ ਉਹ ਲੋਕਾਂ ਦਾ ਖ਼ੂਨ ਚੂਸ ਰਹੇ ਹਨ। ਗੁਰੂ ਤੇਗ ਬਹਾਦਰ ਨੇ ਮਾਨਵਤਾਵਾਦੀ ਕੀਮਤਾਂ ਦੀ ਸਥਾਪਤੀ ਲਈ ਸ਼ਹਾਦਤ ਦਿੱਤੀ। ਉਨ੍ਹਾਂ ਨੇ ਤਾਂ ਮਨੁੱਖ ਦੇ ਸਾਹਮਣੇ ਗਿਆਨਵਾਨ ਹੋਣ ਦਾ ਪੈਮਾਨਾ ਵੀ ਰੱਖਿਆ, ਜੋ ਮਨੁੱਖ ਕਿਸੇ ਨੂੰ ਨਾ ਡਰਾਉਂਦਾ ਹੈ ਅਤੇ ਨਾਹੀ ਕਿਸੇ ਤੋਂ ਡਰਦਾ ਹੈ,

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥<br>
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ॥

(ਪੰਨਾ 1426-27)

ਇਨ੍ਹਾਂ ਹੀ ਮਾਨਵਤਾ ਨੂੰ ਪ੍ਰਣਾਈਆਂ ਕੀਮਤਾਂ ਨੂੰ ਅੱਗੇ ਲੈ ਜਾਂਦਿਆ ਇਨ੍ਹਾਂ ਦੀ ਸਥਾਪਤੀ ਲਈ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਗਰੀਬਾਂ, ਸਦੀਆਂ ਤੋਂ ਦੱਬੇ-ਕੁਚਲੇ, ਜ਼ੁਲਮ ਸਹਿ ਰਹੇ ਕਮਜ਼ੋਰਾਂ ਨੂੰ ਜ਼ਾਬਰਾਂ ਨਾਲ ਟੱਕਰ ਲੈਣ ਦੇ ਯੋਗ ਬਣਾਇਆ।

ਪਹਿਲੀ ਅਤੇ ਦੂਸਰੀ ਆਲਮੀ ਜੰਗਾਂ ਦੌਰਾਨ ਬਹੁਤ ਵੱਡੀ ਪੱਧਰ 'ਤੇ ਮਨੁੱਖੀ ਹੱਕਾਂ ਦਾ ਘਾਣ ਹੋਇਆ। ਮਨੁੱਖਤਾ ਨੂੰ ਵੱਡੀ ਪੱਧਰ 'ਤੇ ਜਿੱਥੇ ਜਾਨ ਅਤੇ ਮਾਲ ਤੋਂ ਹੱਥ ਧੋਣੇ ਪਏ, ਘਰੋਂ ਬੇਘਰ ਹੋਣਾ ਪਿਆ, ਉਥੇ ਹੀ ਅਣਮਨੁੱਖੀ ਵਤੀਰਾ ਸਹਿਨ ਕਰਦਿਆਂ ਜ਼ਲੀਲ ਹੋਣਾ ਪਿਆ। ਭਵਿੱਖ ਵਿਚ ਇਸ ਕਿਸਮ ਦੀ ਆਲਮੀ ਤਬਾਹੀ ਦੀ ਰੋਕਥਾਮ ਲਈ ਹੀ ਇਨ੍ਹਾਂ ਯੁੱਧਾਂ ਵਿਚੋਂ ਯੂ. ਐਨ. ਓ. ਵਰਗੀ ਸੰਸਥਾ ਦੀ ਸਥਾਪਨਾ ਹੋਈ। ਸੰਨ 1948 ਵਿਚ 10 ਦਸੰਬਰ ਨੂੰ ਵਿਸ਼ਵਵਿਆਪੀ ਮਨੁੱਖੀ ਅਧਿਕਾਰ ਦਿਵਸ ਐਲਾਨਿਆ ਗਿਆ ਤਾਂ ਕਿ ਹਰ ਮਨੁੱਖ ਨੂੰ ਬਰਾਬਰੀ, ਨਿਆਉਂ, ਆਜ਼ਾਦੀ ਅਤੇ ਸੁਰੱਖਿਆ ਮੁਹੱਈਆ ਕਰਾਉਣ ਲਈ ਯਤਨ ਕੀਤੇ ਜਾਣ। ਸਾਂਝੇ ਯਤਨਾਂ ਰਾਹੀਂ ਦੁਨੀਆਂ ਭਰ ਵਿਚ ਨਾਬਰਾਬਰੀ ਅਤੇ ਦੁਸ਼ਵਾਰੀਆਂ ਦਾ ਸਾਹਮਣਾ ਕਰ ਰਹੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਤੇ ਲੋਕਤੰਤਰੀ ਕੀਮਤਾਂ ਦੀ ਬਹਾਲੀ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਸਕਣ। ਇਸ ਤਰ੍ਹਾਂ 10 ਦਸੰਬਰ ਸੰਸਾਰ ਪੱਧਰ ਤੇ 'ਹਿਊਮਨ ਰਾਈਟਸ ਡੇ' ਕਰਕੇ ਮਨਾਇਆ ਜਾਂਦਾ ਹੈ।

ਦਿੱਲੀ ਨੂੰ ਜਾਂਦੇ ਸ਼ਾਹਰਾਹਾਂ 'ਤੇ ਦਿੱਲੀ ਦੁਆਲੇ ਸੰਘਰਸ਼ ਕਰ ਰਹੇ ਕਿਸਾਨਾਂ ਵਿਚ ਪੰਜਾਬ ਦੀਆਂ 32 ਜਥੇਬੰਦੀਆਂ ਦੇ ਨਾਲ ਹਰਿਆਣਾ, ਉਤਰ ਪ੍ਰਦੇਸ਼, ਉਤਰਾਖੰਡ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹੋਰ ਵੱਖ ਵੱਖ ਪ੍ਰਾਂਤਾਂ ਤੋਂ ਕਿਸਾਨ ਜਥੇਬੰਦੀਆਂ ਸੰਘਰਸ਼ ਵਿਚ ਸ਼ਾਮਲ ਹਨ। ਭਾਜਪਾਈ ਸਰਕਾਰ ਵੱਲੋਂ ਵੱਖ ਵੱਖ ਸਮਿਆਂ 'ਤੇ ਆਪਣੇ ਹੱਕਾਂ ਲਈ ਅਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ, ਵਿਦਿਆਰਥੀਆਂ, ਪੱਤਰਕਾਰਾਂ, ਮਾਨਵ ਅਧਿਕਾਰੀ ਕਾਰਕੁੰਨਾਂ ਅਤੇ ਸਮਾਜ ਸੇਵੀ ਪੁਰਸ਼ਾਂ ਅਤੇ ਔਰਤਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਇਨ੍ਹਾਂ ਵਿਚੋਂ ਕਈ ਤਾਂ ਵੱਡੀ ਉਮਰ ਦੇ ਹਨ, ਜਿਨ੍ਹਾਂ ਦੀ ਸਿਹਤ ਵੀ ਠੀਕ ਨਹੀਂ ਹੈ, ਅਪੰਗ ਵੀ ਹਨ। 10 ਦਸੰਬਰ ਨੂੰ ਮਾਨਵ ਅਧਿਕਾਰ ਦਿਵਸ ਮਨਾਉਂਦੇ ਹੋਏ ਕਿਸਾਨ ਧਰਨੇ 'ਤੇ ਬੈਠੀਆਂ ਬੀਬੀਆਂ ਨੇ ਜੇਲ੍ਹਾਂ ਵਿਚ ਬੰਦ ਇਨ੍ਹਾਂ ਵਿਅਕਤੀਆਂ ਦੇ ਨਾਂਵਾਂ ਦੀਆਂ ਤਖ਼ਤੀਆਂ ਚੁੱਕੀਆਂ ਹੋਈਆਂ ਸਨ ਕਿ ਇਨ੍ਹਾਂ ਨੂੰ ਜੇਲ੍ਹਾਂ ਤੋਂ ਰਿਹਾ ਕੀਤਾ ਜਾਵੇ। ਇੱਥੇ ਇਹ ਵੀ ਯਾਦ ਰੱਖਣਾ ਬਣਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨਾਲ ਗਵਾਲੀਅਰ ਦੇ ਕਿਲੇ ਵਿਚ ਭਾਰਤੀ ਰਿਆਸਤਾਂ ਦੇ 52 ਰਾਜੇ ਵੀ ਕੈਦ ਸਨ। ਜਦੋਂ ਗੁਰੂ ਹਰਗੋਬਿੰਦ ਦੀ ਰਿਹਾਈ ਲਈ ਜਹਾਂਗੀਰ ਨੇ ਕਿਹਾ ਤਾਂ ਗੁਰੂ ਹਰਗੋਬਿੰਦ ਨੇ ਉਨ੍ਹਾਂ 52 ਰਾਜਿਆਂ ਦੀ ਰਿਹਾਈ ਦੀ ਸ਼ਰਤ ਵੀ ਨਾਲ ਰੱਖ ਦਿੱਤੀ ਸੀ, ਜਿਸ 'ਤੇ ਜਹਾਂਗੀਰ ਨੇ ਕਿਹਾ ਸੀ ਕਿ ਗੁਰੂ ਦੇ ਚੋਲੇ ਦੀਆਂ ਕਲੀਆਂ ਫੜ ਕੇ ਜਿੰਨੇ ਜਾ ਸਕਦੇ ਹਨ, ਚਲੇ ਜਾਣ। ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਕਹਿ ਕੇ 52 ਕਲੀਆਂ ਵਾਲਾ ਚੋਲਾ ਮੰਗਵਾਇਆ ਸੀ, ਜਿਸ ਦੀਆਂ ਕਲੀਆਂ ਫੜ ਕੇ ਉਹ 52 ਰਾਜੇ ਵੀ ਰਿਹਾ ਹੋ ਗਏ ਸਨ। ਇੱਥੋਂ ਹੀ ਗੁਰੂ ਹਰਗੋਬਿੰਦ ਸਾਹਿਬ ਦਾ ਨਾਮ 'ਬੰਦੀ ਛੋੜ ਗੁਰੂ' ਪਿਆ ਸੀ।


ਗੁਰੂ ਜੀ ਨੂੰ ਡਰਾਉਣ ਲਈ ਨਾਲ ਗਏ ਸਿੱਖਾਂ ਵਿਚੋਂ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨੂੰ ਬੜੀ ਕਰੂਰਤਾ ਨਾਲ ਸ਼ਹੀਦ ਕਰ ਦਿੱਤਾ ਗਿਆ। ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲ ਦਿੱਤਾ ਗਿਆ, ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਸਤੀ ਦਾਸ ਜੀ ਨੂੰ ਜ਼ਿੰਦਾ ਜਲਾ ਦਿੱਤਾ ਗਿਆ। ਇਹ ਸਭ ਵੇਖ ਕੇ ਵੀ ਗੁਰੂ ਜੀ ਉਸ ਦੇ ਜ਼ੁਲਮ ਅੱਗੇ ਨਹੀਂ ਝੁਕੇ। ਆਖਰ ਔਰੰਗਜ਼ੇਬ ਨੇ ਐਲਾਨ ਕਰ ਦਿੱਤਾ ਕਿ ਗੁਰੂ ਤੇਗ ਬਹਾਦਰ ਜੀ ਦਾ ਸੀਸ ਕਲਮ ਕਰਕੇ ਸੀਸ ਨੇਜ਼ੇ 'ਤੇ ਟੰਗ ਕੇ ਦਿੱਲੀ ਵਿਚ ਘੁਮਾਇਆ ਜਾਵੇਗਾ। ਚਾਂਦਨੀ ਚੌਕ, ਦਿੱਲੀ ਵਿਖੇ 1675 ਈਸਵੀ ਨੂੰ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਜਲਾਦ ਨੇ ਜਿਵੇਂ ਹੀ ਗੁਰੂ ਜੀ ਦੇ ਸੀਸ ਉੱਪਰ ਤਲਵਾਰ ਦਾ ਵਾਰ ਕੀਤਾ ਤਾਂ ਅਚਾਨਕ ਖ਼ਤਰਨਾਕ ਹਨੇਰੀ ਅਤੇ ਝੱਖੜ ਝੁੱਲ ਪਿਆ। ਪਹਿਲਾਂ ਹੀ ਬਣਾਈ ਵਿਉਂਤ ਨਾਲ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਚੁੱਕਿਆ ਤੇ ਆਨੰਦਪੁਰ ਸਾਹਿਬ ਨੂੰ ਚੱਲ ਪਿਆ। ਭਾਈ ਲੱਖੀ ਸ਼ਾਹ ਵਣਜਾਰਾ ਨੇ ਕੁਝ ਹੋਰ ਸਿੱਖਾਂ ਦੀ ਮਦਦ ਨਾਲ ਗੁਰੂ ਜੀ ਦਾ ਧੜ ਚੁੱਕ ਕੇ ਆਪਣੇ ਘਰ ਪਿੰਡ ਰਾਏਸੀਨਾ ਵਿਚ ਲਿਜਾ ਕੇ ਘਰ ਨੂੰ ਅੱਗ ਲਗਾ ਦਿੱਤੀ। ਜਿੱਥੇ ਭਾਈ ਲੱਖੀ ਸ਼ਾਹ ਵਣਜਾਰਾ ਨੇ ਆਪਣੇ ਘਰ ਅੰਦਰ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ ਸੀ ਉੱਥੇ ਗੁਰਦੁਆਰਾ ਰਕਾਬਗੰਜ ਸਾਹਿਬ ਅਤੇ ਜਿੱਥੇ ਗੁਰੂ ਜੀ ਦਾ ਸੀਸ ਕੱਟਿਆ ਗਿਆ ਉੱਥੇ ਗੁਰਦੁਆਰਾ ਸੀਸਗੰਜ ਸਾਹਿਬ ਸੁਸ਼ੋਭਿਤ ਹੈ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਗਿ. ਸੋਹਣ ਸਿੰਘ ਸੀਤਲ

ਲੜੀਵਾਰ ਕਿਸ਼ਤ - 44

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**



1. ਅੰਗਰੇਜ਼ੀ ਸਰਕਾਰ 1846 ਈ। ਦੇ ਅਖ਼ੀਰ ਤਕ, ਜਦ ਤਕ ਨਵੀਂ ਸਿੱਖ ਫ਼ੌਜ ਛੇਵੀਂ ਸ਼ਰਤ ਦੇ ਮੁਤਾਬਕ ਠੀਕ ਨਹੀਂ ਹੋ ਜਾਂਦੀ, ਓਨੀ ਅੰਗਰੇਜ਼ੀ ਫ਼ੌਜ ਲਾਹੌਰ ਰੱਖੇਗੀ, ਜਿੰਨੀ ਗਵਰਨਰ-ਜੈਨਰਲ ਮਹਾਰਾਜੇ ਤੇ ਲਾਹੌਰ ਵਾਸੀਆਂ ਦੀ ਰੱਖਿਆ ਵਾਸਤੇ ਠੀਕ ਸਮਝੇਗਾ। ਇਹ ਫ਼ੌਜ ਸਾਲ ਮੁੱਕਣ ਤੋਂ ਪਹਿਲਾਂ ਜਿਸ ਵੇਲੇ ਲਾਹੌਰ ਦਰਬਾਰ ਚਾਹਵੇ, ਹਟਾ ਲਈ ਜਾਵੇਗੀ। ਅੰਗਰੇਜ਼ੀ ਫ਼ੌਜ ਸਾਲ ਮੁਕਣ ਤੋਂ ਪਿਛੋਂ ਲਾਹੌਰ ਨਹੀਂ ਰਹੇਗੀ।
2. ਲਾਹੌਰ ਸਰਕਾਰ ਏਸ ਗੱਲ ਨਾਲ ਸਹਿਮਤ ਹੈ, ਕਿ ਅੰਗਰੇਜ਼ੀ ਫ਼ੌਜ, ਜੋ ਉੱਪਰ ਦੱਸੇ ਕੰਮ ਵਾਸਤੇ ਲਾਹੌਰ ਰਹੇਗੀ, ਉਸਨੂੰ ਲਾਹੌਰ ਸ਼ਹਿਰ ਤੇ ਕਿਲ੍ਹੇ ਦਾ ਕਬਜ਼ਾ ਦਿੱਤਾ ਜਾਵੇਗਾ ਤੇ ਲਾਹੌਰ ਦੀ ਫ਼ੌਜ ਸ਼ਹਿਰੋਂ ਬਾਹਰ ਕੱਢ ਦਿੱਤੀ ਜਾਵੇਗੀ। ਲਾਹੌਰ ਸਰਕਾਰ ਅੰਗਰੇਜ਼ੀ ਫ਼ੌਜ ਦੇ ਸਿਪਾਹੀਆਂ ਤੇ ਅਫ਼ਸਰਾਂ ਦੇ ਰਹਿਣ ਵਾਸਤੇ ਮਕਾਨ ਦੇਵੇਗੀ ਤੇ ਸਾਰੇ ਵਾਧੂ ਖ਼ਰਚ-ਜੋ ਅੰਗਰੇਜ਼ੀ ਫ਼ੌਜ ਨੂੰ ਆਪਣੀਆਂ ਛਾਉਣੀਆਂ ਤੋਂ ਬਾਹਰ ਬਿਗਾਨੇ ਇਲਾਕੇ ਵਿਚ ਰਹਿਣ ਕਰਕੇ ਝੱਲਣੇ ਪੈਣਗੇ- ਅੰਗਰੇਜ਼ਾਂ ਨੂੰ ਦੇਵੇਗੀ।
3. ਲਾਹੌਰ ਸਰਕਾਰ ਛੇਤੀ ਤੇ ਉੱਦਮ ਨਾਲ ਆਪਣੀ ਨਵੀਂ ਫ਼ੌਜ ਨੂੰ ਪੱਕੀਆਂ ਹੋਈਆਂ ਸ਼ਰਤਾਂ ਅਨੁਸਾਰ- ਜਥੇਬੰਦ ਕਰਨਾ ਆਰੰਭ ਦੇਵੇਗੀ ਤੇ ਲਾਹੌਰ ਰਹਿਣ ਵਾਲੇ ਅੰਗਰੇਜ਼ੀ ਅਫ਼ਸਰਾਂ ਦੀ ਸਲਾਹ ਨਾਲ ਨਵੀਂ ਫ਼ੌਜ ਰੱਖੀ ਜਾਵੇਗੀ।
4. ਜੋ ਲਾਹੌਰ ਸਰਕਾਰ ਪਹਿਲਾਂ ਲਿਖੀ ਸ਼ਰਤ ਨੂੰ ਪੂਰਾ ਕਰਨ ਵਿਚ ਅਸਫਲ ਰਹੀ, ਤਾਂ ਸਰਕਾਰ ਅੰਗਰੇਜ਼ੀ ਨੂੰ ਹੱਕ ਹੋਵੇਗਾ, ਕਿ ਉਹ ਆਪਣੀ ਫ਼ੌਜ ਸਾਲ ਮੁੱਕਣ ਤੋਂ ਪਹਿਲਾਂ ਹੀ ਲਾਹੌਰੋਂ ਵਾਪਸ ਬੁਲਾ ਲਵੇ।
5. ਸਰਕਾਰ ਅੰਗਰੇਜ਼ੀ ਉਹਨਾਂ ਸਾਰੇ ਜਾਗੀਰਦਾਰਾਂ ਦੇ ਹੱਕ ਦਾ ਸਤਿਕਾਰ ਕਰੇਗੀ, ਜੋ ਲਾਹੌਰ ਦੀ ਪਹਿਲੀ ਸੁਲ੍ਹਾ ਦੀ ਸ਼ਰਤ ਨੰ: ।-੪ ਅਨੁਸਾਰ ਇਲਾਕਿਆਂ ਦੇ ਮਾਲਕ ਹਨ ਤੇ ਜਿੰਨ੍ਹਾਂ ਦਾ ਸੰਬੰਧ ਮ. ਰਣਜੀਤ ਸਿੰਘ, ਮ, ਖੜਕ ਸਿੰਘ ਤੇ ਮ। ਸ਼ੇਰ ਸਿੰਘ ਦੇ ਖ਼ਾਨਦਾਨ ਨਾਲ ਹੈ। ਸਰਕਾਰ ਅੰਗਰੇਜ਼ੀ, ਉਹਨਾਂ ਜਾਗੀਰਦਾਰਾਂ ਦੀ ਉਮਰ ਤਕ, ਉਹਨਾਂ ਦਾ ਕਬਜ਼ਾ ਉਹਨਾਂ ਦੀਆਂ ਜਾਗੀਰਾਂ ਉੱਤੇ ਬਹਾਲ ਰਖੇਗੀ।
6. ਉਹਨਾਂ ਕਾਰਦਾਰਾਂ ਤੇ ਮੈਨੇਜਰਾਂ ਪਾਸੋਂ-ਜੇ ਲਾਹੌਰ ਸੁਲ੍ਹਾ ਦੀ ਸ਼ਰਤ ਨੰ: 3-4 ਅਨੁਸਾਰ ਹਨ- ਮਾਮਲਾ ਉਗਰਾਹੁਣ ਵਿਚ ਸਰਕਾਰ ਅੰਗਰੇਜ਼ੀ ਲਾਹੌਰ ਦਰਬਾਰ ਦੀ ਮਦਦ ਕਰੇਗੀ।
7. ਲਾਹੌਰ ਸਰਕਾਰ ਨੂੰ, ਉਹਨਾਂ ਸਾਰੇ ਕਿਲ੍ਹਿਆਂ ਤੇ ਇਲਾਕਿਆਂ ਵਿਚੋਂ ਜਿੰਨ੍ਹਾਂ ਦਾ ਜ਼ਿਕਰ ਪਹਿਲੀਆਂ ਸ਼ਰਤਾਂ ਵਿਚ ਹੈ ਖ਼ਜ਼ਾਨਾ ਤੇ ਹੋਰ ਸਰਕਾਰੀ ਜਾਇਦਾਦ ਲੈ ਜਾਣ ਦੀ- ਬਿਨਾਂ ਤੋਪਾਂ ਦੇ-ਖੁੱਲ੍ਹ ਹੋਵੇਗੀ। ਸਰਕਾਰ ਅੰਗਰੇਜ਼ੀ ਉਹਨਾਂ ਵਿਚੋਂ ਕੋਈ ਚੀਜ਼ ਰੱਖਣੀ ਚਾਹੇ, ਤਾਂ ਪੂਰੀ ਕੀਮਤ ਦੇ ਕੇ ਰੱਖ ਸਕੇਗੀ। ਸਰਕਾਰ ਅੰਗਰੇਜ਼ੀ ਅਜਿਹੀਆਂ ਚੀਜ਼ਾਂ ਲੈ ਜਾਣ ਵਿਚ ਮਦਦ ਕਰੇਗੀ।
8. ਦੋਵੇਂ ਸਰਕਾਰਾਂ ਆਪਣੇ ਕਮਿਸ਼ਨਰ ਪੱਕੇ ਕਰਨਗੀਆਂ, ਜੋ ਦੋਹਾਂ ਸਰਕਾਰਾਂ ਦੀ ਵਿਚਲੀ ਹੱਦ ਪੱਕੀ ਕਰਨਗੇ, ਜੋ ਲਾਹੌਰ ਦੀ ਸੁਲ੍ਹਾ 9 ਮਾਰਚ, 1846 ਈ: ਅਨੁਸਾਰ ਹੋਵੇਗੀ।"

ਖ਼ਜ਼ਾਨੇ ਵਿਚ 12 ਕਰੋੜ ਰੁਪਿਆ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਸੁਰਗਵਾਸ ਹੋਇਆ ਸੀ, ਪਰ ਹੁਣ ਡੂਢ ਕਰੋੜ ਵੀ ਨਾ ਨਿਕਲੇ। ਇਕ ਕਰੋੜ ਬਦਲੇ ਤਾਂ ਜੰਮੂ ਤੇ ਕਸ਼ਮੀਰ ਦਾ ਪਹਾੜੀ ਇਲਾਕਾ ਸਿੱਖਾਂ ਨੇ ਅੰਗੇਰਜ਼ਾਂ ਕੋਲ ਵੇਚਿਆ ਤੇ ਬਾਕੀ 50 ਲੱਖ, ਕੁਛ ਖ਼ਜ਼ਾਨੇ ਵਿਚੋਂ ਤੇ ਕੁਛ ਕਈਆਂ ਸਿੱਖ ਸਰਦਾਰਾਂ (ਖਾਸ ਕਰ ਚਤਰ ਸਿੰਘ ਅਟਾਰੀ) ਕੋਲੋਂ ਲੈ ਕੇ ਪੂਰਾ ਕੀਤਾ ਗਿਆ।

16 ਮਾਰਚ, 1846 ਈ: ਨੂੰ ਅੰਮ੍ਰਿਤਸਰ ਵਿਚ ਗੁਲਾਬ ਸਿੰਘ ਨਾਲ ਹਾਰਡਿੰਗ ਨੇ ਬੁਲਾ ਪੱਕੀ ਕੀਤੀ। 75 ਲੱਖ ਰੁਪਿਆ (ਇਸ ਵਿਚੋਂ ਸੁਚੇਤ ਸਿੰਘ ਦਾ 18 ਲੱਖ ਕੱਟਕੇ) ਲੈਕੇ ਗੁਲਾਬ ਸਿੰਘ ਨੂੰ ਜੰਮੂ ਤੇ ਕਸ਼ਮੀਰ (ਦਰਿਆ ਰਾਵੀ ਤੇ ਅਟਕ ਵਿਚਲਾ ਪਹਾੜੀ ਇਲਾਕਾ) ਦਾ ਸੁਤੰਤਰ 'ਮਹਾਰਾਜਾ! ਬਣਾ ਦਿੱਤਾ। ਏਸ ਤਰ੍ਹਾਂ ਸਾਰਾ ਪ੍ਰਬੰਧ ਕਰਕੇ ਲੋੜੀਂਦੀ ਫ਼ੌਜ ਲਾਹੌਰ ਛੱਡ ਕੇ ਬਾਕੀ ਅੰਗਰੇਜ਼ੀ ਫ਼ੌਜ 23 ਮਾਰਚ ਨੂੰ ਲਾਹੌਰੋਂ ਤੁਰੀ ਤੇ 26 ਮਾਰਚ ਨੂੰ ਸਤਲੁਜੋਂ ਪਾਰ ਹੋ ਗਈ।

## ਪੰਜਾਬ ਕਿਉਂ ਨਾ ਜ਼ਬਤ ਕੀਤਾ

ਲਾਰਡ ਹਾਰਡਿੰਗ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਨਹੀਂ ਮਿਲਾਇਆ। ਏਸ ਗੱਲ ਤੋਂ ਕਈ ਅੰਗਰੇਜ਼ ਅਫ਼ਸਰ ਉਸਦੇ ਵਿਰੁਧ ਸਨ। ਪਰ ਉਸਨੇ ਪੰਜਾਬ ਕਿਉਂ ਆਪਣੇ ਰਾਜ ਵਿਚ ਨਹੀਂ ਮਿਲਾਇਆ। ਕੇਵਲ ਇਸ ਬਦਲੇ, ਕਿ ਉਹ ਨਹੀਂ ਸੀ ਮਿਲਾ ਸਕਦਾ। ਨਿਰਾ ਜ਼ਬਾਨੀ ਕਹਿ ਦੇਣ ਨਾਲ, ਜਾਂ ਐਲਾਨ ਕਰ ਦੇਣ ਨਾਲ ਹੀ ਇਹ ਕੰਮ ਨਹੀਂ ਸੀ ਮੁੱਕ ਚੱਲਿਆ, ਸਗੋਂ ਸਾਰੇ ਪੰਜਾਬ 'ਤੇ ਕਬਜ਼ਾ ਕਰਨ ਤੇ ਖ਼ਾਲਸਾ ਫ਼ੌਜਾਂ ਨੂੰ ਦਬਾ ਕੇ, ਉਸ ਵਿਚ ਅਮਨ ਰਖਣਾ ਪੈਣਾ ਸੀ।

ਇਸ ਸਵਾਲ ਦਾ ਜਵਾਬ ਅੰਗਰੇਜ਼ ਇਤਿਹਾਸਕਾਰਾਂ ਦੀ ਜ਼ਬਾਨੀ ਸੁਣੋ: "ਪਹਿਲਾ ਸਿੱਧਾ ਰਸਤਾ ਇਹ ਸੀ, ਕਿ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਜਾਂਦਾ, ਪਰ ਕੰਪਨੀ ਤੇ ਗਵਰਨਰ-ਜੈਨਰਲ ਆਪ ਇਸ ਕੰਮ ਦੇ ਵਿਰੁੱਧ ਓਧਰ ਸਨ। ਕਿਉਂਕਿ ਇਸ ਹਾਲਤ ਵਿਚ ਜੇ ਪੰਜਾਬ ਨੂੰ ਜ਼ਬਤ ਕਰਨਾ ਅਸੰਭਵ ਨਹੀਂ ਸੀ, ਤਾਂ ਔਖਾ ਬਹੁਤ ਸੀ।

- ਚਲਦਾ



5 ਦਸੰਬਰ 1872 : ਜਨਮ ਦਿਹਾੜੇ 'ਤੇ ਵਿਸ਼ੇਸ਼

# ਭਾਈ ਵੀਰ ਸਿੰਘ ਖਿਲਾਫ਼ ਸਾਹਿਤ ਮਾਫ਼ੀਆ ਦਾ ਬਿਰਤਾਂਤ

## ਹੀਰ-ਵੰਨੇ ਵਾਲੇ 'ਚੁੰਝ ਵਿਦਵਾਨਾਂ' ਵੱਲੋਂ ਭਾਈ ਸਾਹਿਬ 'ਤੇ 'ਪੰਜਾਬ ਦਾ ਫੈਬਰਿਕ' ਤਹਿਸ-ਨਹਿਸ ਕਰਨ ਦੇ ਦੋਸ਼ ਕਿੰਨੇ ਕੁ ਸਹੀ?




ਲਿਖਤ
ਡਾ. ਗੁਰਵਿੰਦਰ ਸਿੰਘ
604 825 1550

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਸਾਹਿਤਕਾਰ ਹਨ । ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਨੂੰ ਅੰਮ੍ਰਿਤਸਰ ਵਿਚ ਡਾਕਟਰ ਚਰਨ ਸਿੰਘ ਦੇ ਘਰ ਹੋਇਆ। ਭਾਈ ਵੀਰ ਸਿੰਘ ਦੇ ਪਿਤਾ ਸਰਦਾਰ ਚਰਨ ਸਿੰਘ ਜੀ ਹਿੰਦੀ , ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦੇ ਉੱਚ ਕੋਟੀ ਦੇ ਵਿਦਵਾਨ ਸਨ ਅਤੇ ਸਿੰਘ ਸਭਾ ਲਹਿਰ ਦੇ ਸੰਚਾਲਕ ਮੋਢੀਆਂ ਵਿੱਚੋਂ ਇੱਕ ਸਨ। ਬਚਪਨ ਤੋਂ ਹੀ ਸਿੰਘ ਸਭਾ ਲਹਿਰ ਦਾ ਭਾਈ ਸਾਹਿਬ ਵੀਰ ਸਿੰਘ 'ਤੇ ਡੂੰਘਾ ਪ੍ਰਭਾਵ ਸੀ। ਇਸ ਪ੍ਰਭਾਵ ਦਾ ਅਸਰ ਇਹ ਸੀ ਕਿ ਮੈਟ੍ਰਿਕ ਦੀ ਪੜਾਈ ਖਤਮ ਕਰਦੇ ਹੀ ਆਪ ਦੀਆਂ ਪੰਜਾਬ ਵਿੱਚ ਸਿੱਖ ਧਾਰਮਿਕ ਗਤੀਵਿਧੀਆਂ ਸ਼ੁਰੂ ਹੋ ਗਈਆਂ ਅਤੇ ਆਪ ਜਲਦ ਹੀ ਸਿੱਖ ਧਾਰਮਿਕ ਲਹਿਰਾਂ ਦੇ ਆਗੂ ਦੇ ਰੂਪ ਵਿੱਚ ਅੱਗੇ ਗਏ। ਸਿੰਘ ਸਭਾ ਅੰਮ੍ਰਿਤਸਰ ਦੇ ਵਜੀਰ ਸਿੰਘ ਵੱਲੋਂ ਭਾਈ ਵੀਰ ਸਿੰਘ ਦੇ ਸਹਿਯੋਗ ਨਾਲ ਆਰੰਭੀ 'ਵਜ਼ੀਰ ਹਿੰਦ ਪ੍ਰੈਸ' ਨੇ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਅਹਿਮ ਭੂਮਿਕਾ ਨਿਭਾਈ।

ਭਾਈ ਵੀਰ ਸਿੰਘ ਵੱਲੋਂ 1892 ਵਿਚ ਖਾਲਸਾ ਟਰੈਕਟ ਸੁਸਾਇਟੀ ਦੇ ਪੰਦਰ੍ਹਾਂ-ਰੋਜ਼ਾ ਪੱਤਰ 'ਨਿਰਗੁਣਆਰਾ' ਦੇ ਛਪਣ ਨਾਲ ਪੰਜਾਬੀ ਦੇ ਪਾਠਕਾਂ ਦੀ ਗਿਣਤੀ ਲੱਖਾਂ ਤੱਕ ਪਹੁੰਚ ਗਈ। ਸਿੰਘ ਸਭਾ ਲਹਿਰ ਦੇ ਅਸਰ ਦਾ ਨਤੀਜਾ ਹੀ ਸੀ ਕਿ ਪੰਜਾਬੀ ਪੱਤਰਕਾਰੀ ਦੇ ਆਰੰਭਿਕ ਦੌਰ 'ਚ ਸਭ ਤੋਂ ਵੱਧ ਸਮਾਂ ਛਪਣ ਵਾਲਾ ਹਫ਼ਤਾਵਾਰੀ 'ਖਾਲਸਾ ਸਮਾਚਾਰ', 17 ਨਵੰਬਰ 1899 ਨੂੰ 'ਵਜ਼ੀਰ ਹਿੰਦ ਪ੍ਰੈੱਸ' ਵੱਲੋਂ ਭਾਈ ਵੀਰ ਸਿੰਘ ਦੇ ਸਹਿਯੋਗ ਨਾਲ ਆਰੰਭ ਹੋਇਆ। ਭਾਈ ਸਾਹਿਬ ਵੀਰ ਸਿੰਘ ਦੀ ਪੰਜਾਬੀ ਸਾਹਿਤ 'ਚ ਆਮਦ ਤੋਂ ਪਹਿਲਾਂ ਪੰਜਾਬੀ ਵਾਕ ਬਣਤਰ, ਸ਼ਬਦਾਵਲੀ, ਠੇਠਤਾ ਅਤੇ ਰਵਾਨੀ ਦੇ ਨਮੂਨੇ ਟਾਵੇਂ-ਟਾਵੇਂ ਮਿਲਦੇ ਹਨ । ਪੰਜਾਬੀ ਵਿਚ ਨਿੱਕੀ ਕਵਿਤਾ, ਨਾਵਲ, ਨਾਟਕ, ਜੀਵਨੀ ਸਾਹਿਤ, ਅਨੁਵਾਦ ਅਤੇ ਸੰਪਾਦਨ ਕਾਰਜਾਂ ਸਮੇਤ, ਅਨੇਕਾਂ ਹੋਰ ਸਾਹਿਤ-ਰੂਪਾਂ ਰਾਹੀਂ ਭਾਈ ਸਾਹਿਬ ਨੇ ਮਾਂ-ਬੋਲੀ ਦਾ ਖਜ਼ਾਨਾ ਭਰਪੂਰ ਕਰ ਦਿੱਤਾ ।

ਪੰਜਾਬੀ ਪੱਤਰਕਾਰੀ ਦਾ ਮੁੱਢ ਬੰਨਣ ਅਤੇ ਮੂੰਹ-ਮੁਹਾਂਦਰਾ ਨਿਖਾਰਨ ਵਿਚ ਵੀ ਭਾਈ ਵੀਰ ਸਿੰਘ ਦੀ ਦੇਣ ਅੱਖੋਂ ਪਰੋਖੇ ਨਹੀਂ ਕੀਤੀ ਜਾ ਸਕਦੀ । ਗੁਰਬਾਣੀ ਸਾਹਿਤ ਦੀ ਵਿਆਖਿਆ ਅਤੇ ਗੁਰੂ ਸਾਹਿਬਾਨ ਤੋਂ ਲੈ ਕੇ, ਮਹਾਨ ਸਿੱਖ ਸ਼ਖ਼ਸੀਅਤਾਂ ਬਾਰੇ ਵਡਮੁੱਲਾ ਸਾਹਿਤ ਭਾਈ ਵੀਰ ਸਿੰਘ ਦੀ ਇਤਿਹਾਸਕ ਦੇਣ ਹੈ ।1898 ਵਿਚ ਪ੍ਰਕਾਸ਼ਿਤ ਨਾਵਲ 'ਸੁੰਦਰੀ' ਨਾਲ ਪੰਜਾਬੀ ਪਾਠਕਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੀ ਨਹੀਂ ਹੋਇਆ, ਸਗੋਂ ਪੰਜਾਬੀ ਸਾਹਿਤ ਅੰਦਰ ਅਥਾਹ ਸੰਭਾਵਨਾਵਾਂ ਨੇ ਵੀ ਜਨਮ ਲਿਆ । ਮਗਰੋਂ ਨਾਵਲ ਬਿਜੈ ਸਿੰਘ, ਸਤਵੰਤ ਕੌਰ, ਮਹਾਂਕਾਵਿ ਰਾਣਾ ਸੂਰਤ ਸਿੰਘ, ਕਾਵਿ-ਸੰਗ੍ਰਹਿ ; ਲਹਿਰਾਂ ਦੇ ਹਾਰ, ਮਟਕ ਹੁਲਾਰੇ, ਕੰਬਦੀ ਕਲਾਈ, ਪ੍ਰੀਤ ਵੀਣਾ ਤੇ ਮੇਰੇ ਸਾਈਆਂ ਜੀਉ, ਨਾਟਕ ; ਰਾਜਾ ਲੱਖ ਦਾਤਾ ਸਿੰਘ, ਵੱਡ-ਅਕਾਰੀ ਜੀਵਨੀ ਸਾਹਿਤ ; ਬਾਬਾ ਨੌਧ ਸਿੰਘ, ਸੰਤ ਬਿਮਲਾ ਸਿੰਘ, ਭਰਥਰੀ ਹਰੀ ਜੀਵਨ ਅਤੇ ਨੀਤੀ ਸਾਹਿਤ, ਬਾਲ-ਸਾਹਿਤ ਵਿਚ ਗੁਰ ਬਾਲਮ ਸਾਖੀਆਂ, ਦੇਵੀ ਪੂਜਨ ਪੜਤਾਲ ਅਤੇ ਸੰਤ ਗਾਥਾ ਤੋਂ ਇਲਾਵਾ ਗੁਰੂ ਨਾਨਕ ਚਮਤਕਾਰ , ਅਸ਼ਟ ਗੁਰੂ ਚਮਤਕਾਰ , ਕਲਗੀਧਰ ਚਮਤਕਾਰ ਗਦ ਰਚਨਾਵਾਂ, ਪੁਰਾਤਨ ਜਨਮਸਾਖੀ , ਕਬਿਤ , ਸਵਈਏ ਭਾਈ ਗੁਰਦਾਸ , ਜੀਵਨ ਭਾਈ ਗੁਰਦਾਸ , ਭਗਤ ਰਤਨਾਵਲੀ , ਗੁਰੂ ਗ੍ਰੰਥ ਕੋਸ਼, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਜਾਬੀ ਗ੍ਰੰਥ ਸਟੀਕ ਆਦਿ ਖੋਜ ਸੰਪਾਦਨਾ ਨਾਲ ਸੰਬੰਧਿਤ ਸਾਹਿਤਕ ਰਚਨਾਵਾਂ ਰਾਹੀਂ ਨਿਆਣੇ ਤੋਂ ਸਿਆਣੇ ਤੱਕ, ਹਰ ਵਰਗ ਦੇ ਪੰਜਾਬੀ ਪਾਠਕ ਨੂੰ ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਅਤੇ ਗੁਰਮੁਖੀ ਲਿੱਪੀ ਨਾਲ ਜੋੜਿਆ । ਆਪ ਨੇ ਸਾਲ 1901 ਵਿੱਚ ਚੀਫ਼ ਖਾਲਸਾ ਦੀਵਾਨ ਦੀ ਸਥਾਪਨਾ ਕੀਤੀ ।1908 ਵਿੱਚ ਸਿੱਖ ਵਿੱਦਿਅਕ ਕਾਨਫਰੰਸਾਂ ਰਾਹੀਂ ਪੰਜਾਬੀ ਸਾਹਿਤ ਦੀ ਦੁਨੀਆਂ ਵਿੱਚ ਇਨਕਲਾਬ ਲੈ ਆਂਦਾ।

ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਸੰਸਾਰ ਪੱਧਰ ਤੱਕ ਲਿਜਾਣ ਵਾਸਤੇ ਜਿੱਥੇ ਪੰਜਾਹ ਤੋਂ ਵੱਧ ਕਿਤਾਬਾਂ ਲਿਖੀਆਂ ਅਤੇ ਅਨੇਕਾਂ ਨਵੇਂ ਸਾਹਿਤ ਰੂਪਾਂ ਨੂੰ ਪੰਜਾਬੀ ਸਾਹਿਤ ਵਿਚ ਲਿਆਂਦਾ, ਉੱਥੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਕਈ ਹੋਰ ਮਹਾਨ ਸਾਹਿਤਕਾਰ ਪਾਕੇ ਅਜਿਹਾ ਉਪਕਾਰ ਕੀਤਾ, ਜੋ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦਾ । ਆਪਣੇ ਸਮਿਆਂ ਵਿਚ ਸੰਸਾਰ ਪੱਧਰ ਦੇ ਸਾਹਿਤ ਦੇ ਚੋਟੀ ਦੇ ਲਿਖਾਰੀ ਪ੍ਰੋ. ਪੂਰਨ ਸਿੰਘ ਵਲੋਂ ਮਾਂ ਬੋਲੀ ਪੰਜਾਬੀ ਵਿਚ ਲਿਖਣਾ ਅਤੇ ਸਿਖਰਲੇ ਪੱਧਰ ਦੀਆ ਲਿਖਤਾਂ ਪੰਜਾਬੀ ਸਾਹਿਤ ਦੇ ਖਜ਼ਾਨੇ 'ਚ ਪਾਉਣਾ, ਭਾਈ ਸਾਹਿਬ ਸਦਕਾ ਹੀ ਸੰਭਵ ਹੋ ਸਕਿਆ । ਲੋਕ ਮੁਹਾਵਰੇ 'ਚ ਮਾਖਿਓਂ ਮਿੱਠੀ ਪੰਜਾਬੀ ਕਵਿਤਾ ਦਾ ਲਿਖਾਰੀ ਧਨੀ ਰਾਮ ਚਾਤ੍ਰਿਕ, ਭਾਈ ਸਾਹਿਬ ਦੀ ਪ੍ਰੇਰਨਾ ਅਤੇ ਸਹਿਯੋਗ ਸਦਕਾ ਹੀ ਗੁਰਮੁਖੀ ਦੇ ਵਿਹੜੇ ਦਾ ਗੁਲਾਬ ਬਣਿਆ ।



ਇਥੇ ਹੀ ਬੱਸ ਨਹੀਂ, ਲੋਕ-ਸਾਹਿਤ ਦੇ ਧਨੀਆਂ ਤੋਂ ਲੈ ਕੇ ਪੱਤਰਕਾਰ, ਨਾਵਲਕਾਰ, ਨਾਟਕਕਾਰ ਅਤੇ ਅਨੇਕਾਂ ਕਲਾਕਾਰ ਭਾਈ ਵੀਰ ਸਿੰਘ ਦੇ ਥਾਪੜੇ ਅਤੇ ਹੱਲਾਸ਼ੇਰੀ ਸਦਕਾ, ਪੰਜਾਬੀ ਅੰਬਰ ਦੇ ਸਿਤਾਰੇ, ਚੰਦ ਅਤੇ ਸੂਰਜ ਬਣੇ। ਭਾਈ ਵੀਰ ਸਿੰਘ 1890ਵਿਆਂ ਤੋਂ ਲੈਕੇ 1950ਵਿਆਂ ਤੱਕ ਪੰਜਾਬੀ ਸਾਹਿਤ ਖੇਤਰ ਦੀ ਅਗਵਾਈ ਕਰਦੇ ਰਹੇ ਅਤੇ ਨਿਰੰਤਰ ਕਲਮ ਚਲਾਉਂਦਿਆਂ ਸਾਹਿਤਕ ਸੇਵਾ ਨਿਭਾਉਂਦੇ ਰਹੇ । ਸਾਲ 1949 ਵਿੱਚ ਪੰਜਾਬ ਯੂਨੀਵਰਸਿਟੀ ਨੇ ਆਪ ਨੂੰ 'ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦੀ ਡਿਗਰੀ ਪ੍ਰਦਾਨ ਕੀਤੀ। ਸਾਲ 1952 ਵਿੱਚ ਆਪਨੂੰ ਪੰਜਾਬ ਵਿਧਾਨ ਪਰਿਸ਼ਦ ਦਾ ਆਨਰੇਰੀ ਮੈਂਬਰ ਨਾਮਜ਼ਦ ਕੀਤਾ ਗਿਆ। ਸਾਲ 1954 ਵਿੱਚ ਆਪ ਨੂੰ ਯਾਦਗਾਰੀ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ ਅਤੇ ਆਪ ਨੂੰ ਪਦਮ ਭੂਸ਼ਣ ਦੀ ਉਪਾਧੀ ਦੇ ਨਾਲ ਸਨਮਾਨਤ ਕੀਤਾ ਗਿਆ।

ਅੱਧੀ ਸਦੀ ਤੋਂ ਵਧ ਦੇ ਸਮੇਂ ਤਕ ਪੰਜਾਬੀ ਸਾਹਿਤ ਜਗਤ ਦੀ ਮਹਾਨ ਅਤੇ ਅਣਥਕ ਸੇਵਾ ਨਿਭਾ ਕੇ ਇਸ ਦਰਵੇਸ਼ ਸੰਤ ਕਵੀ,ਸਾਹਿਤਕਾਰ ਅਤੇ ਮਹਾਨ ਚਿੰਤਕ ਨੇ 10 ਜੂਨ 1957 ਵਾਲੇ ਦਿਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ, ਸਾਨੂੰ ਸਦੀਵੀਂ ਵਿਛੋੜਾ ਦੇ ਦਿੱਤਾ। ਪੰਜਾਬੀ ਸਾਹਿਤ ਦੇ ਗਗਨ-ਮੰਡਲ ਦੇ ਧਰੂ ਤਾਰੇ , ਪੰਜਾਬੀ ਮਾਂ-ਬੋਲੀ ਦੇ ਲਾਡਲੇ ਸਾਹਿਤਕਾਰ, ਪੰਜਾਬੀ ਸਾਹਿਤ, ਗੁਰਮਤਿ ਸਾਹਿਤ ਤੇ ਵਲਵਲੇ ਭਰਪੂਰ ਕਵਿਤਾ ਦੇ ਭੰਡਾਰੇ ਭਰਪੂਰ ਕਰਨ ਵਾਲੇ ਕੋਮਲ ਭਾਵੀ, ਮਿੱਠ ਬੋਲੜੇ, ਪ੍ਰੇਮ-ਭਿੱਜੇ, ਰਹੱਸਵਾਦੀ ਅਤੇ ਉੱਚੀ ਬਿਰਤੀ ਵਾਲੇ ਮਹਾਨ ਵਿਦਵਾਨ ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਕਹੇ ਜਾ ਸਕਦੇ ਹਨ।

ਕੁਦਰਤ ਤੇ ਕਾਦਰ ਦੇ ਰੰਗ ਵਿੱਚ ਰੰਗੀਆਂ ਦਾ ਰਚੇਤਾ ਛੋਟੀਆਂ ਕਵਿਤਾਵਾਂ ਦੇ ਵੱਡਾ ਕਵੀ, ਪੰਜਾਬੀ ਦੇ ਵਰਡਜ਼ਬਰਥ, ਮਿਲਟਨ ਅਤੇ ਦਾਂਤੇ ਕਹੇ ਜਾ ਸਕਣ ਦੇ ਸਮਰੱਥ ਮਹਾਂਕਵੀ ਭਾਈ ਵੀਰ ਸਿੰਘ ਦਾ ਸਾਹਿਤਕ ਮੁਲਾਂਕਣ ਅਜੇ ਤੱਕ ਸਹੀ ਢੰਗ ਨਾਲ ਹੋ ਹੀ ਨਹੀਂ ਸਕਿਆ।ਸਮਕਾਲੀਆਂ ਵਿਚੋਂ ਜੋ ਦੇਣ ਮਹਾਂਕਵੀ ਰਵਿੰਦਰ ਨਾਥ ਟੈਗੋਰ ਦੀ ਬੰਗਾਲੀ ਸਾਹਿਤ ਨੂੰ ਹੈ, ਉਸ ਪੱਧਰ ਦੀ ਹੀ ਦੇਣ ਭਾਈ ਵੀਰ ਸਿੰਘ ਦੀ ਪੰਜਾਬੀ ਨੂੰ ਹੈ । ਬੇਸ਼ੱਕ ਇਹ ਸੱਚ ਹੈ ਕਿ ਟੈਗੋਰ ਦੀ ਆਮਦ ਤੱਕ ਬੰਗਾਲੀ ਭਾਸ਼ਾ ਵਿਚ ਵਿਦਿਅਕ ਪਾਸਾਰ, ਵਿਸ਼ਵ ਵਿਦਿਆਲੇ ਅਤੇ ਸਾਹਿਤਕ ਫੈਲਾਓ ਉੱਚ ਪੱਧਰ 'ਤੇ ਸੀ, ਜਿਸਨੇ ਟੈਗੋਰ ਨੂੰ ਵਿਸ਼ਵ-ਪ੍ਰਸਿੱਧ ਕਰਨ 'ਚ ਅਹਿਮ ਭੂਮਿਕਾ ਨਿਭਾਈ, ਦੂਜੇ ਪਾਸੇ ਪੰਜਾਬੀ ਖੇਤਰ 'ਚ ਭਾਈ ਵੀਰ ਸਿੰਘ ਦੀ ਆਮਦ ਤੱਕ ਵਿਦਿਅਕ ਅਤੇ ਸਾਹਿਤਕ ਪੱਧਰ 'ਤੇ ਵੱਡੀ ਘਾਟ ਸੀ । ਲਾਹੌਰ ਯੂਨੀਵਰਸਿਟੀ ਵਿਚ ਪੰਜਾਬੀ ਦੀ ਪੜ੍ਹਾਈ ਤਾਂ ਕਿਤੇ ਮਗਰੋਂ ਸ਼ੁਰੂ ਹੋਈ । ਅਜਿਹੇ ਸਮੇਂ ਭਾਈ ਵੀਰ ਸਿੰਘ ਵਲੋਂ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦੀ ਸਾਹਿਤ ਸਿਰਜਣਾ ਲਈ ਚੋਣ ਕਰਨਾ, ਇਨਕਲਾਬੀ ਕਦਮ ਕਿਹਾ ਜਾ ਸਕਦਾ ਹੈ ।

ਭਾਈ ਵੀਰ ਸਿੰਘ ਦੇ ਸਮਕਾਲੀ ਅਲਾਮਾ ਇਕਬਾਲ ਨੂੰ ਉਰਦੂ ਸਾਹਿਤ 'ਚ 'ਸ਼ਾਇਰ-ਏ-ਮਿੱਲਤ' ਦਾ ਦਰਜਾ ਹਾਸਿਲ ਹੈ । ਵਿਦੇਸ਼ ਤੋਂ ਉੱਚ-ਪੱਧਰੀ ਪੜ੍ਹਾਈ ਕਰਨ ਮਗਰੋਂ ਡਾ. ਇਕਬਾਲ ਨੇ ਸਾਹਿਤ ਸਿਰਜਣਾ ਲਈ ਉਰਦੂ ਦੀ ਚੋਣ ਕੀਤੀ, ਹਾਲਾਂਕਿ ਉਹ ਪੰਜਾਬੀ ਸੀ, ਪਰ ਉਸਨੇ ਪੰਜਾਬੀ ਵਿਚ ਨਹੀਂ ਲਿਖਿਆ । ਇਸ ਦੇ ਬਾਵਜੂਦ ਉਰਦੂ ਪ੍ਰੇਮੀਆਂ ਨੇ 'ਸ਼ਾਇਰ-ਏ-ਮਿੱਲਤ' ਭਾਵ ਕੌਮੀ ਸ਼ਾਇਰ ਦਾ ਮਾਣ ਦੇ ਕੇ ਡਾ. ਇਕਬਾਲ ਨੂੰ ਸਿਰਮੌਰ ਲਿਖਾਰੀ ਪ੍ਰਵਾਨਿਆ । ਡਾ. ਭਾਈ ਵੀਰ ਸਿੰਘ ਵੀ ਸਰਦੇ-ਪੁਜਦੇ ਪਰਿਵਾਰ ਵਿਚੋਂ ਸਨ । ਭਾਸ਼ਾ ਪੱਖੋਂ ਅੰਗਰੇਜ਼ੀ, ਹਿੰਦੀ, ਸੰਸਕ੍ਰਿਤ, ਉਰਦੂ, ਫਾਰਸੀ ਦੇ ਗਿਆਤਾ ਸਨ । ਪਰਿਵਾਰਿਕ ਪਿਛੋਕੜ ਕਰਕੇ ਉੱਚ ਪੱਧਰੀ ਸਾਇੰਸ ਵਿੱਦਿਆ ਲਈ ਇੰਗਲੈਂਡ ਦੀ ਕਿਸੇ ਵੀ ਯੂਨੀਵਰਸਿਟੀ ਵਿਚ ਜਾ ਸਕਦੇ ਸਨ । ਅੰਗਰੇਜ਼ੀ ਵਿਚ ਸਾਹਿਤ ਲਿਖ ਕੇ ਉੱਚਾ ਨਾਂ ਕਮਾ ਸਕਦੇ ਸਨ ।

ਇਹਨਾਂ ਸੁਨਹਿਰੀ ਮੌਕਿਆਂ ਦੇ ਬਾਵਜੂਦ ਭਾਈ ਵੀਰ ਸਿੰਘ ਨੇ 'ਪੰਜਾਬੀ ਸਪੂਤ ਹੋਣ ਦਾ ਸਬੂਤ' ਦਿੰਦਿਆਂ ਪੰਜਾਬੀ ਬੋਲੀ, ਸਾਹਿਤ ਅਤੇ ਗੁਰਮੁਖੀ ਲਿੱਪੀ ਦਾ ਰਾਹ ਚੁਣਿਆ ਅਤੇ ਸਾਰੀ ਜ਼ਿੰਦਗੀ ਪੰਜਾਬੀ ਨੂੰ ਸਮਰਪਿਤ ਕਰ ਦਿੱਤੀ । ਇਹ ਕੋਈ ਛੋਟੀ ਗੱਲ ਨਹੀਂ ਸੀ, ਬਲਕਿ ਪੰਜਾਬੀ ਸਾਹਿਤ ਖੇਤਰ ਨੂੰ ਵੀਹਵੀਂ ਸਦੀ 'ਚ ਉੱਚੇ ਪੱਧਰ ਤੱਕ ਲਿਜਾਣ ਦਾ ਵੱਡਾ ਉਪਰਾਲਾ ਸੀ । ਭਾਈ ਵੀਰ ਸਿੰਘ ਨੂੰ ਸੰਨ 1956 ਵਿਚ ਕਾਵਿ ਰਚਨਾ 'ਮੇਰੇ ਸਾਈਆਂ ਜੀਉ' ਲਈ ਸਾਹਿਤ ਅਕੈਡਮੀ ਪੁਰਸਕਾਰ ਮਿਲਿਆ । 'ਸ਼੍ਰੋਮਣੀ ਸਾਹਿਤਕਾਰ' ਵਜੋਂ ਪੰਜਾਬੀ ਵਿਚ ਇਹ ਪੁਰਸਕਾਰ ਲੈਣ ਵਾਲੇ ਪਹਿਲੇ ਸਾਹਿਤਕਾਰ ਭਾਈ ਵੀਰ ਸਿੰਘ ਹੀ ਹਨ ।

ਜਿਥੇ 1950ਵਿਆਂ ਵਿਚ ਇਕ ਪਾਸੇ ਭਾਈ ਵੀਰ ਸਿੰਘ ਨੂੰ ਭਾਰਤੀ ਸਾਹਿਤ ਅਕੈਡਮੀ ਪੁਰਸਕਾਰ ਮਿਲਦਾ ਹੈ, ਉਥੇ ਦੂਜੇ ਪਾਸੇ ਪੰਜਾਬੀ ਸਾਹਿਤ 'ਚ ਇਕ ਵਿਸ਼ੇਸ਼ ਧੜੇ ਵਲੋਂ ਉਹਨਾਂ ਖਿਲਾਫ਼ ਈਰਖਾ ਦਾ ਦੌਰ ਵੀ ਇਥੋਂ ਹੀ ਸ਼ੁਰੂ ਹੁੰਦਾ ਹੈ । ਪੰਜਾਬੀ ਸਾਹਿਤ ਦੇ ਅਣਥੱਕ ਸੇਵਾਦਾਰ ਨੂੰ ਸਮਕਾਲੀ 'ਸਾਹਿਤ ਮਾਫ਼ੀਆ' ਭੰਡਣ ਲੱਗਦਾ ਹੈ । ਸਾਹਿਤਕ ਸੂਝ-ਬੂਝ ਤੋਂ ਸੱਖਣੇ ਲੋਕ ਉਦੋਂ ਤੋਂ ਲੈ ਕੇ ਹੁਣ ਤੱਕ ਭਾਈ ਵੀਰ ਸਿੰਘ ਨੂੰ ਮਿਥ ਕੇ ਭੰਡਦੇ ਆ ਰਹੇ ਹਨ । ਸਵੈ-ਨਿਰਧਾਰਤ ਆਲੋਚਨਾ ਪੈਮਾਨੇ 'ਤੇ ਭਾਈ ਵੀਰ ਸਿੰਘ ਨੂੰ ਰੱਦ ਕਰਨ ਵਾਲੇ ਇਹ ਆਲੋਚਕ ਦੋਸ਼ ਲਾਉਂਦੇ ਹਨ ਕਿ ਭਾਈ ਵੀਰ ਸਿੰਘ ਪਿਛਾਂਹ-ਖਿੱਚੂ ਲੇਖਕ ਹੈ, ਉਸਦੀ ਸ਼ਾਇਰੀ ਸਮਕਾਲੀ ਹਾਲਤਾਂ ਦੀ ਵਿਆਖਿਆ ਨਹੀਂ ਕਰਦੀ, ਫੋਕਾ ਰੋਮਾਂਸਵਾਦ ਬਿਆਨ ਕਰਦੀ ਹੈ, ਭਾਈ ਵੀਰ ਸਿੰਘ ਸਿੱਖੀ ਪ੍ਰਤੀ ਭਾਵੁਕ ਹੋ ਕੇ ਲਿਖਦਾ ਹੈ, ਉਹ ਅੰਗਰੇਜ਼ ਸਾਮਰਾਜ ਦੀ ਆਲੋਚਨਾ ਨਹੀਂ ਕਰਦਾ, ਆਜ਼ਾਦੀ ਦੀ ਗੱਲ ਨਹੀਂ ਕਰਦਾ ਅਤੇ ਉਹ 'ਪੰਜਾਬ ਦੇ ਤਾਣੇ-ਪੇਟੇ ਨੂੰ ਲੀਰੋ-ਲੀਰ' ਕਰਦਾ ਹੈ ।

ਦਰਅਸਲ ਭਾਈ ਵੀਰ ਸਿੰਘ ਦੀ ਸਾਹਿਤਕ ਦੇਣ ਨੂੰ ਛੁਟਿਆਉਣ ਲਈ 'ਸਾਹਿਤ ਮਾਫ਼ੀਆ' ਯੋਜਨਾਬੱਧ ਢੰਗ ਨਾਲ ਪ੍ਰਚਾਰ ਕਰਦਾ ਆ ਰਿਹਾ ਹੈ । ਅਜਿਹਾ ਬਿਰਤਾਂਤ ਸਿਰਜ ਕੇ ਮਾਫ਼ੀਆ ਭਾਈ ਸਾਹਿਬ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਲਿਖਾਰੀ ਵਜੋਂ ਬਣਦੀ ਥਾਂ ਖੋਹਣ ਵਿਚ ਕਿਸੇ ਹੱਦ ਤੱਕ ਸਫ਼ਲ ਵੀ ਹੋਇਆ ਹੈ । ਪੰਜਾਬੀ ਵਿਦਿਅਕ ਅਦਾਰਿਆਂ, ਸਾਹਿਤਕ ਸੰਸਥਾਵਾਂ, ਕਾਲਜਾਂ ਅਤੇ ਯੂਨੀਵਰਸਿਟੀਆਂ 'ਤੇ ਪਿਛਲੀ ਅੱਧੀ ਸਦੀ ਤੋਂ ਵੱਧ ਸਮੇਂ ਤੱਕ, ਇਹੀ ਮਾਫ਼ੀਆ ਕਾਬਜ਼ ਚੱਲਿਆ ਆ ਰਿਹਾ ਹੈ । ਅਜਿਹੇ ਈਰਖਾਲੂ ਆਲੋਚਕਾਂ ਵਲੋਂ ਭਾਈ ਵੀਰ ਸਿੰਘ ਵਿਰੁੱਧ ਨਫ਼ਰਤ ਫੈਲਾਉਣ 'ਚ ਸਫਲ ਹੋਣ ਦਾ ਕਾਰਨ ਇਹ ਵੀ ਹੈ ਕਿ ਭਾਈ ਸਾਹਿਬ ਦੀ ਸਾਹਿਤਕ ਦੇਣ ਤੋਂ ਜਾਣੂੰ ਲਿਖਾਰੀਆਂ ਦੀ ਜਾਂ ਤਾਂ ਗਿਣਤੀ ਹੀ ਨਿਗੂਣੀ ਹੈ ਅਤੇ ਜਾਂ ਫਿਰ ਉਹ 'ਸਾਹਿਤ ਮਾਫ਼ੀਆ' ਨਾਲ ਟੱਕਰ ਲੈਣ ਤੋਂ ਡਰਦੇ ਹਨ । ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਈ ਵੀਰ ਸਿੰਘ ਦੇ 'ਪੰਜਾਬੀ ਦੇ ਮਹਾਨ ਵਿਦਵਾਨ' ਹੋਣ ਦੇ ਬਾਵਜੂਦ, 'ਪੰਜਾਬੀ ਦੇ ਹੀ ਲੇਖਕਾਂ ਤੇ ਆਲੋਚਕਾਂ ਦੀਆਂ ਜੁੰਡਲੀਆਂ' ਉਹਨਾਂ ਨੂੰ ਨਫ਼ਰਤ ਕਿਉਂ ਕਰਦੀਆਂ ਹਨ ਅਤੇ ਛੁਟਿਆ ਕਿਉਂ ਰਹੀਆਂ ਹਨ?

ਅਸਲ ਵਿੱਚ ਭਾਈ ਵੀਰ ਸਿੰਘ ਦੇ ਸਾਹਿਤ ਨਾਲ ਈਰਖਾ ਕਰਨ ਦਾ ਸਭ ਤੋਂ ਵੱਡਾ ਕਾਰਨ ਉਹਨਾਂ ਦਾ ਸਿੱਖੀ ਤੋਂ ਪ੍ਰੇਰਿਤ ਹੋਣਾ ਹੈ । ਭਾਈ ਵੀਰ ਸਿੰਘ ਦੀਆਂ ਲਿਖਤਾਂ ਦਾ ਮਨੋਰਥ ਨਿਸ਼ਚਿਤ ਰੂਪ ਵਿਚ ਪੰਜਾਬੀ ਬੋਲੀ ਦਾ ਪ੍ਰਚਾਰ ਅਤੇ ਗੁਰਮੁਖੀ ਲਿਪੀ ਨੂੰ ਪ੍ਰਫੁਲਤ ਕਰਨਾ ਹੈ । ਚਾਹੇ ਕਵਿਤਾ ਹੋਵੇ, ਚਾਹੇ ਨਾਵਲ, ਚਾਹੇ ਕਹਾਣੀ ਤੇ ਚਾਹੇ ਨਾਟਕ, ਭਾਈ ਵੀਰ ਸਿੰਘ ਪਾਠਕਾਂ ਨੂੰ ਪੰਜਾਬੀ ਪੜ੍ਹਨ ਲਈ ਪ੍ਰੇਰਦੇ ਹਨ । ਇਥੇ ਉਹ ਖੁੱਲ੍ਹ ਦਿਲੀ ਨਾਲ ਸਵਿਕਾਰਦੇ ਹਨ ਕਿ ਉਹਨਾਂ ਦੀ ਪ੍ਰੇਰਨਾ ਸਿੱਖੀ ਜੀਵਨ ਜਾਚ ਅਤੇ ਗੁਰੂ ਗ੍ਰੰਥ ਸਾਹਿਬ ਹਨ । ਗੁਰਮੁਖੀ ਲਿਪੀ ਅਤੇ ਪੰਜਾਬੀ ਬੋਲੀ ਰਾਹੀਂ ਸਿੱਖੀ ਵਿਰਾਸਤ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਂਦੇ ਹੋਏ ਭਾਈ ਵੀਰ ਸਿੰਘ ਨਾਵਲ 'ਸੁੰਦਰੀ' ਦੀ ਭੂਮਿਕਾ ਵਿੱਚ ਲਿਖਦੇ ਹਨ,"ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ-ਸੁਣ ਕੇ ਸਿੱਖ ਲੋਕ ਆਪਣੇ ਧਰਮ ਵਿਚ ਪੱਕੇ ਹੋਣ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ, ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ, ਆਪਣੇ ਉੱਤਮ ਅਸੂਲ ਪਿਆਰੇ ਲੱਗਣ, ਆਪਣੇ ਵਿਚ ਜਥੇਬੰਦ ਹੋਕੇ ਸਿੰਘ, ਦੂਜੀਆਂ ਕੌਮਾਂ ਨੂੰ ਇਕ ਰਸ ਜਾਣ ਕੇ, ਕਿਸੇ ਨਾਲ 'ਅਤਿ ਵੈਰ ਤੇ ਕਿਸੇ ਨਾਲ ਅਤਿ ਮੋਹ ਨਾ ਕਰਨ', ਸਗੋਂ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਵਾਲੀ ਗੁਰੂ ਸਿੱਖਿਆ ਪੁਰ ਟੁਰ ਕੇ, ਅਟੱਲ ਰਹਿਣ ।"

ਇਹ ਸੱਚ ਹੈ ਕਿ ਭਾਈ ਸਾਹਿਬ ਨੇ ਜਦੋਂ ਪੰਜਾਬੀ ਸਾਹਿਤ ਖੇਤਰ 'ਚ ਪੈਰ ਧਰਿਆ, ਉੱਦੋਂ ਇਕ ਪਾਸੇ ਈਸਾਈ ਮਿਸ਼ਨਰੀ ਤੇ ਦੂਜੇ ਪਾਸੇ ਆਰੀਆ ਸਮਾਜੀ ਸਿੱਖੀ 'ਤੇ ਹਮਲੇ ਕਰ ਕਹੇ ਸਨ । ਸਾਰੀਆਂ ਤਾਕਤਾਂ ਇਕੱਠੀਆਂ ਹੋ ਕੇ ਸਿੱਖੀ, ਪੰਜਾਬੀ ਅਤੇ ਗੁਰਮੁਖੀ ਨੂੰ ਖਤਮ ਕਰਨ 'ਤੇ ਤੁਲੀਆਂ ਸਨ । ਉਦੋਂ ਸਿੰਘ ਸਭਾ ਲਹਿਰ ਨੇ ਇਹਨਾਂ ਤਾਕਤਾਂ ਨਾਲ ਟੱਕਰ ਲਈ ਅਤੇ ਆਰੀਆ ਸਮਾਜ ਤੇ ਈਸਾਈ ਮਿਸ਼ਨਰੀਆਂ ਨੂੰ ਨੱਥ ਪਾਈ । ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਕਾਹਨ ਸਿੰਘ ਨਾਭਾ ਸਮੇਤ ਸਮੂਹ ਸਿੰਘ ਸਭੀਏ, ਕਲਮ ਦੇ ਤਲਵਾਰੀਏ ਬਣ ਕੇ ਸਿੱਖੀ ਤੇ ਪੰਜਾਬੀ ਨੂੰ ਖਤਮ ਕਰਨ ਵਾਲੀਆਂ ਤਾਕਤਾਂ ਖਿਲਾਫ਼ ਡਟੇ । ਭਾਈ ਵੀਰ ਸਿੰਘ ਇਸ ਲਹਿਰ ਨੂੰ ਅਗਲੇ ਪੜਾਓ ਤੱਕ ਲੈ ਕੇ ਗਏ।

ਭਾਈ ਵੀਰ ਸਿੰਘ ਦੇ ਪ੍ਰਚਾਰ ਦੇ ਪ੍ਰਭਾਵ ਸਦਕਾ ਹੀ ਕਈ ਸਿੱਖ ਵਿਦਵਾਨ ਆਰੀਆ ਸਮਾਜ ਨੂੰ ਛੱਡ ਕੇ, ਆਪਣੇ ਸਿੱਖੀ ਵਿਰਸੇ ਨਾਲ ਜੁੜੇ । ਉਹਨਾਂ

ਲੇਖਕਾਂ ਨੇ ਗੁਰਮੁਖੀ ਲਿੱਪੀ ਅਤੇ ਪੰਜਾਬੀ ਭਾਸ਼ਾ ਵਿਚ ਲਿਖਣਾ ਸ਼ੁਰੂ ਕੀਤਾ । ਉਦੋਂ ਤੋਂ ਹੀ ਆਰੀਆ ਸਮਾਜੀਆਂ ਅੰਦਰ ਭਾਈ ਵੀਰ ਸਿੰਘ ਪ੍ਰਤੀ ਨਫ਼ਰਤ ਬਣੀ ਹੋਈ ਸੀ, ਜੋ ਕਿ ਧਨੀ ਰਾਮ ਚਾਤ੍ਰਿਕ ਅਤੇ ਪ੍ਰੋ. ਪੂਰਨ ਸਿੰਘ ਨੂੰ ਭਾਈ ਵੀਰ ਸਿੰਘ ਦੇ ਪੰਜਾਬੀ ਸਾਹਿਤ ਖੇਤਰ 'ਚ ਲਿਆਉਣ ਕਰਕੇ ਸਿਖਰ 'ਤੇ ਪਹੁੰਚ ਗਈ । ਆਰੀਆ ਸਮਾਜੀਆਂ ਨੇ ਹੀ ਗੁਰਮੁਖੀ ਲਿਪੀ ਦੀ ਥਾਂ ਦੇਵਨਾਗਰੀ ਲਿਪੀ ਅਤੇ ਪੰਜਾਬੀ ਦੀ ਥਾਂ ਹਿੰਦੀ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ ਸੀ ।

ਅੱਜ-ਕੱਲ੍ਹ ਵੀ ਜੋ 'ਇਕ ਭਾਸ਼ਾ ਇਕ ਰਾਸ਼ਟਰ' ਦਾ ਨਾਅਰਾ ਦਿੱਤਾ ਜਾ ਰਿਹਾ ਹੈ, ਉਹ ਅਸਲ ਵਿਚ 'ਆਰੀਆ ਸਮਾਜੀ ਬਿਰਤਾਂਤ ਦਾ ਹੀ ਸੰਗਠਿਤ ਰੂਪ' ਹੈ । ਇਸ ਦਾ ਸ਼ਿਕਾਰ ਕਈ ਦੇਸ਼ ਭਗਤ ਪੰਜਾਬੀ ਵੀ ਹੋਏ, ਜਿਹੜੇ ਆਰੀਆ ਸਮਾਜ ਦੇ ਪ੍ਰਚਾਰ ਅਧੀਨ ਪੰਜਾਬੀ ਦੀ ਥਾਂ ਹਿੰਦੀ ਨੂੰ ਅਪਨਾਉਣ ਅਤੇ ਗੁਰਮੁਖੀ ਦੀ ਥਾਂ ਦੇਵਨਾਗਰੀ ਵਿਚ ਲਿਖਣ ਨੂੰ ਪ੍ਰਚਾਰਦੇ ਰਹੇ । ਭਾਈ ਵੀਰ ਸਿੰਘ ਨੇ ਅਜਿਹੇ ਸਮੇਂ 'ਕਲਮ ਨੂੰ ਪੰਜਾਬੀ ਤੇ ਗੁਰਮੁਖੀ ਦੇ ਬਚਾਓ ਲਈ ਤਲਵਾਰ' ਬਣਾ ਕੇ ਵਰਤਿਆ ਅਤੇ ਵਿਰੋਧੀ ਤਾਕਤਾਂ ਨਾਲ ਟੱਕਰ ਲੈਂਦੇ ਹੋਏ, ਉਹ ਪੰਜਾਬੀ ਬੋਲੀ ਦੇ ਯੋਧੇ ਬਣ ਕੇ ਨਿੱਤਰੇ ।

ਕੀ ਗੁਰਬਾਣੀ ਸਾਹਿਤ ਅਤੇ ਸਿੱਖ ਵਿਰਾਸਤ ਤੋਂ ਪ੍ਰੇਰਨਾ ਲੈਣ ਵਾਲਾ ਵਿਅਕਤੀ ਪੰਜਾਬੀ ਸਾਹਿਤਕਾਰ ਨਹੀਂ ਹੋ ਸਕਦਾ? ਇਹ ਬਿਰਤਾਂਤ ਨਿਰਾ ਪਾਖੰਡ ਅਤੇ ਦੰਭ ਹੈ । ਸੰਸਾਰ ਦੇ ਸਰਵੋਤਮ ਸਾਹਿਤ ਵੱਲ ਨਿਗ੍ਹਾ ਮਾਰੀਏ, ਤਾਂ ਸਾਨੂੰ ਇਸ ਦਾ ਉੱਤਰ ਸਹਿਜੇ ਹੀ ਮਿਲ ਜਾਂਦਾ ਹੈ । ਇੰਗਲੈਂਡ ਦਾ ਮਹਾਂਕਵੀ ਮਿਲਟਨ ਅਤੇ ਇਟਲੀ ਦਾ ਮਹਾਂ-ਕਵੀ ਦਾਂਤੇ ਇਸਦੀ ਮਿਸਾਲ ਹਨ । ਦੋਵੇਂ ਸੰਸਾਰ ਸਾਹਿਤ ਦੇ ਮੰਨੇ-ਪ੍ਰਮੰਨੇ ਲਿਖਾਰੀ ਹਨ । ਜੌਹਨ ਮਿਲਟਨ ਦੀ ਲਿਖਤ 'ਪੈਰਾਈਇਜ਼ ਲੌਸਟ' ਵਿਸ਼ਵ ਸਾਹਿਤ ਦਾ ਸ਼ਾਹਕਾਰ ਮੰਨੀ ਜਾਂਦੀ ਹੈ । ਇਉਂ ਹੀ ਦਾਂਤੇ ਦੀ ਲਿਖਤ 'ਡਿਵਾਈਨ ਕਾਮੇਡੀ' ਨੂੰ ਸਾਹਿਤ ਜਗਤ ਵਿਚ ਉੱਚਾ ਥਾਂ ਹਾਸਿਲ ਹੈ । ਇਹ ਦੋਵੇਂ ਲਿਖਤਾਂ ਬਾਈਬਲ 'ਤੇ ਆਧਾਰਿਤ ਹਨ । ਦਾਂਤੇ ਅਤੇ ਮਿਲਟਨ ਈਸਾਈਅਤ ਤੋਂ ਪ੍ਰੇਰਿਤ ਹਨ । ਇਸ ਦੇ ਬਾਵਜੂਦ ਉਹਨਾਂ ਦੀ ਸਾਹਿਤਕ ਸ਼ਖ਼ਸੀਅਤ ਨੂੰ ਛੁਟਿਆਉਣ ਦਾ ਕੋਈ ਹੀਆ ਨਹੀਂ ਕਰਦਾ । ਦੋਵੇਂ ਮਹਾਂਕਵੀ ਵਜੋਂ ਜਾਣੇ ਜਾਂਦੇ ਹਨ । ਜੇਕਰ ਮਿਲਟਨ ਤੇ ਦਾਂਤੇ ਬਾਈਬਲ ਤੋਂ ਪ੍ਰੇਰਨਾ ਲੈ ਕੇ ਸੰਸਾਰ ਪੱਧਰ 'ਤੇ ਮਹਾਨ ਸਾਹਿਤਕਾਰ ਬਣ ਸਕਦੇ ਹਨ, ਤਾਂ ਫਿਰ ਭਾਈ ਵੀਰ ਸਿੰਘ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਮਹਾਂਕਵੀ ਕਿਉਂ ਨਹੀਂ ਬਣ ਸਕਦੇ? ਭਾਈ ਸਾਹਿਬ ਦੀ ਲਿਖਤ ਗੁਰਬਾਣੀ ਦੀ ਜੀਵਨ ਜਾਚ ਨੂੰ ਪੰਜਾਬੀ ਸਾਹਿਤ ਖੇਤਰ ਵਿਚ, ਵੱਖ-ਵੱਖ ਸਾਹਿਤਕ ਰੂਪਾਕਾਰਾਂ ਰਾਹੀਂ ਪੇਸ਼ ਕਰਦੀ ਹੋਈ ਅਮਰ ਹੋ ਨਿਬੜਦੀ ਹੈ । ਇਉਂ ਭਾਈ ਵੀਰ ਸਿੰਘ ਪੰਜਾਬੀ ਵਿਚ ਮਿਲਟਨ ਅਤੇ ਦਾਂਤੇ ਵਾਂਗ ਕੱਦਾਵਰ ਤੇ ਸਿਰਮੌਰ ਵਿਦਵਾਨ ਹੋ ਨਿਬੜਦੇ ਹਨ ।

ਪੱਛਮੀ ਸਾਹਿਤ ਪਰੰਪਰਾ ਤੋਂ ਮਗਰੋਂ ਭਾਰਤੀ ਸਾਹਿਤ ਪਰੰਪਰਾ ਵੱਲ ਨਿਗ੍ਹਾ ਮਾਰੀਏ, ਤਾਂ ਇਥੇ ਹੀ ਅਨੇਕਾਂ ਮਿਸਾਲਾਂ ਹਨ । ਮਹਾਂਕਵੀ ਤੁਲਸੀ ਦਾਸ ਹੋਣ ਜਾਂ ਮਹਾਂਕਵੀ ਸੂਰਦਾਸ, ਇਹਨਾਂ ਨੂੰ ਸਾਹਿਤ ਵਿਚ ਉੱਚਾ ਦਰਜਾ ਹਾਸਿਲ ਹੈ । ਜੇ ਤੁਲਸੀ ਦਾਸ ਸ੍ਰੀ ਰਾਮ ਦੇ ਗੁਣਗਾਨ ਕਰਕੇ ਤੇ ਰਾਮਾਇਣ ਲਿਖਕੇ ਮਹਾਂਕਵੀ ਹੋ ਸਕਦੇ ਹਨ, ਜੇ ਸੂਰਦਾਸ ਸ੍ਰੀ ਕ੍ਰਿਸ਼ਨ ਬਾਰੇ ਲਿਖਕੇ ਮਹਾਂਕਵੀ ਹੋ ਸਕਦੇ ਹਨ ਤਾਂ ਕੀ ਭਾਈ ਵੀਰ ਸਿੰਘ ਗੁਰੂ ਨਾਨਕ ਚਮਤਕਾਰ, ਅਸ਼ਟ ਗੁਰੂ ਚਮਤਕਾਰ ਅਤੇ ਕਲਗੀਧਰ ਚਮਤਕਾਰ ਲਿਖ ਕੇ, ਮਹਾਂਕਵੀ ਨਹੀਂ ਹੋ ਸਕਦੇ? ਦੋਹਰੇ ਮਾਪਦੰਡ ਭਾਈ ਵੀਰ ਸਿੰਘ ਲਈ ਹੀ ਕਿਉਂ?

ਇਥੇ ਹੀ ਬੱਸ ਨਹੀਂ ਅਖੌਤੀ ਖੱਬੇ ਪੱਖੀ ਆਲੋਚਕ ਭਾਈ ਵੀਰ ਸਿੰਘ ਨੂੰ ਸਿੱਖੀ ਪ੍ਰਤੀ ਉਪਭਾਵੁਕ ਹੋ ਕੇ ਲਿਖਣ ਵਾਲਾ ਗਰਦਾਨਦੇ ਹਨ । ਦੂਜੇ ਪਾਸੇ ਅਜਿਹੇ ਆਲੋਚਕਾਂ ਦੀ ਆਪਣੀ ਲਿਖਤ ਖੱਬੇ ਪੱਖੀ ਫਲਸਫੇ ਪ੍ਰਤੀ ਹੱਦੋਂ ਵੱਧ ਉਪ-ਭਾਵੁਕਤਾ 'ਚੋਂ ਪੈਦਾ ਹੁੰਦੀ ਹੈ । ਅਖੌਤੀ ਅਗਾਂਹ ਵਧੂ ਪਹੁੰਚ ਦਾ ਨਾਂ ਵਰਤ ਕੇ ਇਹ ਲੇਖਕ ਆਪਣੇ ਘੜੇ ਮਾਪ-ਦੰਡ ਪੂਰੀ ਕੱਟੜਤਾ ਨਾਲ ਪ੍ਰਚਾਰਦੇ ਹਨ । ਇਹਨਾਂ ਦੀਆਂ ਕਵਿਤਾਵਾਂ, ਕਹਾਣੀਆਂ, ਨਾਵਲ, ਨਾਟਕ ਆਦਿ ਰੂਸੀ ਲਿਖਤਾਂ ਦੀ ਕੱਚ-ਘਰੜ ਨਕਲ ਤੋਂ ਵੱਧ ਕੁਝ ਨਹੀਂ । 'ਦਿੱਤਾ ਹੈ' ਅਤੇ 'ਸਿੱਧ ਕਰਨਾ ਹੈ' ਆਦਿ ਸੰਦ ਇਹਨਾਂ ਦੀ ਆਲੋਚਨਾ ਦਾ ਅਧਾਰ ਹਨ । ਜੋ ਲਿਖਤ ਇਹਨਾਂ ਦੇ ਢਾਂਚੇ 'ਚ ਫਿੱਟ ਨਹੀਂ, ਉਹ ਲਿਖਤ ਮਿਆਰੀ ਨਹੀਂ ਅਤੇ ਜੋ ਲਿਖਤ ਕੱਟੜਤਾ ਨਾਲ ਖੱਬੇ ਪੱਖੀ ਮਾਪਦੰਡ ਦੇ ਚੌਖਟੇ 'ਚ ਢੁਕਦੀ ਹੈ, ਉਹੀ ਮਿਆਰੀ ਹੈ ।

ਇਹਨਾਂ ਸਾਹਿਤ ਮਾਫੀਏ ਦੇ ਕੱਟੜਵਾਦੀਆਂ ਦੀ ਜੁੰਡਲੀ ਭਾਈ ਵੀਰ ਸਿੰਘ ਨੂੰ ਤਾਂ ਸਿੱਖੀ ਪ੍ਰਤੀ ਭਾਵੁਕ ਦੱਸਦੀ ਹੈ, ਪਰ ਇਹਨਾਂ ਨੂੰ ਆਪਣੀ ਭਾਵੁਕਤਾ ਨਜ਼ਰ ਨਹੀਂ ਆਉਂਦੀ । ਉਂਝ ਵੀ ਜੇਕਰ ਇਹ ਲੇਖਕ ਤੇ ਆਲੋਚਕ ਪੱਛਮੀ ਢਾਂਚੇ ਨੂੰ ਅਪਨਾ ਕੇ ਖ਼ੁਦ ਨੂੰ ਸਹੀ ਦੱਸਦੇ ਹਨ, ਤਾਂ ਭਾਈ ਵੀਰ ਸਿੰਘ ਤੇ ਉਹਨਾਂ ਦੇ ਰਾਹ 'ਤੇ ਚੱਲਣ ਵਾਲੇ ਧਰਾਤਲ ਪੱਧਰ 'ਤੇ ਗੁਰਬਾਣੀ ਤੇ ਵਿਰਸੇ ਨੂੰ ਅਪਨਾ ਕੇ ਗ਼ਲਤ ਕਿਵੇਂ ਹਨ? ਇਹਨਾਂ ਕੱਚ-ਘਰੜ ਆਲੋਚਕਾਂ ਦੀ ਸੋਚ ਤਾਂ 'ਘਰ ਦਾ ਜੋਗੀ ਜੋਗੜਾ, ਬਾਹਰਲਾ ਜੋਗੀ ਸਿੱਧ' ਵਾਲੀ ਹੈ ।

ਭਾਈ ਵੀਰ ਸਿੰਘ 'ਤੇ ਅੱਜ ਕੱਲ੍ਹ ਦੇ ਹੀਰ-ਵੰਨੇ ਵਾਲੇ ਨਵੇਂ 'ਚੁੰਝ ਵਿਦਵਾਨ' ਇਹ ਦੋਸ਼ ਵੀ ਲਾਉਂਦੇ ਹਨ ਕਿ ਭਾਈ ਸਾਹਿਬ ਨੇ 'ਪੰਜਾਬ ਦੇ ਫੈਬਰਿਕ' ਭਾਵ ਤਾਣੇ ਪੇਟੇ ਨੂੰ ਤਹਿਸ ਨਹਿਸ ਕੀਤਾ । ਇਸ ਦੋਸ਼ ਦਾ ਅਧਾਰ ਅਖੌਤੀ ਆਲੋਚਕ ਭਾਈ ਸਾਹਿਬ ਦਾ ਸਿੱਖੀ ਨੂੰ ਸਮਰਪਿਤ ਹੋਣਾ ਮੰਨਦੇ ਹਨ । ਇਹ ਦੋਸ਼ ਨਿਰਮੂਲ ਹੈ ਤੇ ਸਾਜਿਸ਼ੀ ਢੰਗ ਨਾਲ ਮੜ੍ਹਿਆ ਗਿਆ ਹੈ । ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖੀ ਨੇ ਪੰਜਾਬ ਦਾ ਫੈਬਰਿਕ ਨਸ਼ਟ ਨਹੀਂ ਕੀਤਾ, ਸਗੋਂ ਮਜ਼ਬੂਤ ਕੀਤਾ ਹੈ । ਗੁਰੂ ਗ੍ਰੰਥ ਸਾਹਿਬ ਵਾਹਦ ਇਕੋ-ਇਕ ਸੋਮਾ ਹਨ, ਜੋ ਰੰਗ, ਨਸਲ, ਜਾਤ, ਫਿਰਕੇ, ਬੋਲੀ ਤੇ ਖੇਤਰ ਆਦਿ ਤੋਂ ਉੱਪਰ ਹੋਕੇ, ਸਭ ਨੂੰ ਇਕ ਲੜੀ ਵਿਚ ਜੋੜਦੇ ਹਨ । ਸਿੱਖੀ ਤਾਂ ਮਨੂਵਾਦੀ ਵਿਤਕਰੇ, ਊਚ ਨੀਚ, ਛੂਆ-ਛਾਤ, ਵਰਣ-ਵੰਡ ਆਦਿ ਨੂੰ ਰੱਦ ਕਰਕੇ, ਸਭ ਨੂੰ ਬਰਾਬਰਤਾ ਦਿੰਦੀ ਹੈ । ਭਾਈ ਵੀਰ ਸਿੰਘ ਦੀ ਹਰ ਲਿਖਤ ਵੀ ਜਿਥੇ ਉਕਤ ਗੌਰਵਮਈ ਵਿਰਸੇ 'ਤੇ ਫਖ਼ਰ ਮਹਿਸੂਸ ਕਰਨਾ ਸਿਖਾਉਂਦੀ ਹੈ, ਉਥੇ ਵਿਤਕਰਿਆਂ ਦੀਆਂ ਵਲਗਣਾਂ ਵੀ ਤੋੜਦੀ ਹੈ ।

ਭਾਈ ਸਾਹਿਬ ਨੇ ਪੰਜਾਬ ਦਾ ਤਾਣਾ ਪੇਟਾ ਗ਼ਰਕ ਨਹੀਂ ਕੀਤਾ, ਸਗੋਂ ਗ਼ਰਕ ਹੋਣੋ ਬਚਾਇਆ ਹੈ । ਗੁਰਮੁਖੀ ਸਾਹਿਤ ਵਿਚ ਲਾਲਾ ਧਨੀ ਰਾਮ ਚਾਤ੍ਰਿਕ ਦਾ ਪ੍ਰਵੇਸ਼ ਕਰਵਾਉਣ ਵਾਲੇ ਕੋਈ ਹੋਰ ਨਹੀਂ, ਸਗੋਂ ਭਾਈ ਵੀਰ ਸਿੰਘ ਹਨ । ਉਸ ਸਮੇਂ ਆਰੀਆ ਸਮਾਜੀ ਪੰਜਾਬ ਵਿਚ ਜਾ ਕੇ ਇਥੋਂ ਦੇ ਪੰਜਾਬੀ ਹਿੰਦੂ ਨੂੰ ਪੰਜਾਬੀ ਨਾਲੋਂ ਤੋੜ ਰਹੇ ਸਨ, ਪਰ ਭਾਈ ਵੀਰ ਸਿੰਘ ਪੰਜਾਬੀ ਹਿੰਦੂ ਨੂੰ ਵੀ ਪੰਜਾਬੀ ਨਾਲ ਜੋੜ ਰਹੇ ਸਨ । ਇਉਂ ਭਾਈ ਸਾਹਿਬ ਨੇ ਮਜ਼ਹਬੀ ਵਲਗਣਾਂ ਤੋਂ ਉੱਪਰ, ਪੰਜਾਬ ਤੇ ਪੰਜਾਬੀ ਦੀ ਫੈਬਰਿਕ ਨੂੰ ਮਜ਼ਬੂਤ ਕਰਨ 'ਚ ਵੱਡੀ ਭੂਮਿਕਾ ਨਿਭਾਈ ਹੈ ।

ਜਿੱਥੇ ਪੰਜਾਬ ਦੀ ਵੰਡ ਤੋਂ ਪਹਿਲਾਂ ਦੇ ਆਰੀਆਂ ਸਮਾਜੀ ਤੱਤ ਭਾਈ ਵੀਰ ਸਿੰਘ ਦੇ ਪੰਜਾਬੀ ਪ੍ਰਚਾਰ ਤੋਂ ਈਰਖਾ ਖਾਂਦੇ ਸਨ, ਉੱਥੇ ਪੰਜਾਬ ਦੀ ਵੰਡ ਮਗਰੋਂ ਉਹਨਾਂ 'ਚੋਂ ਹੀ ਬਹੁਤੇ ਅਖੌਤੀ ਪੱਬੇ ਪੱਖੀ ਬਣ ਕੇ, ਭਾਈ ਸਾਹਿਬ ਨੂੰ ਰੱਦ ਕਰਨ ਲਈ ਹੋਰ ਕਾਰਨ ਲੱਭਣ ਤੁਰ ਪਏ । ਉਦੋਂ ਤੋਂ ਲੈ ਕੇ ਹੁਣ ਤੱਕ ਇਹ ਕੋਸ਼ਿਸ਼ਾਂ ਜਾਰੀ ਹਨ । ਉਹ ਦੋਸ਼ ਲਾਉਂਦੇ ਹਨ ਕਿ ਭਾਈ ਵੀਰ ਸਿੰਘ ਨੇ ਸਮਕਾਲੀ ਹਾਲਤਾਂ ਬਾਰੇ ਕਿਉਂ ਨਹੀਂ ਲਿਖਿਆ ਅਤੇ ਅੰਗਰੇਜ਼ਾਂ ਖਿਲਾਫ਼ ਕੁੱਝ ਕਿਉਂ ਨਹੀਂ ਬੋਲਿਆ? ਦੋਸ਼ ਲਾਇਆ ਜਾਂਦਾ ਹੈ ਕਿ ਜੋ ਜ਼ੁਲਮ ਤੇ ਧੱਕੇਸ਼ਾਹੀ ਵੇਖ ਕੇ ਚੁੱਪ ਰਹੇ, ਉਹ ਸਾਹਿਤਕਾਰ ਨਹੀਂ । ਇਹ ਪਰਿਭਾਸ਼ਾ ਸਹੀ ਹੈ, ਪਰ ਇਹ ਸਾਹਿਤ ਮਾਫ਼ੀਆ ਆਪਣੇ ਵਰਗ ਦੇ ਲੇਖਕਾਂ 'ਤੇ ਅਜਿਹੀ ਪਰਿਭਾਸ਼ਾ ਲਾਗੂ ਨਹੀਂ ਕਰਦਾ । ਅਜਿਹੀ ਅਸਾਹਿਤਕ ਬੇਈਮਾਨੀ ਦੀ ਇਕ ਉਦਾਹਰਣ ਇਹ ਹੈ ਕਿ 1984 ਵਿਚ ਦਿੱਲੀ ਸਮੇਤ ਭਾਰਤ ਦੇ ਕੋਨੇ ਕੋਨੇ 'ਚ ਹੋਏ ਸਿੱਖ ਕਤਲੇਆਮ ਵੇਲੇ ਅਖੌਤੀ ਅਗਾਂਹ ਵਧੂ ਲੇਖਕਾਂ ਦੀ ਢਾਣੀ ਦੇ ਮੋਢੀਆਂ ਦੀ ਬੰਦ ਜ਼ੁਬਾਨ! ਦਿੱਲੀ ਵਿਚ ਜਦੋਂ ਸਿੱਖ ਨਸਲਕੁਸ਼ੀ ਹੋ ਰਹੀ ਸੀ ਤੇ ਹਜ਼ਾਰਾਂ ਸਿੱਖ ਮਾਰੇ ਜਾ ਰਹੇ ਸਨ, ਧੀਆਂ ਦੇ 'ਗੈਂਗ ਰੇਪ' ਹੋ ਰਹੇ ਸਨ, ਉਸ ਵੇਲੇ ਦਿੱਲੀ ਵਿਚ ਹੀ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਵੀ ਮੌਜੂਦ ਸੀ । ਉਸਨੇ ਇਸ ਦੇ ਖਿਲਾਫ਼ ਇਕ ਸ਼ਬਦ ਵੀ ਨਹੀਂ ਬੋਲਿਆ ।

ਅਫ਼ਸੋਸ ਕਿ ਭਾਈ ਵੀਰ ਸਿੰਘ ਨੂੰ ਕਟਿਹਰੇ 'ਚ ਖੜ੍ਹਾ ਕਰਨ ਵਾਲਾ 'ਸਾਹਿਤ ਮਾਫ਼ੀਆ' ਅੰਮ੍ਰਿਤਾ ਪ੍ਰੀਤਮ ਦੀ ਚੁੱਪ 'ਤੇ ਖਾਮੋਸ਼ ਰਹਿੰਦਾ ਹੈ । ਮੰਨ ਲੈਂਦੇ ਹਾਂ ਕਿ ਅਖੌਤੀ ਅਗਾਂਹ ਵਧੂਆਂ ਨੂੰ ਸਿੱਖ ਕਤਲੇਆਮ ਬਾਰੇ ਬੋਲਣ 'ਤੇ ਤਕਲੀਫ ਹੁੰਦੀ ਹੈ, ਪਰ ਜਦੋਂ ਭਾਰਤ 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ, ਉਦੋਂ ਵੀ ਖੱਬੇ ਪੱਖੀ ਚੁੱਪ ਰਹੇ । ਚੁੱਪ ਹੀ ਨਹੀਂ, ਬਲਕਿ ਐਮਰਜੈਂਸੀ ਦੀ ਹਮਾਇਤ ਕਰਦੇ ਰਹੇ । ਪਰ ਭਾਈ ਵੀਰ ਸਿੰਘ ਸਮਕਾਲੀ ਸਰਕਾਰ ਖਿਲਾਫ ਨਾਂ ਬੋਲਣ ਕਰਕੇ ਸਾਹਿਤਕਾਰ ਦਾ ਫਰਜ਼ ਨਹੀਂ ਨਿਭਾ ਰਹੇ । ਅਜਿਹਾ ਦੋਗਲਾਪਣ ਸਾਹਿਤ ਮਾਫੀਏ ਦਾ ਕਿਰਦਾਰ ਹੈ!

ਭਾਈ ਸਾਹਿਬ ਵੀਰ ਸਿੰਘ ਦੇ ਸਮਕਾਲੀ ਰਵਿੰਦਰ ਨਾਥ ਟੈਗੋਰ ਅਤੇ ਡਾ. ਮੁਹੰਮਦ ਇਕਬਾਲ ਦੀ ਗੱਲ ਕਰੀਏ, ਤਾਂ ਉਹਨਾਂ ਦੀ ਸਮਕਾਲੀ ਭੂਮਿਕਾ ਬਾਰੇ ਖੱਬੇ ਪੱਖੀ ਚੁੱਪ ਹਨ । ਮਹਾਂਕਵੀ ਟੈਗੋਰ ਨੇ ਜਾਰਜ ਪੰਜਵੇਂ ਦੀ ਭਾਰਤ ਫੇਰੀ ਮੌਕੇ 'ਜਨ ਗਨ ਮਨ' ਗੀਤ ਲਿਖਿਆ, ਜੋ ਕਿ ਪ੍ਰਸ਼ੰਸਾ ਮਈ ਸਾਹਿਤ ਦਾ ਹੀ ਰੂਪ ਸੀ । ਜਾਰਜ ਪੰਚਮ ਦੀ ਆਮਦ 'ਤੇ ਲਿਖਿਆ ਇਹ ਗੀਤ ਅੱਜ ਭਾਰਤ ਦਾ ਰਾਸ਼ਟਰੀ ਗੀਤ ਹੈ । ਖੱਬੇ ਪੱਖੀ ਇਹ ਸੱਚ ਬਿਆਨ ਕਰਨ ਤੋਂ ਗੁਰੇਜ ਕਰਦੇ ਹਨ । ਟੈਗੋਰ ਨੂੰ ਅੰਗਰੇਜ਼ਾਂ ਵਲੋਂ 'ਸਰ' ਦਾ ਖਿਤਾਬ ਮਿਲਿਆ ਸੀ, ਜੋ ਕਿ ਉਹ ਵੱਡੇ ਹਮਾਇਤੀ ਨੂੰ ਦਿਆ ਕਰਦੇ ਸਨ । ਇਹ ਸਹੀ ਹੈ ਕਿ ਜਲ੍ਹਿਆਂ ਵਾਲਾ ਬਾਗ਼ ਦੇ ਸਾਕੇ ਵੇਲੇ ਟੈਗੋਰ ਨੇ ਇਹ ਖਿਤਾਬ ਵਾਪਿਸ ਕੀਤਾ ਸੀ । ਇਸ ਤੋਂ ਇਲਾਵਾ ਟੈਗੋਰ ਦੀ ਕੋਈ ਵੀ ਲਿਖਤ ਅੰਗਰੇਜ਼ ਸਾਮਰਾਜ ਖਿਲਾਫ਼ ਨਹੀਂ, ਪਰ ਟੈਗੋਰ ਦੀ ਕਾਮਰੇਡ ਸਹੁੰ ਖਾਂਦੇ ਹਨ, ਜਦਕਿ ਭਾਈ ਵੀਰ ਸਿੰਘ ਨੂੰ ਬੁਰੀ ਤਰ੍ਹਾਂ ਭੰਡਦੇ ਹਨ । ਡਾ. ਮੁਹੰਮਦ ਇਕਬਾਲ ਨੂੰ ਮੁਸਲਿਮ 'ਕੌਮ ਦੇ ਸ਼ਾਇਰ' ਦਾ ਰੁਤਬਾ ਦਿੰਦੇ ਹਨ, ਜਦਕਿ ਇਕਬਾਲ ਨੇ ਆਪਣੀ ਲਿਖਤ ਵਿਚ ਕਿਧਰੇ ਵੀ ਅੰਗਰੇਜ਼ ਸਾਮਰਾਜ ਨੂੰ ਨਹੀਂ ਨਿੰਦਿਆ । ਵੱਡੇ-ਵੱਡੇ ਸਾਹਿਤਕਾਰ ਉਸਦੇ ਸ਼ੇਅਰ ਪੜ੍ਹਦੇ ਹੋਏ ਅਸ਼-ਅਸ਼ ਕਰਦੇ ਹਨ, ਪਰ ਡਾ. ਇਕਬਾਲ ਦੀ ਅੰਗਰੇਜ਼ਾਂ ਖਿਲਾਫ਼ ਚੁੱਪ 'ਤੇ ਖਾਮੋਸ਼ ਰਹਿੰਦੇ ਹਨ ।

ਹੁਣ ਗੱਲ ਭਾਈ ਵੀਰ ਸਿੰਘ ਦੀ ਕਰਦੇ ਹਾਂ । ਅੱਜ ਦੀ ਤਾਰੀਖ਼ ਵਿਚ ਅਸੀ ਸਪੱਸ਼ਟ ਹਾਂ ਕਿ ਅੰਗਰੇਜ਼ਾਂ ਨੇ ਭਾਰਤ ਨੂੰ ਬਸਤੀ ਬਣਾ ਕੇ ਜਿਵੇਂ ਲੁੱਟਿਆ, ਲੋਕਾਂ 'ਤੇ ਜੋ ਕਹਿਰ ਢਾਹਿਆਂ, ਜਲ੍ਹਿਆਂ ਵਾਲਾ ਬਾਗ ਕਾਂਢ ਕਰਕੇ ਸੈਂਕੜੇ ਬੈਕਸੂਰ ਮਾਰੇ ਅਤੇ ਪੰਜਾਬ ਅਤੇ ਭਾਰਤ ਦੇ ਜਿਵੇਂ ਟੁਕੜੇ ਕੀਤੇ, ਉਹ ਨਾਮੁਆਫ਼ ਕਰਨ ਯੋਗ ਗੁਨਾਹ ਹਨ । ਇਹ ਵੀ ਸੱਚ ਹੈ ਕਿ 1849 ਵਿਚ ਪੰਜਾਬ ਨੂੰ ਗ਼ੁਲਾਮ ਬਣਾਉਣ ਲਈ ਅੰਗਰੇਜ਼ਾਂ ਨਾਲ ਪੂਰਬੀਆਂ ਨੇ ਮਿਲ ਕੇ, ਸਿੱਖ ਰਾਜ ਖਤਮ ਕੀਤਾ, ਜਿਸ ਦਾ ਸਿੱਖਾਂ ਅੰਦਰ ਲਗਾਤਾਰ ਰੋਸ ਸੀ । ਸਿੰਘ ਸਭਾ ਲਹਿਰ ਦੌਰਾਨ ਵੀ ਇਹ ਵਰਤਾਰਾ ਝਲਕਦਾ ਹੈ । ਭਾਈ ਵੀਰ ਸਿੰਘ ਦਾ ਜਲ੍ਹਿਆ ਵਾਲਾ ਬਾਗ਼ ਸਾਕੇ ਬਾਰੇ ਨਾ ਲਿਖਣਾ ਜਾਂ ਅੰਗਰੇਜ਼ਾਂ ਦਾ ਵਿਰੋਧ ਨਾ ਕਰਨਾ ਵੀ ਉਸੇ ਪ੍ਰਸੰਗ ਦਾ ਹਿੱਸਾ ਹੈ । ਇਸ ਦੇ ਬਾਵਜੂਦ ਭਾਈ ਸਾਹਿਬ ਦੀ ਉਕਤ ਪਹੁੰਚ 'ਤੇ ਅਸਹਿਮਤੀ ਪ੍ਰਗਟਾਉਣਾ ਜਾਇਜ਼ ਹੈ ਤੇ ਆਲੋਚਨਾ ਕਰਨੀ ਸਹੀ ਹੈ, ਪਰ ਇਸ ਆਧਾਰ 'ਤੇ ਭਾਈ ਵੀਰ ਸਿੰਘ ਨਾਲ ਈਰਖਾ ਕਰਨੀ ਅਤੇ ਆਪਣੇ ਖੇਮੇ ਦੇ ਲੇਖਕਾਂ ਦੀ ਪੁਸ਼ਤ-ਪਨਾਹੀ ਕਰਨੀ, ਦੋਗਲੀ ਪਹੁੰਚ ਹੀ ਕਹੀ ਜਾਵੇਗੀ ।

ਇਹ ਦੋਹਰੇ ਮਾਪਦੰਡ ਇਉਂ ਹੀ ਹਨ ਜਿਵੇਂ ਕਿ ਪੰਜਾਬ ਅੰਦਰ ਖਾੜਕੂਵਾਦ ਦੇ ਦੌਰ ਸਮੇਂ ਖੱਬੇ ਪੱਖੀਆਂ ਦੀ ਇਕ ਢਾਣੀ ਦਾ ਨਾਅਰਾ ਸੀ ਕਿ ਪੰਜਾਬ ਵਿਚ ਖ਼ਾਲਿਸਤਾਨ ਉਹਨਾਂ ਦੀਆਂ ਲਾਸ਼ਾਂ 'ਤੇ ਬਣੇਗਾ । ਅੱਜ ਪੂਰਾ ਭਾਰਤ 'ਹਿੰਦੂ ਰਾਸ਼ਟਰ' ਬਣਨ ਜਾ ਰਿਹਾ ਹੈ, ਹੁਣ ਉਹਨਾਂ ਦੀਆਂ ਲਾਸ਼ਾਂ ਕਿਧਰੇ ਨਹੀਂ ਵਿਛੀਆਂ, ਸਗੋਂ ਉਹਨਾਂ ਦੇ ਜਿਉਂਦੇ ਜੀਅ ਹੀ ਹਿੰਦੂ ਰਾਸ਼ਟਰ ਕਾਇਮ ਹੋ ਰਿਹਾ ਹੈ । ਇਉਂ ਹੀ ਭਾਈ ਵੀਰ ਸਿੰਘ ਬਾਰੇ ਦੋਗਲਾਪਣ ਸਰਾਸਰ ਬੇਇਨਸਾਫੀ ਅਤੇ ਬੇਈਮਾਨੀ ਹੈ । ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਨੂੰ ਕੌਮਾਂਤਰੀ ਪੱਧਰ ਤੱਕ ਲਿਜਾਣ 'ਚ ਵੀਹਵੀਂ ਸਦੀ ਦੇ ਮੁੱਢ ਤੋਂ ਲੈ ਕੇ ਅੱਧੀ ਸਦੀ ਤੱਕ ਸਰਗਰਮ ਰਹਿੰਦੇ ਹਨ ।

ਭਾਈ ਸਾਹਿਬ ਦੀ ਸਾਹਿਤਕ ਦੇਣ ਨੂੰ ਅੱਜ ਪੰਜਾਬ ਤੋਂ ਲੈ ਕੇ ਦੁਨੀਆ ਦੇ ਕੋਨੇ-ਕੋਨੇ ਤੱਕ ਪਹੁੰਚਾਉਣਾ ਹੀ ਉਹਨਾਂ ਦਾ 152 ਸਾਲਾ ਜਨਮ ਦਿਹਾੜਾ ਮਨਾਉਣਾ ਕਿਹਾ ਜਾ ਸਕਦਾ ਹੈ । ਪੰਜਾਬੀ ਦੇ ਵਰਡਜ਼ਬਰਥ, ਮਿਲਟਨ ਅਤੇ ਦਾਂਤੇ ਕਹੇ ਜਾ ਸਕਣ ਦੇ ਸਮਰੱਥ ਮਹਾਂਕਵੀ ਭਾਈ ਵੀਰ ਸਿੰਘ ਦਾ ਸਾਹਿਤਕ ਮੁਲਾਂਕਣ ਅਜੇ ਤੱਕ ਸਹੀ ਢੰਗ ਨਾਲ ਹੋ ਹੀ ਨਹੀਂ ਸਕਿਆ । ਭਾਈ ਵੀਰ ਸਿੰਘ ਦੇ ਜਨਮ ਦਿਹਾੜਾ ਮਨਾਉਂਦੇ ਹੋਏ, ਨਵੇਂ ਸਿਰਿਓਂ ਇਹ ਕਾਰਜ ਆਰੰਭਣ ਦੀ ਲੋੜ ਹੈ । ਭਾਈ ਸਾਹਿਬ ਦੀ ਸਾਹਿਤਕ ਦੇਣ ਨੂੰ ਰੱਦ ਕਰਨ 'ਤੇ ਤੁਲੀਆਂ ਤਾਕਤਾਂ ਦਾ ਦਲੀਲ ਪੂਰਨ ਜਵਾਬ ਦੇਣਾ ਜ਼ਰੂਰੀ ਹੋ ਗਿਆ ਹੈ । 'ਸਾਹਿਤ ਮਾਫ਼ੀਆ' ਦੀਆਂ ਸਾਜਿਸ਼ਾਂ ਨੂੰ ਜੱਗ-ਜਾਹਿਰ ਕਰਕੇ ਹੀ ਭਾਈ ਵੀਰ ਸਿੰਘ ਖਿਆਫ਼ ਝੂਠਾ ਬਿਰਤਾਂਤ ਨਕਾਰਿਆ ਜਾ ਸਕਦਾ ਹੈ।

**ਕੋਆਰਡੀਨੇਟਰ, ਪੰਜਾਬੀ ਸਹਿਤ ਸਭਾ ਮੁਢਲੀ**
**ਐਬਸਫੋਰਡ, ਬੀਸੀ, ਕੈਨੇਡਾ।**

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
Any type Unsecured Debt WE CAN REDUCE YOU DEBT BY 70%
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
ਸਾਡੇ ਰੇਟ ਕਾਫੀ ਵਾਜ਼ਿਬ ਹਨ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
Kulwinder Bains
Certified Credit Counseller
778-998-9402
DDS: Diverse Debt Solutions Ltd.
unit # 205-12899-76 Ave. Surrey

# ਬਸਤਰ ’ਚ ਕਤਲੇਆਮ ਨਾਲ ਜੂਝ ਰਹੀ ਨਕਸਲੀ ਲਹਿਰ

**ਵਲੋਂ : ਬੂਟਾ ਸਿੰਘ ਮਹਿਮੂਦਪੁਰ**
**ਸੰਪਰਕ :** +91-94634-74342



ਮੱਧ ਭਾਰਤ ਦੀ ਜੰਗਲੀ ਪੱਟੀ ਨਕਸਲੀ/ਮਾਓਵਾਦੀ ਇਨਕਲਾਬੀਆਂ ਅਤੇ ਆਦਿਵਾਸੀਆਂ ਦੀ ਕਤਲਗਾਹ ਦਾ ਰੂਪ ਅਖ਼ਤਿਆਰ ਕਰ ਚੁੱਕੀ ਹੈ। ਪਿਛਲੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਨੇ ਐਲਾਨ ਕੀਤਾ ਕਿ 31 ਮਾਰਚ 2026 ਤੱਕ ਮਾਓਵਾਦ ਦਾ ਸਫ਼ਾਇਆ ਕਰ ਦਿੱਤਾ ਜਾਵੇਗਾ। ਅਗਸਤ 2009 ’ਚ ਜਦੋਂ ਮਨਮੋਹਨ ਸਿੰਘ-ਚਿਦੰਬਰਮ ਸਰਕਾਰ ਨੇ ‘ਅਪਰੇਸ਼ਨ ਗ੍ਰੀਨ ਹੰਟ’ ਸ਼ੁਰੂ ਕੀਤਾ, ਉਦੋਂ ਤੋਂ ਹੀ ਵੱਖ-ਵੱਖ ਸਰਕਾਰਾਂ ਵੱਲੋਂ ਅਜਿਹੇ ਟੀਚੇ ਤੈਅ ਕੀਤੇ ਜਾਂਦੇ ਰਹੇ ਹਨ।

ਕੁਝ ਦਰਜਨ ਨਕਸਲੀਆਂ ਨੂੰ ਹਜ਼ਾਰਾਂ ਸੁਰੱਖਿਆ ਬਲਾਂ/ਸਪੈਸ਼ਲ ਫੋਰਸਾਂ ਵੱਲੋਂ ਘੇਰਾ ਪਾ ਕੇ ਮਾਰ ਦੇਣ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਤੋਂ ਸਪਸ਼ਟ ਹੈ ਕਿ ਭਾਰਤੀ ਹੁਕਮਰਾਨਾਂ ਦਾ ਇੱਕੋ-ਇਕ ਉਦੇਸ਼ ਨਕਸਲੀ ਇਨਕਲਾਬੀਆਂ ਦਾ ਜਿਸਮਾਨੀ ਸਫ਼ਾਇਆ ਕਰਨਾ ਹੈ; ਉਹ ਮਸਲੇ ਦਾ ਰਾਜਨੀਤਕ ਹੱਲ ਬਿਲਕੁਲ ਨਹੀਂ ਕਰਨਾ ਚਾਹੁੰਦੇ। ਹਕੂਮਤ ਅਤੇ ਗੋਦੀ ਮੀਡੀਆ ਨਕਸਲ-ਵਿਰੋਧੀ ਮੁਹਿੰਮ ਦੀ ਕਾਮਯਾਬੀ ਦੇ ਅਸ਼ਲੀਲ ਜਸ਼ਨਾਂ ਦੇ ਸ਼ੋਰ ਅਤੇ ਹਕੂਮਤੀ ਬਿਰਤਾਂਤ ਰਾਹੀਂ ਮਸਲੇ ਦੀ ਮੂਲ ਵਜ੍ਹਾ ਉੱਪਰ ਪਰਦਾ ਪਾ ਰਹੇ ਹਨ। ਜਿਸ ਨੂੰ ਭਾਰਤੀ ਸਿਆਸਤ ਦੀ ‘ਮੁੱਖਧਾਰਾ’ ਕਿਹਾ ਜਾਂਦਾ ਹੈ, ਉਨ੍ਹਾਂ ਸਾਰਿਆਂ ਲਈ ਗ਼ੈਰ-ਅਦਾਲਤੀ ਕਤਲਾਂ ਦਾ ਵਰਤਾਰਾ ‘ਨਿਊ ਨਾਰਮਲ’ ਬਣ ਚੁੱਕਾ ਹੈ।

16 ਨਵੰਬਰ ਨੂੰ ਮਹਾਰਾਸ਼ਟਰ-ਛੱਤੀਸਗੜ੍ਹ ਦੇ ਸਰਹੱਦੀ ਖੇਤਰ ਵਿਚ ਹੋਇਆ ‘ਮੁਕਾਬਲਾ’ ਇਸ ਖ਼ੂਨੀ ਸਿਲਸਿਲੇ ‘ਚ ਤਾਜ਼ਾ ਘਟਨਾ ਹੈ ਜਿਸ ਵਿਚ ਪੰਜ ਨਕਸਲੀਆਂ ਦੇ ਮਾਰੇ ਜਾਣ ਦੀ ਖ਼ਬਰ ਹੈ। 4 ਅਕਤੂਬਰ ਨੂੰ ਛੱਤੀਸਗੜ੍ਹ ਦੇ ਅਬੂਝਮਾੜ ਖੇਤਰ ਵਿਚ 13 ਔਰਤਾਂ ਸਮੇਤ 38 ਨਕਸਲੀ/ਮਾਓਵਾਦੀ ਸੁਰੱਖਿਆ ਬਲਾਂ ਨਾਲ ‘ਮੁਕਾਬਲੇ’ ‘ਚ ਮਾਰ ਦਿੱਤੇ ਗਏ ਸਨ। 17 ਅਪਰੈਲ ਤੋਂ 10 ਮਈ ਤੱਕ ਤਿੰਨ ਵੱਡੇ ਮੁਕਾਬਲਿਆਂ ‘ਚ 51 ਨਕਸਲੀਆਂ ਦੇ ਮਾਰੇ ਜਾਣ ਦੀ ਰਿਪੋਰਟ ਹੈ। 4 ਅਕਤੂਬਰ ਦੇ ਮੁਕਾਬਲੇ ਤੋਂ ਬਾਅਦ ਛੱਤੀਸਗੜ੍ਹ ਦੇ ਮੁੱਖ ਮੰਤਰੀ ਨੇ ਟਵੀਟ ਕੀਤਾ- “ਨਕਸਲਵਾਦ ਦਾ ਖਾਤਮਾ ਹੀ ਉਨ੍ਹਾਂ (ਡਬਲ ਇੰਜਨ ਸਰਕਾਰ) ਦਾ ਟੀਚਾ ਹੈ” ਅਤੇ “ਉਨ੍ਹਾਂ ਦੀ ਲੜਾਈ ਹੁਣ ਆਪਣੇ ਅੰਜਾਮ ’ਤੇ ਪਹੁੰਚ ਕੇ ਹੀ ਦਮ ਲਵੇਗੀ।” ਇਸ ਦੌਰਾਨ ਨਕਸਲ ਪ੍ਰਭਾਵਿਤ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਵਿਸ਼ੇਸ਼ ਮੀਟਿੰਗ ਵਿਚ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਇਸ ਸਾਲ ਜਨਵਰੀ ਤੋਂ ਲੈ ਕੇ ਹੁਣ ਤੱਕ ਛੱਤੀਸਗੜ੍ਹ ਵਿਚ ਲੱਗਭੱਗ 194 ਨਕਸਲੀ ਮਾਰੇ ਗਏ ਹਨ, 801 ਨਕਸਲੀ ਗ੍ਰਿਫ਼ਤਾਰ ਕੀਤੇ ਹਨ ਅਤੇ 742 ਨਕਸਲੀਆਂ ਨੇ ਆਤਮ-ਸਮਰਪਣ ਕੀਤਾ ਹੈ। ਇਸ ਦੀ ਪੁਸ਼ਟੀ ਪੁਲਿਸ ਦੇ ਪ੍ਰੈੱਸ ਬਿਆਨ ‘ਚ ਵੀ ਕੀਤੀ ਗਈ ਹੈ।

ਜਿੱਥੋਂ ਤੱਕ ਨਕਸਲੀਆਂ ਨੂੰ ਮੁਕਾਬਲਿਆਂ ਰਾਹੀਂ ਖ਼ਤਮ ਕਰਨ ਦਾ ਸਵਾਲ ਹੈ, ਇਹ ਹਕੂਮਤੀ ਨੀਤੀ ਨਵੀਂ ਨਹੀਂ। 1970ਵਿਆਂ ਦੇ ਸ਼ੁਰੂ ‘ਚ ਵੀ ਪੂਰੇ ਮੁਲਕ ‘ਚ ਪੰਜ ਹਜ਼ਾਰ ਦੇ ਕਰੀਬ ਨਕਸਲੀਆਂ ਨੂੰ ਕਤਲ ਕਰ ਕੇ ਇਸੇ ਤਰਜ਼ ’ਤੇ ਨਕਸਲਵਾਦ ਦਾ ਸਫ਼ਾਇਆ ਕਰ ਦੇਣ ਦੇ ਦਾਅਵੇ ਕੀਤੇ ਗਏ ਸਨ। ਪੰਜ ਦਹਾਕਿਆਂ ‘ਚ ਪੂਰੇ ਮੁਲਕ ‘ਚ 20000 ਤੋਂ ਵੱਧ ਨਕਸਲੀਆਂ ਨੂੰ ਮੁਕਾਬਲਿਆਂ ‘ਚ ਅਤੇ ਹਿਰਾਸਤ ‘ਚ ਕਤਲ ਕੀਤਾ ਗਿਆ ਹੈ।

ਉਦੋਂ ਨਕਸਲੀ ਲਹਿਰ ਵਕਤੀ ਤੌਰ ’ਤੇ ਦਬ ਜ਼ਰੂਰ ਗਈ ਸੀ ਪਰ ਇਕ ਦਹਾਕਾ ਬਾਅਦ ਹੀ ਪਹਿਲਾਂ ਨਾਲੋਂ ਵੀ ਮਜ਼ਬੂਤ ਤਾਕਤ ਬਣ ਕੇ ਮੁੜ ਉੱਭਰ ਆਈ ਸੀ। ਇਸ ਪਿੱਛੇ ਬੁਨਿਆਦੀ ਕਾਰਨ ਇਹ ਸੀ ਕਿ ਨਕਸਲੀ ਇਨਕਲਾਬੀ ਲਹੂ ਦੇ ਤਿਹਾਏ ਸਿਰਫਿਰੇ ਕਾਤਲਾਂ ਦਾ ਟੋਲਾ ਨਹੀਂ ਸਗੋਂ ਬਿਹਤਰੀਨ ਆਦਰਸ਼ ਨੂੰ ਪ੍ਰਣਾਏ ਜੁਝਾਰੂ ਇਨਕਲਾਬੀਆਂ ਦਾ ਸਮੂਹ ਸੀ/ਹੈ ਜੋ ਨੰਗੇ-ਚਿੱਟੇ ਅਨਿਆਂ ਤੇ ਘੋਰ ਨਾ-ਬਰਾਬਰੀ ’ਤੇ ਆਧਾਰਿਤ ਮੌਜੂਦਾ ਰਾਜ ਪ੍ਰਬੰਧ ਨੂੰ ਖ਼ਤਮ ਕਰ ਕੇ ਮਨੁੱਖ ਦੇ ਜਿਉਣਯੋਗ ਨਵੇਂ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ/ਹਨ।

ਨਕਸਲੀਆਂ ਨੇ ਪਿਛਲੀਆਂ ਗ਼ਲਤੀਆਂ ਤੋਂ ਸਿੱਖ ਕੇ ਮੁਲਕ ਦੇ ਉਨ੍ਹਾਂ ਵਿਸ਼ਾਲ ਪਿਛੜੇ ਹੋਏ ਇਲਾਕਿਆਂ ਅੰਦਰ ਦੱਬੇ-ਕੁਚਲੇ ਸਮੂਹਾਂ ਨਾਲ ਮੱਛੀ ਤੇ ਪਾਣੀ ਵਾਲਾ ਰਿਸ਼ਤਾ ਬਣਾਇਆ ਅਤੇ ਨਿਆਸਰੇ ਤੇ ਨਿਤਾਣੇ ਅਵਾਮ ਨੂੰ ਹੱਕ-ਜਤਾਉਣ ਦੇ ਸਮਰੱਥ ਸਮੂਹਿਕ ਜਥੇਬੰਦ ਤਾਕਤ ‘ਚ ਬਦਲਿਆ। ਜਦੋਂ 1990ਵਿਆਂ ‘ਚ ਭਾਰਤੀ ਹੁਕਮਰਾਨ ਜਮਾਤ ਨੇ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦਾ ਆਰਥਿਕ ਮਾਡਲ ਅਪਣਾਉਣ ਤੋਂ ਬਾਅਦ ਜੰਗਲਾਂ-ਪਹਾੜਾਂ ਵਿਚਲੇ ਵਡਮੁੱਲੇ ਕੁਦਰਤੀ ਵਸੀਲੇ ਵਿਦੇਸ਼ੀ-ਦੇਸੀ ਕਾਰਪੋਰੇਟਾਂ ਨੂੰ ਸੌਂਪਣ ਲਈ ਕਥਿਤ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ, ਖ਼ਾਸ ਕਰ ਕੇ ਸੰਨ 2000 ‘ਚ ਸੰਘਣੀ ਆਦਿਵਾਸੀ ਵਾਲੇ ਵੱਖਰੇ ਰਾਜ ਛੱਤੀਸਗੜ੍ਹ, ਝਾਰਖੰਡ ਬਣਾਏ ਜਾਣ ਤੋਂ ਬਾਅਦ, ਤਾਂ ਆਦਿਵਾਸੀ ਇਲਾਕਿਆਂ ‘ਚ ਸਟੇਟ ਨੂੰ ਮਾਓਵਾਦੀ ਅਗਵਾਈ ਹੇਠ ਤਿੱਖੇ ਜਨਤਕ ਟਾਕਰੇ ਦਾ ਸਾਹਮਣਾ ਕਰਨਾ ਪਿਆ। ਆਦਿਵਾਸੀ ਸਮਾਜ ਦਾ ਮਨੋਬਲ ਤੋੜਨ ਲਈ ਟਾਟਾ ਅਤੇ ਐੱਸ.ਆਰ. ਕਾਰਪੋਰੇਟ ਘਰਾਣਿਆਂ ਦੀ ਫੰਡਿੰਗ ਨਾਲ ਕਾਂਗਰਸੀ ਵਿਧਾਇਕ ਮਹੇਂਦਰ ਕਰਮਾ ਤੇ ਪੁਲਿਸ ਅਧਿਕਾਰੀਆਂ ਦੀ ਸਾਂਝੀ ਕਮਾਨ ਹੇਠ ਗ਼ੈਰ-ਕਾਨੂੰਨੀ ਗਰੋਹ ਜਥੇਬੰਦ ਕਰ ਕੇ ਛੱਤੀਸਗੜ੍ਹ ਵਿਚ ਵਿਆਪਕ ਪੈਮਾਨੇ ’ਤੇ ਸਾੜ-ਫੂਕ, ਕਤਲੋਗ਼ਾਰਤ ਅਤੇ ਸਮੂਹਿਕ ਬਲਾਤਕਾਰਾਂ ਦੀ ਮੁਹਿੰਮ ਚਲਾਈ ਗਈ ਜਿਸ ਨੂੰ ‘ਸਲਵਾ ਜੁਡਮ’ ਕਿਹਾ ਗਿਆ। ਜਦੋਂ ਇਹ ਗ਼ੈਰ-ਕਾਨੂੰਨੀ ਗਰੋਹ ਵੀ ਆਦਿਵਾਸੀਆਂ ਦਾ ਮਨੋਬਲ ਤੋੜਨ ‘ਚ ਨਾਕਾਮ ਰਹੇ ਤਾਂ ਬੁਖਲਾਹਟ ‘ਚ ਆ ਕੇ ਮਨਮੋਹਨ ਸਿੰਘ ਸਰਕਾਰ ਨੇ ‘ਨਕਸਲਵਾਦ ਨੂੰ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ’ ਐਲਾਨ ਕੇ ਆਪਣੇ ਹੀ ਮੁਲਕ ਦੇ ਸਭ ਤੋਂ ਗ਼ਰੀਬ, ਹਾਸ਼ੀਏ ’ਤੇ ਧੱਕੇ ਆਦਿਵਾਸੀਆਂ ਵਿਰੁੱਧ ਨਸਲਕੁਸ਼ੀ ਦੀ ਜੰਗ ਵਿੱਢ ਦਿੱਤੀ ਜੋ ਡੇਢ ਦਹਾਕੇ ‘ਚ ਵੱਖ-ਵੱਖ ਨਾਵਾਂ ਹੇਠ ਹੁਣ ਅਤਿਅੰਤ ਕਰੂਰ ਰੂਪ ਅਖ਼ਤਿਆਰ ਕਰ ਚੁੱਕੀ ਹੈ। ਅਪਰੇਸ਼ਨ ਕਲੀਨ, ਅਪਰੇਸ਼ਨ ਐਨਾਕੌਂਡਾ, ਅਪਰੇਸ਼ਨ ਪ੍ਰਹਾਰ, ਅਪਰੇਸ਼ਨ ਕਗਾਰ ਆਦਿ ਨਾਮ ਭਾਵੇਂ ਵੱਖਰੇ ਜਾਪਦੇ ਹਨ ਪਰ ਸਭ ਦਾ ਨਿਸ਼ਾਨਾ ਇਕ ਹੈ: ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਉਜਾੜਾ। ਸੁਰੱਖਿਆ ਲਸ਼ਕਰਾਂ ਦੇ ਸੈਂਕੜੇ ਕੈਂਪ ਸਥਾਪਤ ਕਰ ਕੇ ਇਲਾਕੇ ਦੀ ਘੇਰਾਬੰਦੀ ਕੀਤੀ ਹੋਈ ਹੈ। ਜੰਗਲਾਂ ਦੇ ਚੱਪੇ-ਚੱਪੇ ’ਤੇ ਸੁਰੱਖਿਆ ਬਲ ਤਾਇਨਾਤ ਹਨ; ਖ਼ਾਸ ਕਰ ਕੇ ਬਸਤਰ ਦੁਨੀਆ ਦਾ ਸਭ ਤੋਂ ਸੰਘਣੀ ਨੀਮ-ਫ਼ੌਜੀ ਤਾਇਨਾਤੀ ਵਾਲਾ ਖੇਤਰ ਬਣ ਚੁੱਕਾ ਹੈ। ਬਸਤਰ ਦੇ ਜ਼ਿਆਦਾਤਰ ਹਿੱਸੇ ‘ਚ ਹਰ ਚਾਰ-ਪੰਜ ਕਿਲੋਮੀਟਰ ਦੇ ਘੇਰੇ ‘ਚ ਸੁਰੱਖਿਆ ਦਸਤਿਆਂ ਦਾ ਕੈਂਪ ਬਣਾ ਦਿੱਤਾ ਗਿਆ ਹੈ ਜਿੱਥੇ ਨਾਗਰਿਕਾਂ ਤੇ ਸੁਰੱਖਿਆ ਦਸਤਿਆਂ ਦਾ ਔਸਤ ਅਨੁਪਾਤ 9:1 ਹੈ। ਬੇਸ਼ੱਕ ਹਕੂਮਤ ਇਹ ਦਾਅਵਾ ਕਰ ਰਹੀ ਹੈ ਕਿ ਕੈਂਪ ਅਤੇ ਸੜਕਾਂ ਵਿਕਾਸ ਲਈ ਬਣਾਏ ਜਾ ਰਹੇ ਹਨ ਪਰ ਭਾਰਤੀ ਹੁਕਮਰਾਨਾਂ ਦੇ ਕਥਿਤ ਵਿਕਾਸ ਮਾਡਲ ਤੋਂ ਬਖ਼ੂਬੀ ਵਾਕਫ਼ ਜਾਗਰੂਕ ਨਾਗਰਿਕਾਂ ਅਤੇ ਉਜਾੜੀ ਜਾ ਰਹੀ ਮਜ਼ਲੂਮ ਲੋਕਾਈ ਨੂੰ ਕੋਈ ਭੁਲੇਖਾ ਨਹੀਂ ਹੈ ਕਿ ਇਹ ਸਾਰਾ ਬੁਨਿਆਦੀ ਢਾਂਚਾ ਜੰਗਲਾਂ-ਪਹਾੜਾਂ ਉੱਪਰ ਕਾਰਪੋਰੇਟ ਕਬਜ਼ੇ ਦੇ ਰਾਹ ਪੱਧਰਾ ਕਰਨ ਲਈ ਖੜ੍ਹਾ ਕੀਤਾ ਗਿਆ ਹੈ।

ਗ਼ੈਰ-ਕਾਨੂੰਨੀ ਗ੍ਰਿਫ਼ਤਾਰੀਆਂ, ਨਜ਼ਰਬੰਦੀਆਂ, ਲੁੱਟਮਾਰ, ਜਿਨਸੀ ਦਹਿਸ਼ਤਵਾਦ, ਅਗਵਾ ਕਰ ਕੇ ਕਤਲ ਅਤੇ ਮੁਕਾਬਲਿਆਂ ਵਿਚ ਕਤਲੇਆਮ ਦਾ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ। ਆਦਿਵਾਸੀ ਅਵਾਮ ਨੂੰ ਬੁਨਿਆਦੀ ਮਸਲਿਆਂ ਦੇ ਹੱਲ ਲਈ ਸੰਘਰਸ਼ ਤੋਂ ਦੂਰ ਕਰਨ ਲਈ ਨਿੱਜੀ ਲਾਲਚ, ਭਰਮਾਊ ਸਕੀਮਾਂ, ਪਾਟਕ-ਪਾਊ ਚਾਲਾਂ ਅਤੇ ਕਰੂਰ ਜਬਰ-ਜ਼ੁਲਮ ਦਾ ਜਾਲ ਵਿਛਾਇਆ ਗਿਆ ਹੈ ਅਤੇ ਕਿਸੇ ਕਾਰਨ ਲਹਿਰ ਤੋਂ ਕਿਨਾਰਾ ਕਰ ਚੁੱਕੇ ਆਦਿਵਾਸੀ ਪਿਛੋਕੜ ਵਾਲੇ ‘ਸਾਬਕਾ ਨਕਸਲੀਆਂ’ ਅਤੇ ਸਮਾਜ ਵਿਰੋਧੀ ਅਨਸਰਾਂ ਦੀ ਵਿਸ਼ੇਸ਼ ਭਰਤੀ ਕਰ ਕੇ ਅਤੇ ਉਨ੍ਹਾਂ ਨੂੰ ਨਿੱਜੀ ਲਾਲਚ ਖ਼ਾਤਰ ਗ਼ੈਰ-ਕਾਨੂੰਨੀ ਕਤਲਾਂ ਲਈ ਉਕਸਾ ਕੇ ਭਰਾ-ਮਾਰੂ ਜੰਗ ‘ਚ ਝੋਕਿਆ ਗਿਆ ਹੈ। ਇੰਝ ‘ਸਲਵਾ ਜੁਡਮ’ ਨੂੰ ਨਵਾਂ ਰੂਪ ਦਿੱਤਾ ਗਿਆ ਹੈ ਜੋ ਸੁਪਰੀਮ ਕੋਰਟ ਦੇ ਆਦੇਸ਼ ’ਤੇ ਹਕੂਮਤ ਨੂੰ ਬੰਦ ਕਰਨੀ ਪਈ ਸੀ। ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਪੁਲਿਸ ਅਤੇ ਕੇਂਦਰੀ ਸੁਰੱਖਿਆ ਲਸ਼ਕਰਾਂ ਦੇ ਅਧਿਕਾਰੀਆਂ ਨੂੰ ਮੁਕਾਬਲਿਆਂ ਅਤੇ ਆਤਮ-ਸਮਰਪਣ ਦੇ ਨਾਂ ਹੇਠ ਵਿਆਪਕ ਪੱਧਰ ’ਤੇ ਧਾਂਦਲੀ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ ਜੋ ਮਾਰੇ ਗਏ ਅਤੇ ਆਤਮ-ਸਮਰਪਣ ਕਰ ਚੁੱਕੇ ਨਕਸਲੀਆਂ ਦੇ ਵੱਧ ਤੋਂ ਵੱਧ ਅੰਕੜੇ ਦਿਖਾ ਕੇ ਤਰੱਕੀਆਂ ਅਤੇ ਇਨਾਮ ਲੈ ਰਹੇ ਹਨ। ਮਾਓਵਾਦੀ ਛਾਪਾਮਾਰਾਂ ਦੇ ਨਾਲ-ਨਾਲ ਬਹੁਤ ਸਾਰੇ ਆਮ ਆਦਿਵਾਸੀਆਂ ਨੂੰ ਵੀ ਫੜ ਕੇ ਮੁਕਾਬਲਿਆਂ ‘ਚ ਮਾਰ ਦਿੱਤਾ ਜਾਂਦਾ ਹੈ ਅਤੇ ਇਨਾਮੀ ਮਾਓਵਾਦੀ ਦਿਖਾਉਣ ਲਈ ਛਾਪਾਮਾਰਾਂ ਵਾਲੀ ਵਰਦੀ ਪਹਿਨਾ ਦਿੱਤੀ ਜਾਂਦੀ ਹੈ।

ਰਾਜਕੀ ਦਹਿਸ਼ਤਵਾਦ ਕਥਿਤ ਮੁਕਾਬਲਿਆਂ ਤੱਕ ਸੀਮਤ ਨਹੀਂ ਹੈ। ਇਸ ਦੇ ਕਈ ਰੂਪ ਤਾਂ ਮੁੱਖਧਾਰਾ ਮੀਡੀਆ ‘ਚ ਖ਼ਬਰ ਹੀ ਨਹੀਂ ਬਣਦੇ। ਪਿਛਲੇ ਦੋ ਸਾਲਾਂ ਤੋਂ ਦੂਰ-ਦਰਾਜ ਆਦਿਵਾਸੀ ਪਿੰਡਾਂ ਉੱਪਰ ਡਰੋਨਾਂ ਨਾਲ ਬੰਬਾਰੀ ਦੀਆਂ ਰਿਪੋਰਟਾਂ ਵੀ ਆ ਰਹੀਆਂ ਹਨ ਜਿਨ੍ਹਾਂ ਦੀ ਪੁਸ਼ਟੀ ਮਨੁੱਖੀ ਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੇ ਆਪਣੀ ਹਾਲੀਆ ਤੱਥ-ਖੋਜ ਰਿਪੋਰਟ ‘ਚ ਵੀ ਕੀਤੀ ਹੈ। ਹੁਣੇ ਜਿਹੇ 13 ਨਵੰਬਰ ਨੂੰ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਕਿ ਉਸ ਵੱਲੋਂ ਸੋਸ਼ਲ ਮੀਡੀਆ ਸੰਦੇਸ਼ ਟਾਈਪ ਕਰਨ ਸਮੇਂ ਸਰਕਾਰੀ ਸੁਰੱਖਿਆ ਲਸ਼ਕਰ ਬੀਜਾਪੁਰ ਜ਼ਿਲ੍ਹੇ ਦੇ ਕੌਂਡਾਪਲੀ ਪਿੰਡ ਉੱਪਰ ਬੇਕਿਰਕੀ ਨਾਲ ਗੋਲੇ-ਬਾਰੂਦ ਦੀ ਵਾਛੜ ਕਰ ਰਹੇ ਹਨ। ਇਸੇ ਦਿਨ ਅੱਧੀ ਰਾਤ ਨੂੰ ਇਸ ਪਿੰਡ ਵਿਚ ਸੈਂਕੜਿਆਂ ਦੀ ਤਾਦਾਦ ‘ਚ ਸੁਰੱਖਿਆ ਦਸਤੇ ਭੇਜ ਕੇ ਨਵਾਂ ਕੈਂਪ ਬਣਾਇਆ ਗਿਆ ਸੀ ਜਿਨ੍ਹਾਂ ਨੇ ਆਉਂਦਿਆਂ ਹੀ ਹਮਲਾ ਵਿੱਢ ਦਿੱਤਾ। ਹੁਣ 30 ਆਦਿਵਾਸੀ ਅੰਦੋਲਨਾਂ ਦੀ ਨੁਮਾਇੰਦਗੀ ਕਰਦੇ ‘ਮੂਲਵਾਸੀ ਬਚਾਓ ਮੰਚ’ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਪਾਬੰਦੀ ਲਗਾ ਦਿੱਤੀ ਗਈ ਹੈ ਜਿਸ ਦੇ ਝੰਡੇ ਹੇਠ ਛੱਤੀਸਗੜ੍ਹ ਦੇ ਆਦਿਵਾਸੀ ਜੰਗਲਾਂ ਵਿਚ ਨੀਮ-ਫ਼ੌਜੀ ਕੈਂਪ ਲਗਾਏ ਜਾਣ ਵਿਰੁੱਧ ਪੱਕੇ ਮੋਰਚੇ ਲਾ ਕੇ ਵਿਰੋਧ ‘ਚ ਡਟੇ ਹੋਏ ਸਨ। ਸਵਾਲ ਹੈ: ਜੇ ਲੋਕ ਪੁਰਅਮਨ ਤਰੀਕਿਆਂ ਨਾਲ ਵੀ ਹਕੂਮਤੀ ਧੱਕੇਸ਼ਾਹੀ ਦਾ ਵਿਰੋਧ ਨਹੀਂ ਕਰ ਸਕਦੇ ਤਾਂ ਉਨ੍ਹਾਂ ਕੋਲ ਮਾਓਵਾਦੀ ਲਹਿਰ ‘ਚ ਸ਼ਾਮਲ ਹੋ ਕੇ ਆਪਣੇ ਹਿਤਾਂ ਲਈ ਲੜਨ ਤੋਂ ਸਿਵਾਇ ਹੋਰ ਰਾਹ ਕੀ ਹੈ?

ਨਕਸਲੀਆਂ/ਮਾਓਵਾਦੀਆਂ ਦੇ ਸਮਾਜਿਕ ਤਬਦੀਲੀ ਲਿਆਉਣ ਦੇ ਤਰੀਕਿਆਂ ਬਾਰੇ ਅਸਹਿਮਤੀ ਅਤੇ ਕਿੰਤੂ-ਪ੍ਰੰਤੂ ਹੋ ਸਕਦਾ ਹੈ ਪਰ ਉਨ੍ਹਾਂ ਦੇ ਉਦੇਸ਼ ਅਤੇ ਮਨਸ਼ਾ ਬਾਰੇ ਦੋ ਰਾਵਾਂ ਨਹੀਂ ਹਨ। ਉਹ ਘ੍ਰਿਣਤ ਸਮਾਜਿਕ-ਆਰਥਿਕ ਨਾ-ਬਰਾਬਰੀ, ਧੱਕੇ-ਵਿਤਕਰੇ ਤੇ ਦਾਬੇ ਨੂੰ ਖ਼ਤਮ ਕਰਕੇ ਬਰਾਬਰੀ ਵਾਲਾ ਸਮਾਜ ਉਸਾਰਨਾ ਚਾਹੁੰਦੇ ਹਨ ਜਦਕਿ ਭਾਰਤੀ ਹੁਕਮਰਾਨ ਜਮਾਤ ਇਨਸਾਨੀ ਤਰੱਕੀ ਵਿਰੋਧੀ ਤਾਕਤ ਹੈ ਜੋ ‘ਕਾਨੂੰਨ ਦਾ ਰਾਜ’ ਦੇ ਬਹਾਨੇ ਹਰ ਹੀਲੇ ਯਥਾ-ਸਥਿਤੀ ਨੂੰ ਬਰਕਰਾਰ ਰੱਖਣਾ ਚਾਹੁੰਦੀ ਹੈ ਜਿਸ ਪਿੱਛੇ ਇਸ ਦਾ ਲੋਕਾਈ ਨੂੰ ਬੇਕਿਰਕ ਲੁੱਟ-ਖਸੁੱਟ, ਆਰਥਿਕ ਮੁਥਾਜੀ, ਦਾਬੇ ਅਤੇ ਮਾਨਸਿਕ ਗ਼ੁਲਾਮੀ ‘ਚ ਜਕੜੀ ਰੱਖਣ ਦਾ ਮਨੁੱਖਤਾ ਵਿਰੋਧੀ ਸਵਾਰਥ ਕੰਮ ਕਰਦਾ ਹੈ ਜਿਸ ਨੂੰ ਮਾਰਕਸਵਾਦੀ ਮੁਹਾਵਰੇ ਵਿਚ ਜਮਾਤੀ ਹਿਤ ਕਿਹਾ ਜਾਂਦਾ ਹੈ।

ਭਾਰਤੀ ਹੁਕਮਰਾਨ ਮੁੱਢ ਤੋਂ ਹੀ ਇਸ ਹਕੀਕਤ ਨੂੰ ਲੁਕੋਂਦੇ ਆ ਰਹੇ ਹਨ ਕਿ ਨਕਸਲੀ ਲਹਿਰ ਕਮਿਊਨਿਸਟ ਲਹਿਰ ਦੀ ਉਹ ਜੁਝਾਰੂ ਧਾਰਾ ਹੈ ਜੋ ਕਿਸੇ ਵੀ ਕੀਮਤ ’ਤੇ ਆਪਣਾ ਬੁਨਿਆਦੀ ਸਮਾਜਿਕ ਤਬਦੀਲੀ ਦਾ ਏਜੰਡਾ ਤਿਆਗਣ ਅਤੇ ਭਾਰਤੀ ਹੁਕਮਰਾਨਾਂ ਨਾਲ ਰਾਜਨੀਤਕ ਸਮਝੌਤਾ ਕਰਕੇ ਸੁਧਾਰਵਾਦੀ ਸਿਆਸਤ ਨੂੰ ਅਪਣਾਉਣ ਲਈ ਤਿਆਰ ਨਹੀਂ ਹਨ। ਉਹ ਆਪਣੀ ਜ਼ਿੰਦਗੀ ਦਾ ਮੁੱਲ ਤਾਰ ਕੇ ਵੀ ਸਮਾਜਿਕ ਤਬਦੀਲੀ ਲਿਆਉਣ ਲਈ ਦ੍ਰਿੜ ਹਨ।

ਇਸ ਹਕੀਕਤ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਨਕਸਲੀ ਇਨਕਲਾਬੀਆਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਗਈਆਂ। ਨਕਸਲੀ ਲਹਿਰ ਨੇ ਭਾਰਤ ਦੀ ਆਮ ਲੋਕਾਈ ਦੇ ਨਰਕ ਤੋਂ ਵੀ ਭੈੜੇ ਜੂਨ-ਗੁਜ਼ਾਰੇ ਉੱਪਰ ਪਾਇਆ ਲੋਕਤੰਤਰ ਦਾ ਪਰਦਾ ਪਾੜ ਕੇ ਅਸਲ ਤਸਵੀਰ ਜੱਗ ਜ਼ਾਹਰ ਕਰ ਦਿੱਤੀ। ਨਕਸਲੀ ਲਹਿਰ ਨੇ ਸਭ ਤੋਂ ਵੱਧ ਹਾਸ਼ੀਏ ’ਤੇ ਧੱਕੇ ਹਿੱਸਿਆਂ, ਆਦਿਵਾਸੀਆਂ ਅਤੇ ਬੇਜ਼ਮੀਨੇ ਦਲਿਤਾਂ ਦੇ ਬੁਨਿਆਦੀ ਮਸਲੇ ਉਠਾ ਕੇ ਮੰਗਾਂ ਨੂੰ ਸੰਘਰਸ਼ ਦਾ ਰੂਪ ਦੇਣ ‘ਚ ਕੇਂਦਰੀ ਭੂਮਿਕਾ ਨਿਭਾਈ। ਇਸ ਨੇ ਮਿਹਨਤਕਸ਼ ਲੋਕਾਂ, ਖ਼ਾਸ ਕਰ ਕੇ ਬੇਜ਼ਮੀਨੀ ਕਿਸਾਨੀ ਦੇ ਬੁਨਿਆਦੀ ਮਸਲੇ ਨੂੰ ਮੁਖ਼ਾਤਬ ਹੋਣ ਦੀ ਜ਼ਰੂਰਤ ਵੱਲ ਧਿਆਨ ਖਿੱਚਿਆ। ਬੇਸ਼ੱਕ ਨਕਸਲੀ ਲਹਿਰ ਆਪਣੀ ਜ਼ਰੱਈ ਇਨਕਲਾਬ ਅਤੇ ਸੱਤਾ ਉੱਪਰ ਕਬਜ਼ੇ ਦਾ ਪ੍ਰਮੁੱਖ ਟੀਚਾ ਹਾਸਲ ਕਰਨ ‘ਚ ਅਜੇ ਤੱਕ ਕਾਮਯਾਬ ਨਹੀਂ ਹੋਈ ਪਰ ਇਸ ਲਹਿਰ ਦੇ ਦਬਾਅ ਹੇਠ ਹੁਕਮਰਾਨ ਜ਼ਰੱਈ ਸੁਧਾਰਾਂ ਲਈ ਕੁਝ ਨਾ ਕੁਝ ਕਦਮ ਚੁੱਕਣ ਲਈ ਮਜਬੂਰ ਹੋਏ। ਭਾਰਤੀ ਹੁਕਮਰਾਨਾਂ ਨੂੰ ਆਦਿਵਾਸੀ ਲੋਕਾਂ ਦੇ ਜੰਗਲਾਂ ਉੱਪਰ ਕੁਦਰਤੀ ਹੱਕ ਸੁਰੱਖਿਅਤ ਕਰਨ, ਖੇਤ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤ ਅਤੇ ਪੇਂਡੂ ਖੇਤਰ ਲਈ ਰੋਜ਼ਗਾਰ ਕਾਨੂੰਨ ਆਦਿ ਵਰਗੇ ਮਹੱਤਵਪੂਰਨ ਕਾਨੂੰਨੀ ਸੁਧਾਰ ਕਰਨੇ ਪਏ। ਬੇਸ਼ੱਕ ਛੱਤੀਸਗੜ੍ਹ, ਬਿਹਾਰ-ਝਾਰਖੰਡ, ਉੜੀਸਾ, ਤਿਲੰਗਾਨਾ ਹੈ ਜਾਂ ਮਹਾਰਾਸ਼ਟਰ, ਕੇਰਲ ਜਾਂ ਪੱਛਮੀ ਬੰਗਾਲ, ਨਕਸਲੀ ਲਹਿਰ ਦੇ ਵਧ ਰਹੇ ਜਨਤਕ ਆਧਾਰ ਨੂੰ ਰੋਕਣ ਲਈ ਸਰਕਾਰਾਂ ਨੂੰ ਬਹੁਤ ਸਾਰੇ ਕਦਮ ਚੁੱਕਣੇ ਪਏ। ਤਤਕਾਲੀ ਕੇਂਦਰ ਸਰਕਾਰ ਦੇ ਯੋਜਨਾ ਕਮਿਸ਼ਨ ਵੱਲੋਂ 2006 ‘ਚ ਬਣਾਏ ‘ਮਾਹਰਾਂ ਦੇ ਗਰੁੱਪ’ ਨੇ ‘ਲਾਲ ਪੱਟੀ’ ਦਾ ਦੌਰਾ ਕਰਨ ਤੋਂ ਬਾਅਦ 2008 ‘ਚ ਜਾਰੀ ਕੀਤੀ ਵਿਸਤਾਰਤ ਰਿਪੋਰਟ ਵਿਚ ਮੰਨਿਆ ਸੀ ਕਿ “ਨਕਸਲੀ ਲਹਿਰ ਨੇ ਦੱਬੇਕੁਚਲਿਆਂ ‘ਚ ਆਪਣੀ ਬਰਾਬਰੀ ਦਾ ਹੱਕ ਜਤਾਉਣ ਅਤੇ ਭਾਰੂ ਜਾਤਾਂ ਤੇ ਜਮਾਤਾਂ ਤੋਂ ਮਾਣ-ਸਨਮਾਨ ਤੇ ਗੌਰਵ ਦੀ ਮੰਗ ਕਰਨ ਦਾ ਵਿਸ਼ਵਾਸ ਭਰਿਆ ਹੈ।”

ਅਮਨ-ਕਾਨੂੰਨ ਦੇ ਆਪੇ ਬਣੇ ਠੇਕੇਦਾਰ ਮਾਓਵਾਦੀ ‘ਹਿੰਸਾ’ ਉੱਪਰ ਬਹੁਤ ਹਾਇ-ਤੌਬਾ ਮਚਾਉਂਦੇ ਹਨ ਪਰ ਉਹ ਸਮਾਜਿਕ ਨਿਆਂ ਅਤੇ ਬੁਨਿਆਦੀ ਮਨੁੱਖੀ ਜ਼ਰੂਰਤਾਂ ਦੇ ਸਵਾਲਾਂ ਵੱਲ ਕਦੇ ਮੂੰਹ ਨਹੀਂ ਕਰਦੇ। ਉਹ ਇਸ ਕੌੜੀ ਹਕੀਕਤ ਨੂੰ ਮੁਖ਼ਾਤਿਬ ਨਹੀਂ ਹੁੰਦੇ ਕਿ 1947 ਤੋਂ ਬਾਅਦ ਹੋਂਦ ‘ਚ ਆਏ ‘ਸੁਤੰਤਰ’ ਭਾਰਤ ਨੇ ਗ਼ਰੀਬ ਤੇ ਵਾਂਝੇ ਹਿੱਸਿਆਂ ਦੀ ਬਿਹਤਰੀ ਤੇ ਤਰੱਕੀ ਲਈ ਕੀ ਕੀਤਾ ਹੈ। ਨਕਸਲੀ/ਮਾਓਵਾਦੀ ਲਹਿਰ ਦਾ ਸਮਾਜਿਕ ਆਧਾਰ ਸਭ ਤੋਂ ਗ਼ਰੀਬ ਤੇ ਵਾਂਝੇ ਲੋਕ ਹਨ ਜਿਨ੍ਹਾਂ ਦੇ ਹਿਤਾਂ ਅਤੇ ਜਮਹੂਰੀ ਰੀਝਾਂ ਦੀ ਨੁਮਾਇੰਦਗੀ ਮਾਓਵਾਦੀ ਲਹਿਰ ਕਰਦੀ ਹੈ।

• **ਬਾਕੀ ਸਫ਼ਾ** 17 ‘ਤੇ

# ਵਧਦਾ ਵਾਤਾਵਰਨ ਸੰਕਟ

## ਪਰਲੋ ਨੂੰ ਸੱਦਾ

**ਵਲੋਂ : ਅਵਿਜੀਤ ਪਾਠਕ**



ਮੈਂ ਕਾਰ ਖਰੀਦਣ ਦੀ ਆਪਣੀ ਖਾਹਿਸ਼ ਦੱਬ ਲਈ ਹੈ ਤੇ ਹੁਣ ਜਦੋਂ ਕਦੇ ਮੈਂ ਬਾਹਰ ਜਾਂਦਾ ਹਾਂ ਤਾਂ ਆਪਣੇ ਆਪ ਨੂੰ ਸ਼ਾਬਾਸ਼ ਦਿੰਦਾ ਰਹਿੰਦਾ ਹਾਂ। ਮੈਂ ਤੁਰਨ ਫਿਰਨ ਦਾ ਸ਼ੁਕੀਨ ਹਾਂ ਅਤੇ ਇਹ ਦੇਖ ਕੇ ਮੈਨੂੰ ਚੰਗਾ ਅਹਿਸਾਸ ਹੁੰਦਾ ਹੈ ਕਿ ਮੇਰੇ ਇਸ ਸਾਧਾਰਨ ਜਿਹੇ ਕਦਮ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਵਿਚ ਕੋਈ ਵਾਧਾ ਨਹੀਂ ਹੁੰਦਾ ਤੇ ਇੰਝ ਜਲਵਾਯੂ ਐਮਰਜੈਂਸੀ ਵਰਗੇ ਹਾਲਾਤ ਨਾਲ ਸਿੱਝਣ ਵਿਚ ਮੇਰਾ ਵੀ ਮਾਮੂਲੀ ਜਿਹਾ ਯੋਗਦਾਨ ਪੈਂਦਾ ਹੈ। ਉਂਝ, ਕਈ ਲੋਕਾਂ ਵਲੋਂ ਮੇਰੇ ਵਰਗੇ ਰਾਹਗੀਰਾਂ ਨੂੰ ਅੜਿੱਕਾ ਸਮਝਿਆ ਜਾਂਦਾ ਹੈ। ਆਖ਼ਿਰਕਾਰ, ਇੰਝ ਜਾਪਦਾ ਹੈ ਜਿਵੇਂ ਸਾਡੇ ਸਾਰੇ ਰਾਜਮਾਰਗ, ਲੇਨਾਂ ਬਾਇਲੇਨਾਂ ਸਿਰਫ਼ ਕਾਰਾਂ, ਮੋਟਰਬਾਈਕਾਂ ਤੇ ਹੋਰਨਾਂ ਵਾਹਨਾਂ ਲਈ ਬਣੇ ਹਨ। ਕੋਈ ਹੈਰਤ ਦੀ ਗੱਲ ਨਹੀਂ ਕਿ ਸੜਕ ’ਤੇ ਸ਼ਾਂਤੀ ਨਾਲ ਤੁਰਨਾ ਜਾਂ ਸੜਕ ਪਾਰ ਕਰਨੀ ਬੇਹੱਦ ਖ਼ਤਰਨਾਕ ਕੰਮ ਬਣ ਰਿਹਾ ਹੈ। ਇਸ ਵਿਰੋਧਾਭਾਸ ਨੂੰ ਦੇਖੋ: ਜੇ ਤੁਸੀਂ ਕਾਰਬਨ ਗੈਸਾਂ ਦੀ ਨਿਕਾਸੀ ਘਟਾਉਣ ਵਿਚ ਥੋੜ੍ਹਾ ਜਿਹਾ ਯੋਗਦਾਨ ਪਾਉਣਾ ਚਾਹੁੰਦੇ ਹੋ ਤਾਂ ਤੁਸੀਂ ਕੰਮ ਦੇ ਨਹੀਂ ਹੋ! ਹਾਲਾਂਕਿ ਸਾਇੰਸਦਾਨ ਅਤੇ ਵਾਤਾਵਰਨਵਾਦੀ ਸਾਨੂੰ ਵਾਰ-ਵਾਰ ਚੇਤਾ ਕਰਾ ਰਹੇ ਹਨ ਕਿ ਅੰਨ੍ਹੇਵਾਹ ਪੈਟਰੋਲ/ਡੀਜ਼ਲ ਫੂਕਣ ਕਰ ਕੇ ਦੁਨੀਆ ਲਈ ਜਲਵਾਯੂ ਐਮਰਜੈਂਸੀ ਜਿਹੇ ਹਾਲਾਤ ਪੈਦਾ ਹੋ ਗਏ ਹਨ ਪਰ ਅਸੀਂ ਦਰਖ਼ਤਾਂ ਦਾ ਵਢਾਂਗਾ ਕਰਨ, ਮੈਗਾ ਐਕਸਪ੍ਰੈਸਵੇਜ਼ ਉਸਾਰਨ, ਰਫ਼ਤਾਰ ਅਤੇ ਆਵਾਜਾਈ ਨੂੰ ਵਡਿਆਉਣ, ਵੱਡੀਆਂ ਤੋਂ ਵੱਡੀਆਂ ਕਾਰਾਂ ਖਰੀਦਣ ਤੋਂ ਬਾਜ਼ ਨਹੀਂ ਆ ਰਹੇ ਅਤੇ ਕਸਬਿਆਂ ਤੇ ਸ਼ਹਿਰਾਂ ਦਾ ਡਿਜ਼ਾਈਨ ਕੁਝ ਇਸ ਢੰਗ ਨਾਲ ਕਰਦੇ ਹਾਂ ਕਿ ਪੈਦਲ ਚੱਲਣਾ ਜਾਂ ਸਾਇਕਲਿੰਗ ਲਗਭਗ ਅਸੰਭਵ ਹੋ ਗਈ ਹੈ।

ਦਿੱਲੀ ਦੀ ਸਾਲ 2023 ਅੰਕੜਾ ਕਿਤਾਬਚਾ ਡਰਾਉਣੀ ਤਸਵੀਰ ਪੇਸ਼ ਕਰਦਾ ਹੈ। ਕੌਮੀ ਰਾਜਧਾਨੀ ਵਿਚ ਕੁੱਲ ਰਜਿਸਟਰਡ ਵਾਹਨਾਂ ਦੀ ਸੰਖਿਆ 1 ਕਰੋੜ 20 ਲੱਖ ਸੀ ਜਿਨ੍ਹਾਂ ’ਚੋਂ 33.8 ਫ਼ੀਸਦ ਵਾਹਨ ਪ੍ਰਾਈਵੇਟ ਸਨ। ਇਹ ਖੇਡ ਇੱਥੇ ਹੀ ਖ਼ਤਮ ਨਹੀਂ ਹੁੰਦੀ ਭਾਵੇਂ ਦਿੱਲੀ ਦੇ ਕੁੱਲ ਪ੍ਰਦੂਸ਼ਣ ਵਿਚ ਵਾਹਨਾਂ ਦੇ ਪ੍ਰਦੂਸ਼ਣ ਦਾ ਹਿੱਸਾ 38 ਫ਼ੀਸਦ ਅੰਗਿਆ ਜਾਂਦਾ ਹੈ। ਇਹ ਸਾਰੀ ਕਵਾਇਦ ਆਪਣੇ ਪੈਰੀਂ ਕੁਹਾੜੀ ਮਾਰਨ ਦੇ ਤੁੱਲ ਹੈ। ਮਿਸਾਲ ਦੇ ਤੌਰ ’ਤੇ ਬੰਗਲੌਰ ਦੀ ਹੋਣੀ ਦੀ ਕਲਪਨਾ ਕਰੋ। ਬੰਗਲੌਰ ਕਦੇ ਸ਼ਾਂਤਮਈ ਸ਼ਹਿਰ ਹੁੰਦਾ ਸੀ ਜੋ ਬਦਨਾਮ ਟਰੈਫਿਕ ਜਾਮਾਂ ਕਰ ਕੇ ਸ਼ੋਰੀਲਾ ਖੇਤਰ ਬਣ ਗਿਆ ਹੈ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸ਼ਹਿਰ ਵਿਚ 23 ਲੱਖ ਪ੍ਰਾਈਵੇਟ ਕਾਰਾਂ ਹਨ ਅਤੇ ਲੋਕਾਂ ਨੂੰ ਮਹਿਜ਼ ਦਸ ਕਿਲੋਮੀਟਰ ਦਾ ਸਫ਼ਰ ਤੈਅ ਕਰਨ ਲਈ ਔਸਤਨ 30 ਮਿੰਟ ਲਗਦੇ ਹਨ!

ਅਸੀਂ ਕੁਚੱਕਰ ਵਿਚ ਫਸ ਗਏ ਹਾਂ: ਹੋਰ ਜ਼ਿਆਦਾ ਕਾਰਾਂ, ਜ਼ਿਆਦਾ ਟਰੈਫਿਕ ਘੜਮੱਸ, ਜ਼ਿਆਦਾ ਫਲਾਈਓਵਰ, ਹੋਰ ਜ਼ਿਆਦਾ ਐਕਸਪ੍ਰੈਸਵੇਜ਼, ਜ਼ਿਆਦਾ ਪ੍ਰਦੂਸ਼ਣ। ਫਿਰ ਵੀ ਟੈਕਨੋ-ਪੂੰਜੀਪਤੀ, ਠੇਕੇਦਾਰ ਅਤੇ ਸਿਆਸਤਦਾਨ ਛੇਤੀ ਹੀ ਇਕ ਹੋਰ ਐਕਸਪ੍ਰੈਸਵੇਅ ਦੇ ਉਦਘਾਟਨ ਦਾ ਗੁਣਗਾਨ ਕਰਦੇ ਰਹਿੰਦੇ ਹਨ। ਜਿਵੇਂ 264 ਕਿਲੋਮੀਟਰ ਲੰਮਾ ਦਿੱਲੀ-ਦੇਹਰਾਦੂਨ ਐਕਸਪ੍ਰੈਸਵੇਅ ਤੁਹਾਨੂੰ ਸਿਰਫ਼ ਢਾਈ ਘੰਟੇ ਵਿਚ ਇਕ ਤੋਂ ਦੂਜੇ ਸ਼ਹਿਰ ਪਹੁੰਚਾ ਦੇਵੇਗਾ।

ਤੇ ਜਿਵੇਂ ਅਕਸਰ ਹੁੰਦਾ ਹੈ, ਅਸੀਂ ਕਿਸੇ ਫੈਂਸੀ ਕਾਰ ਦਾ ਨਵਾਂ ਨਕੋਰ ਮਾਡਲ ਖਰੀਦਣਾ ਚਾਹਾਂਗੇ ਤੇ ਇਸ ਐਕਸਪ੍ਰੈਸਵੇਅ ’ਤੇ ਕਾਰ ਦੁੜਾ ਕੇ ਸਾਡੇ ਸਮਿਆਂ ਦੇ ਰਫ਼ਤਾਰ ਦੇ ਰੁਮਾਂਚ ਦਾ ਅਹਿਸਾਸ ਕਰਨਾ ਚਾਹਾਂਗੇ ਅਤੇ ਫਿਰ ਹੋਰ ਜ਼ਿਆਦਾ ਰਫ਼ਤਾਰ ਦਾ ਝੱਸ ਪਾਲਣਾ ਚਾਹਾਂਗੇ। ਅਸੀਂ ਬੜੇ ਆਰਾਮ ਨਾਲ ਭੁੱਲ ਜਾਵਾਂਗੇ ਜਿਵੇਂ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ (ਐੱਨਐੱਚਏਆਈ) ਦੇ ਅੰਕੜਿਆਂ ਮੁਤਾਬਿਕ ਇਸ ਐਕਸਪ੍ਰੈਸਵੇਅ ਖਾਤਿਰ 7555 ਦਰੱਖ਼ਤ ਵੱਢੇ ਜਾ ਚੁੱਕੇ ਹਨ! ਉਂਝ ਵੀ ਦਰੱਖਤਾਂ ਦੀ ਕੀਹਨੂੰ ਪਈ ਹੈ?

ਇਸੇ ਤਰ੍ਹਾਂ ਵਿਕਾਸ ਦੇ ਆਧੁਨਿਕਤਾਵਾਦੀ ਪ੍ਰਾਜੈਕਟ ਵਿਚ ਛੁਪੀ ਰਫ਼ਤਾਰ ਅਤੇ ਆਵਾਜਾਈ ਦੀ ਖਿੱਚ ਨੇ ਭਾਰਤ ਵਿਚ ਘਰੋਗੀ ਸ਼ਹਿਰੀ ਹਵਾਬਾਜ਼ੀ ਮੁਸਾਫ਼ਿਰ ਆਵਾਜਾਈ ਵਿਚ ਭਾਰੀ ਵਾਧਾ ਲੈ ਆਂਦਾ ਹੈ; 2024 ਵਿਚ ਇਹ ਅੰਕੜਾ 15 ਕਰੋੜ ਮੁਸਾਫ਼ਿਰ ਪਾਰ ਕਰ ਜਾਣ ਦੀ ਆਸ ਹੈ। ਤਰੱਕੀ ਦੀਆਂ ਇਨ੍ਹਾਂ ਕਹਾਣੀਆਂ ਨੂੰ ਪੜ੍ਹਦੇ ਸੁਣਦਿਆਂ ਅਸੀਂ ਇਸ ਬਾਰੇ ਸੋਚਣ ਜਾਂ ਸਮਝਣ ਦੀ ਜ਼ਹਿਮਤ ਹੀ ਨਹੀਂ ਕਰਦੇ ਕਿ ਹਵਾਈ ਸਫ਼ਰ ਅਜਿਹੀ ਸਰਗਰਮੀ ਹੈ ਜਿਸ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਕਰ ਕੇ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਹੁੰਦਾ ਹੈ। ਲਗਦਾ ਹੈ, ਅਸੀਂ ਇਸ ਦੀ ਕੀਮਤ ਤਾਰਨ ਲਈ ਤਿਆਰ ਹਾਂ। ਅਸੀਂ ਆਪਣੇ ਮਹਾਂਨਗਰਾਂ ਵਿਚ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਂਦੇ ਹਾਂ, ਪਾਰਕਿੰਗ ਸਪੇਸ ਨੂੰ ਲੈ ਕੇ ਆਪਣੇ ਗੁਆਂਢੀ ਨਾਲ ਝਗੜਦੇ ਰਹਿੰਦੇ ਹਾਂ ਅਤੇ ਰਫ਼ਤਾਰ ਤੇ ਸ਼ੋਰ ਦੇ ਮਾਹੌਲ ਵਿਚ ਰਹਿਣ ਕਰ ਕੇ ਆਪਣਾ ਬੀਪੀ ਅਤੇ ਸ਼ੂਗਰ ਵਧਾ ਲੈਂਦੇ ਹਾਂ। ਰਫ਼ਤਾਰ ਅਤੇ ਆਵਾਜਾਈ ਦੇ ਇਸ ਖ਼ਬਤ ਜਿਸ ਦੇ ਲਖਾਇਕ ਐਕਸਪ੍ਰੈਸਵੇਜ਼ ਅਤੇ ਹਵਾਈ ਅੱਡੇ ਬਣ ਗਏ ਹਨ, ਨੂੰ ਆਪਣੇ ’ਤੇ ਹਾਵੀ ਨਹੀਂ ਦਿੱਤਾ। ਇਸ ਦੀ ਬਜਾਇ ਮੈਂ ‘ਧੀਮੀ ਰਫ਼ਤਾਰ’ ਦੀ ਤਾਲ ਦਾ ਮੱਦਾਹ ਹੋ ਗਿਆ ਹਾਂ।

ਰਫ਼ਤਾਰ ਦੀ ਸਾਡੀ ਲਲਕ ਦਾ ਇਕ ਹੋਰ ਸਿੱਟਾ ਹੈ ਖਪਤਵਾਦ ਦਾ ਮਹਿਮਾ ਮੰਡਨ। ‘ਇਕ ਖਰੀਦੋ, ਨਾਲ ਇਕ ਮੁਫ਼ਤ ਲੈ ਜਾਓ’ ਦਾ ਮੰਡੀ ਮੰਤਰ ਸਾਨੂੰ ਖਰੀਦਦਾਰੀ ਤੇ ਖ਼ਪਤ ਲਈ ਉਕਸਾਉਂਦਾ ਹੈ, ਫਿਰ ਇਹ ਕੋਈ ਇਲੈਕਟ੍ਰੌਨਿਕ ਸਾਜ਼ੋ-ਸਾਮਾਨ ਹੋਵੇ ਜਾਂ ਕੋਈ ਫ਼ੈਂਸੀ ਵਸਤਰ, ਆਲੂ ਚਿਪਸ ਦਾ ਪੈਕਟ ਹੋਵੇ ਜਾਂ ਡਿਟ੍ਰਜੈਂਟ ਪਾਊਡਰ ਜਾਂ ਫਿਰ ਕੋਈ ਨਵਾਂ ਸਮਾਰਟਫੋਨ।

ਖ਼ਪਤ ਦਾ ਇਹ ਰੁਝਾਨ ਵਾਤਾਵਰਨ ਨੂੰ ਹੋਰ ਜ਼ਿਆਦਾ ਪਲੀਤ ਕਰਦਾ ਹੈ। ਇਹ ਸਾਜ਼ੋ-ਸਾਮਾਨ ਜਿਨ੍ਹਾਂ ਫੈਕਟਰੀਆਂ ਵਿਚ ਤਿਆਰ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਚਲਾਉਣ ਅਤੇ ਫਿਰ ਇਸ ਦੀ ਢੋਆ-ਢੁਆਈ ਲਈ ਬਹੁਤ ਜ਼ਿਆਦਾ ਊਰਜਾ ਦੀ ਲੋੜ ਪੈਂਦੀ ਹੈ। ਇਸ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਹੁੰਦੀ ਹੈ। ਇਸ ਤਰ੍ਹਾਂ ਕੱਪੜਾ ਉਤਪਾਦਨ ਲਈ ਹਰ ਸਾਲ ਕਰੋੜਾਂ ਟਨ ਰਹਿੰਦ-ਖੂੰਹਦ ਪੈਦਾ ਹੁੰਦੀ ਹੈ ਅਤੇ ਬਹੁਤ ਥੋੜ੍ਹਾ ਜਿਹਾ ਕੱਪੜਾ ਹੀ ਰੀਸਾਈਕਲ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜਿਵੇਂ-ਜਿਵੇਂ ਈ-ਕਾਮਰਸ ਨੇ ਡੱਬਾ ਬੰਦ ਪਦਾਰਥਾਂ ’ਤੇ ਸਾਡੀ ਨਿਰਭਰਤਾ ਵਧਾਈ ਹੈ, ਪਲਾਸਟਿਕ ’ਚ ਲਪੇਟੇ ਕਰੋੜਾਂ ਪੈਕੇਜ ਵੱਡੀ ਗਿਣਤੀ ’ਚ ਕਚਰੇ ਦਾ ਰੂਪ ਧਾਰ ਰਹੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਲਾਸਟਿਕ ਜੀਵਤ ਪ੍ਰਾਣੀਆਂ ਨੂੰ ਹਾਨੀਕਾਰਕ ਰਸਾਇਣਾਂ ਦੇ ਸੰਪਰਕ ’ਚ ਲਿਆਉਂਦੀ ਹੈ ਜਿਸ ਨਾਲ ਕੈਂਸਰ ਤੇ ਹੋਰ ਸਰੀਰਕ ਸਮੱਸਿਆਵਾਂ ਆ ਸਕਦੀਆਂ ਹਨ। ਇਸੇ ਤਰ੍ਹਾਂ ਇਲੈਕਟ੍ਰੌਨਿਕ ਵਸਤਾਂ ਵਿਚ ਵੀ ਕੁਝ ਅਜਿਹੀਆਂ ਧਾਤਾਂ ਹੁੰਦੀਆਂ ਹਨ ਜੋ ਅਖੀਰ ’ਚ ਕੂੜੇ ਦੇ ਢੇਰਾਂ ’ਤੇ ਸੁੱਟੀਆਂ ਮਿਲਦੀਆਂ ਹਨ। ਇਸ ਤੋਂ ਇਲਾਵਾ ਪਲਾਸਟਿਕ ਕਚਰੇ ਦੇ ਸਮੁੰਦਰ ’ਚ ਸੁੱਟੇ ਜਾਣ ਦੀ ਸੰਭਾਵਨਾ ਰਹਿੰਦੀ ਹੈ ਜਿਸ ਨਾਲ ਸਮੁੰਦਰੀ ਜੀਵਾਂ ਦਾ ਗੰਭੀਰ ਨੁਕਸਾਨ ਹੁੰਦਾ ਹੈ।

ਫਿਰ ਵੀ ਪੂੰਜੀਵਾਦ ਦਾ ਸਿਧਾਂਤ ਸਾਨੂੰ ਹੋਰ ਖ਼ਰੀਦਣ, ਹੋਰ ਹੰਢਾਉਣ ਲਈ ਲੁਭਾਉਂਦਾ ਰਹਿੰਦਾ ਹੈ ਤੇ ਇਸ ਤਰ੍ਹਾਂ ਧਰਤੀ ਦੇ ਵਾਤਾਵਰਨ ਦਾ ਨੁਕਸਾਨ ਕਰਦਾ ਹੈ। ਜਦ ਤੁਸੀਂ ਸ਼ਾਪਿੰਗ ਮਾਲ ਜਾਂਦੇ ਹੋ, ਵਿਸ਼ੇਸ਼ ‘ਪੇਸ਼ਕਸ਼ਾਂ ਤੇ ਛੋਟਾਂ’ ਦੇ ਸੁਨੇਹੇ ਪ੍ਰਾਪਤ ਹੁੰਦੇ ਹਨ ਤੇ ਸ਼ਾਪਿੰਗ ਤੇ ਖ਼ਰੀਦਦਾਰੀ ਨੂੰ ਸਮੂਹਿਕ ਮਨੋਰੰਜਨ ਸਮਝਿਆ ਜਾਂਦਾ ਹੈ, ਉਦੋਂ ਬੰਦੇ ਨੂੰ ਅਹਿਸਾਸ ਹੁੰਦਾ ਹੈ ਕਿ ਖਪਤਵਾਦ ਸਾਡੇ ਸਮਿਆਂ ਦਾ ਸਭ ਤੋਂ ਪਸੰਦੀਦਾ ਮਜ਼ਹਬ ਬਣ ਚੁੱਕਾ ਹੈ। ਫਿਰ ਵੀ ਮੈਨੂੰ ਤਾਂਘ ਰਹਿੰਦੀ ਹੈ ਕਿ ਘੱਟੋ-ਘੱਟ ਨਾਲ ਗੁਜ਼ਾਰਾ ਕੀਤਾ ਜਾਵੇ।

ਮੈਂ ਜਾਣਦਾ ਹਾਂ ਕਿ ਮੇਰੀ ‘ਧੀਮੀ ਜ਼ਿੰਦਗੀ’ ਜਾਂ ‘ਘੱਟੋ-ਘੱਟ ਨਾਲ ਗੁਜ਼ਾਰੇ ਦੀ ਪਹੁੰਚ’ ਨਾਲ ਮੇਰੇ ਆਲੇ-ਦੁਆਲੇ ਵਾਪਰ ਰਹੀਆਂ ਚੀਜ਼ਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ-ਜਲਵਾਯੂ ਆਫ਼ਤ ਦੇ ਸਾਫ਼ ਨਜ਼ਰ ਆਉਂਦੇ ਲੱਛਣ ਤੇ ਨਾਲ ਹੀ ਇਸ ਦੇ ਤਬਾਹਕੁਨ ਸਿੱਟੇ: ਗਰੀਨ ਹਾਊਸ ਗੈਸਾਂ ਦੀ ਲਗਾਤਾਰ ਨਿਕਾਸੀ ਨਾਲ ਔਸਤ ਆਲਮੀ ਤਾਪਮਾਨ ’ਚ 1.1-1.2 ਡਿਗਰੀ ਸੈਲਸੀਅਸ ਤੱਕ ਵਾਧੇ ਦਾ ਖ਼ਤਰਾ, ਪਿਘਲ ਰਹੇ ਗਲੇਸ਼ੀਅਰ, ਵਧਦੀ ਜਾ ਰਹੀ ਗਰਮੀ, ਵਾਰ-ਵਾਰ ਆ ਰਹੇ ਭਿਆਨਕ ਹੜ੍ਹ ਤੇ ਤੂਫਾਨ, ਜੰਗਲਾਂ ਨੂੰ ਸੁਆਹ ਕਰ ਰਹੀ ਅੱਗ ਤੇ ਮਨੁੱਖੀ ਜਾਨਾਂ ਦਾ ਨੁਕਸਾਨ।


ਸਾਨੂੰ ਬਹੁਤ ਵੱਡੇ ਪੱਧਰ ’ਤੇ ਢਾਂਚਾਗਤ ਤਬਦੀਲੀ ਲਈ ਕੋਸ਼ਿਸ਼ ਕਰਨ ਦੀ ਲੋੜ ਹੈ ਜਿਸ ਲਈ ਦੁਨੀਆ ਦੇ ਆਗੂਆਂ, ਨੀਤੀ ਘਾੜਿਆਂ ਤੇ ਕਾਰਪੋਰੇਟ ਵਰਗ ਨੂੰ ਇਤਿਹਾਸਕ ਪੈਰਿਸ ਸਮਝੌਤੇ ਨੂੰ ਗੰਭੀਰਤਾ ਨਾਲ ਲੈਣਾ ਪਏਗਾ ਅਤੇ ਵਿਕਾਸ ਤੇ ਆਰਥਿਕ ਤਰੱਕੀ ਦੇ ਤੌਰ-ਤਰੀਕੇ ਮੁੜ ਤੋਂ ਵਿਚਾਰਨੇ ਪੈਣਗੇ ਤਾਂ ਕਿ ਆਲਮੀ ਗਰੀਨਹਾਊਸ ਗੈਸ ਨਿਕਾਸੀ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕੇ ਪਰ ਕੋਈ ਵੀ ਵੱਡੀ ਕ੍ਰਾਂਤੀ ਉਦੋਂ ਤੱਕ ਨਹੀਂ ਹੋ ਸਕਦੀ ਜਦ ਤੱਕ ਤੁਹਾਡੇ ਤੇ ਮੇਰੇ ਵਰਗੇ ਲੋਕ ਵੀ ਕਾਰਬਨ ਨਿਕਾਸੀ ਘਟਾਉਣ ਲਈ ਆਪਣੀ ਜੀਵਨ ਸ਼ੈਲੀ ਵਿਚ ਤਬਦੀਲੀ ਨਹੀਂ ਕਰਦੇ, ਸਰਕਾਰ ’ਤੇ ਦਬਾਅ ਨਹੀਂ ਬਣਾਉਂਦੇ ਅਤੇ ਆਪਣੀ ਧਰਤੀ ਨੂੰ ਤਬਾਹੀ ਤੋਂ ਬਚਾਉਣ ਲਈ ਕੋਈ ਅੰਦੋਲਨ ਨਹੀਂ ਵਿੱਢਦੇ।


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.





ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)



# ਟਰੰਪ 2.0

**ਵਲੋਂ : ਸੰਜੇ ਬਾਰੂ**

ਦੁਨੀਆ ਵਿੱਚ ਕਿਸੇ ਵੀ ਜਨਤਕ ਅਹੁਦੇ ਲਈ ਕਿਸੇ ਚੋਣ ਨੇ ਇੰਨਾ ਆਲਮੀ ਧਿਆਨ ਨਹੀਂ ਖਿੱਚਿਆ ਜਿੰਨਾ ਅਮਰੀਕਾ ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ ਇਸ ਚੋਣ ਨੇ ਖਿੱਚਿਆ ਹੈ। ਅਮਰੀਕਾ ਅਜੇ ਵੀ ਦੁਨੀਆ ਦਾ ਸਭ ਤੋਂ ਵੱਧ ਪ੍ਰਭਾਵੀ ਦੇਸ਼ ਹੈ। ਉੱਥੋਂ ਦਾ ਰਾਸ਼ਟਰਪਤੀ ਦੁਨੀਆ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਸ਼ਖ਼ਸ ਹੁੰਦਾ ਹੈ ਜੋ ਸਭ ਤੋਂ ਵੱਡੇ ਅਰਥਚਾਰੇ, ਸਭ ਤੋਂ ਵੱਡੇ ਤਕਨੀਕੀ ਅਤੇ ਵਿਗਿਆਨਕ ਚੌਖਟੇ ਅਤੇ ਸਭ ਤੋਂ ਵੱਡੇ ਹਥਿਆਰਬੰਦ ਦਸਤਿਆਂ ਦੀ ਅਗਵਾਈ ਕਰਦਾ ਹੈ। ਬਹਰਹਾਲ, ਅਜੇ ਇਹ ਮੁਲਕ ਕਿਸੇ ਔਰਤ ਨੂੰ ਆਪਣੀ ਰਾਸ਼ਟਰਪਤੀ ਚੁਣਨ ਲਈ ਤਿਆਰ ਨਹੀਂ। ਜ਼ਾਤੀ ਤੌਰ ’ਤੇ ਔਰਤਾਂ ਪ੍ਰਤੀ ਨਿੱਘਰੇ ਹੋਏ ਵਿਚਾਰਾਂ ਦਾ ਧਾਰਨੀ ਹੋਣ ਦੇ ਬਾਵਜੂਦ ਡੋਨਲਡ ਟਰੰਪ ਨੇ ਪਹਿਲਾਂ ਹਿਲੇਰੀ ਕਲਿੰਟਨ ਅਤੇ ਹੁਣ ਕਮਲਾ ਹੈਰਿਸ ਨੂੰ ਚੋਣ ਵਿੱਚ ਹਰਾਇਆ। ਨਸਲ ਅਤੇ ਜਮਾਤ ਦੇ ਰੰਗ ਵਿੱਚ ਰੰਗੀ ਰਾਜਨੀਤੀ ਵਿੱਚ ਲਿੰਗਕ ਮਸਲਿਆਂ ਨੂੰ ਬਹੁਤੀ ਤਵੱਜੋ ਨਹੀਂ ਦਿੱਤੀ ਜਾਂਦੀ। ਚੋਣ ਸਰਵੇਖਣ ਇੱਕ ਵਾਰ ਫਿਰ ਨਿਸ਼ਾਨੇ ਤੋਂ ਖੁੰਝ ਗਏ ਹਨ।

ਬਰਲਿਨ ਤੋਂ ਲੈ ਕੇ ਟੋਕੀਓ, ਮਾਸਕੋ ਤੋਂ ਪੇਈਚਿੰਗ, ਤਲ ਅਵੀਵ ਤੋਂ ਤਹਿਰਾਨ ਅਤੇ ਬਿਨਾਂ ਸ਼ੱਕ ਨਵੀਂ ਦਿੱਲੀ, ਹਰੇਕ ਸਰਕਾਰ ਨੇੜਿਓਂ ਦੇਖਣ ਦੀ ਕੋਸ਼ਿਸ਼ ਕਰੇਗੀ ਕਿ ਟਰੰਪ ਆਪਣੀ ਟੀਮ ਕਿਹੋ ਜਿਹੀ ਚੁਣਦੇ ਹਨ। ਇਸ ਦਾ ਕਾਰਨ ਇਹ ਹੈ ਕਿ ਭਾਵੇਂ ਇਹ ਉਨ੍ਹਾਂ ਦੀ ਦੂਜੀ ਪਾਰੀ ਹੋਵੇਗੀ ਪਰ ਉਨ੍ਹਾਂ ਆਪਣੇ ਬਹੁਤ ਸਾਰੇ ਸਾਥੀਆਂ ਨੂੰ ਕੂੜੇਦਾਨ ਵਿਚ ਸੁੱਟ ਦਿੱਤਾ ਸੀ ਅਤੇ ਕਈ ਹੋਰ ਉਨ੍ਹਾਂ ਤੋਂ ਵੱਖ ਹੋ ਗਏ ਸਨ। ਦੁਨੀਆ ਟਰੰਪ ਨੂੰ ਨਵੇਂ ਰੰਗ ਢੰਗ ਵਿੱਚ ਦੇਖੇਗੀ ਕਿਉਂਕਿ ਇੱਕ ਤਾਂ ਰਾਸ਼ਟਰਪਤੀ ਦੇ ਆਸ-ਪਾਸ ਨਵੇਂ ਚਿਹਰੇ ਨਜ਼ਰ ਆਉਣਗੇ; ਦੂਜਾ, ਵ੍ਹਾਈਟ ਹਾਊਸ ਵਿੱਚ ਉਨ੍ਹਾਂ ਦੇ ਪਹਿਲੇ ਕਾਰਜਕਾਲ ਤੋਂ ਬਾਅਦ ਦੁਨੀਆ ਬਦਲ ਗਈ ਹੈ।

ਅੰਦਰੂਨੀ ਤੌਰ ’ਤੇ ਟਰੰਪ ਦਾ ਪਹਿਲਾ ਕਾਰਜ ਇਹ ਰਹੇਗਾ ਕਿ ਸਥਿਰਤਾ ਯਕੀਨੀ ਬਣਾਈ ਜਾਵੇ ਅਤੇ ਆਪਣੇ ਘੱਟ ਵਿਸ਼ੇਸ਼ਾਧਿਕਾਰ ਯਾਫ਼ਤਾ ਹਮਾਇਤੀਆਂ ਖ਼ਾਸਕਰ ਕੰਮਕਾਜੀ ਲੋਕਾਂ ਨੂੰ ਆਸ ਦਿੱਤੀ ਜਾਵੇ। ਅਮਰੀਕੀ ਅਰਥਚਾਰੇ ਦੀ ਰਫ਼ਤਾਰ ਠੀਕ ਠਾਕ ਚੱਲ ਰਹੀ ਹੈ ਤੇ ਇਸ ਦੀ ਵਿਕਾਸ ਦਰ 2 ਫ਼ੀਸਦੀ ਤੋਂ ਉੱਪਰ ਹੈ; ਉਂਝ, ਉਸ ਦੇ ਮੂਲ ਹਲਕਿਆਂ ਲਈ ਬੇਰੁਜ਼ਗਾਰੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਕਰੋੜਪਤੀਆਂ ਅਤੇ ਅਰਬਪਤੀਆਂ ਦੀ ਆਪਣੀ ਜਮਾਤ ਦੇ ਲਾਲਚ ਅਤੇ ਘੱਟ ਆਮਦਨ ਤੇ ਸਮਾਜਿਕ ਤੇ ਆਰਥਿਕ ਤੌਰ ’ਤੇ ਪਛੜੇ ਹੋਏ ਆਪਣੇ ਹਮਾਇਤੀਆਂ ਵਿਚਕਾਰ ਉਹ ਸੰਤੁਲਨ ਕਿਵੇਂ ਬਿਠਾਉਂਦੇ ਹਨ, ਇਸ ਦਾ ਪਤਾ ਆਉਣ ਵਾਲੇ ਦਿਨਾਂ ਵਿਚ ਪਤਾ ਲੱਗੇਗਾ।

ਬਾਹਰੀ ਤੌਰ ’ਤੇ ਟਰੰਪ ਲਈ ਬਹੁਤ ਜ਼ਿਆਦਾ ਰੁਝੇਵੇਂ ਰਹਿਣਗੇ ਤੇ ਉਨ੍ਹਾਂ ਨੂੰ ਯੂਰੋਪ ਅਤੇ ਪੱਛਮੀ ਏਸ਼ੀਆ ਵਿੱਚ ਉਬਾਲੇ ਖਾ ਰਹੇ ਟਕਰਾਅ ਸੁਲਝਾਉਣੇ ਪੈਣਗੇ। ਉਨ੍ਹਾਂ ਆਰਥਿਕ ਅਤੇ ਵਿਦੇਸ਼ ਨੀਤੀ ਬਾਰੇ ‘ਵਾਸ਼ਿੰਗਟਨ ਕਨਸੈਂਸਸ/ਸਹਿਮਤੀ’ ਤੋੜਨ ਦਾ ਵਾਅਦਾ ਕੀਤਾ ਹੈ। ਆਸ ਕੀਤੀ ਜਾਂਦੀ ਹੈ ਕਿ ਉਹ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਕੋਲ ਪਹੁੰਚ ਕਰਨਗੇ। ਉਹ ਉੱਚੀਆਂ ਮਹਿਸੂਲ ਦਰਾਂ ਲਾਗੂ ਕਰ ਕੇ ਚੀਨ ਪ੍ਰਤੀ ਸਖ਼ਤ ਨੀਤੀ ਦੇ ਰਾਹ ’ਤੇ ਟਿਕੇ ਰਹਿ ਸਕਦੇ ਹਨ ਪਰ ਉਹ ਸੁਲ੍ਹਾ ਦਾ ਰਾਹ ਅਖ਼ਤਿਆਰ ਕਰ ਕੇ ਵੀ ਦੇਖਣਾ ਚਾਹੁਣਗੇ। ਪੱਛਮੀ ਏਸ਼ੀਆ ਵਿੱਚ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਇਰਾਨ ਨੂੰ ਨਿਸ਼ਾਨਾ ਬਣਾਉਣ ਤੇ ਸ਼ਾਇਦ ਸੱਤਾ ਬਦਲੀ ਲਈ ਵੀ ਜ਼ੋਰ ਅਜ਼ਮਾਈ ਕਰਨ ਪਰ ਇਸ ਦੇ ਨਾਲ ਹੀ ਉਹ ਇਜ਼ਰਾਈਲ ਦੇ ਬੈਂਜਾਮਿਨ ਨੇਤਨਯਾਹੂ ਨੂੰ ਵੀ ਬਹੁਤਾ ਲੰਮਾ ਰੱਸਾ ਦੇ ਕੇ ਨਹੀਂ ਚੱਲਣਗੇ।

ਇਨ੍ਹਾਂ ’ਚੋਂ ਹਰੇਕ ਕਿਆਸੀ ਕਾਰਵਾਈ ਦਾ ਅਮਰੀਕਾ ਅਤੇ ਦੁਨੀਆ ਉੱਪਰ ਦੀਰਘਕਾਲੀ ਅਸਰ ਪਵੇਗਾ ਜਿਸ ਦੇ ਪੇਸ਼ੇਨਜ਼ਰ ਟਰੰਪ ਨੇ ਅਗਲੇ ਚਾਰ ਸਾਲਾਂ ਦੇ ਅੰਦਰ-ਅੰਦਰ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ ਦਾ ਵਾਅਦਾ ਕੀਤਾ ਹੈ। ਖਰਬ ਡਾਲਰ ਦਾ ਸਵਾਲ ਇਹ ਹੋਵੇਗਾ ਕਿ ਟਰੰਪ ਤੀਜੀ ਵਾਰ ਰਾਸ਼ਟਰਪਤੀ ਦੇ ਅਹੁਦੇ ’ਤੇ ਬੈਠਣ ਲਈ ਸੰਵਿਧਾਨ ’ਚ ਤਰਮੀਮ ਕਰਨਾ ਚਾਹੁਣਗੇ। ਕੁਝ ਵੀ ਹੋਵੇ, ਆਸ ਕੀਤੀ ਜਾਂਦੀ ਹੈ ਕਿ ਟਰੰਪ 2.0 ਪਹਿਲੇ ਕਾਰਜਕਾਲ ਨਾਲੋਂ ਵੱਖਰੇ ਹੋਣਗੇ ਕਿਉਂਕਿ ਉਮਰ ਤੇ ਸਮਾਂ ਉਨ੍ਹਾਂ ਦੇ ਪੱਖ ਵਿੱਚ ਨਹੀਂ ਹੈ।

ਅਮਰੀਕੀ ਸ਼ਾਸਨ ਪ੍ਰਣਾਲੀ ਨੂੰ ਟਰੰਪ ਭਾਵੇਂ ਕਾਫ਼ੀ ਹੱਦ ਤੱਕ ਪ੍ਰਭਾਵਿਤ ਕਰ ਸਕਦਾ ਹੈ, ਫਿਰ ਵੀ ਸੰਸਾਰ ਨੂੰ ਆਪਣੇ ਨਜ਼ਰੀਏ ਤੇ ਤਰਜੀਹਾਂ ਮੁਤਾਬਿਕ ਢਾਲਣ ਦੀ ਅਮਰੀਕਾ ਦੀ ਸਮਰੱਥਾ ਦਿਨੋ-ਦਿਨ ਸੀਮਤ ਹੋ ਰਹੀ ਹੈ। ਅਮਰੀਕਾ ਨੂੰ ਆਪਣੇ ਸਹਿਯੋਗੀਆਂ ਤੇ ਦੋਸਤਾਂ ਨਾਲ ਮਿਲ ਕੇ ਕੰਮ ਕਰਨਾ ਪਏਗਾ। ਯੂਰੋਪ ਤੇ ਜਪਾਨ ਟਰੰਪ ਦੇ ਰਾਸ਼ਟਰਪਤੀ ਬਣਨ ਨੂੰ ਲੈ ਕੇ ਬੇਚੈਨ ਹਨ। ਪਿਛਲੀ ਵਾਰ ਯੂਰੋਪ ਕੋਲ ਏਂਜਲਾ ਮਾਰਕਲ ਸੀ ਤੇ ਜਪਾਨ ਕੋਲ ਸ਼ਿੰਜ਼ੋ ਆਬੇ ਸੀ। ਇਸ ਵੇਲੇ ਕੋਈ ਵੀ ਯੂਰੋਪੀਅਨ ਜਾਂ ਪੂਰਬੀ ਏਸ਼ਿਆਈ ਆਗੂ ਐਨਾ ਸਮਰੱਥਾਵਾਨ ਨਹੀਂ ਕਿ ਉਹ ਟਰੰਪ ਅੱਗੇ ਖੜ੍ਹ ਸਕੇ ਜਾਂ ਉਸ ਨੂੰ ਰੋਕ ਸਕੇ। ਸ਼ਾਇਦ ਉਹ ਕਤਾਰ ’ਚ ਲੱਗ ਜਾਣਗੇ।

ਪੂਤਿਨ ਨੂੰ ਰਾਹਤ ਦਾ ਸਾਹ ਆਉਂਦਾ ਹੈ ਜਾਂ ਨਹੀਂ, ਤੇ ਕੀ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੂੰ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ, ਇਹ ਇਸ ਚੀਜ਼ ’ਤੇ ਨਿਰਭਰ ਕਰੇਗਾ ਕਿ ਟਰੰਪ ਅਤੇ ਉਸ ਦੇ ਸਲਾਹਕਾਰ ਅਮਰੀਕਾ ਦੀ ‘ਡੀਪ ਸਟੇਟ’ ਤੇ ‘ਫ਼ੌਜੀ ਸਨਅਤੀ’ ਗੱਠਜੋੜ ’ਤੇ ਕਿੰਨਾ ਕੁ ਕਾਬਜ਼ ਹੁੰਦੇ ਹਨ ਅਤੇ ਰੂਸ ਪ੍ਰਤੀ ਜੋਅ ਬਾਇਡਨ ਦੀ ਪਹੁੰਚ ’ਚ ਆਪਣੇ ਰਸੂਖ਼ ਨਾਲ ਉਹ ਕਿਸ ਤਰ੍ਹਾਂ ਦੀ ਤਬਦੀਲੀ ਲਿਆਉਂਦੇ ਹਨ। ਆਸ ਕਰਨੀ ਚਾਹੀਦੀ ਹੈ ਕਿ ਪੂਤਿਨ ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਘੱਟੋ-ਘੱਟ ਸ਼ੁਰੂ ’ਚ ਤਾਂ ਟਰੰਪ ਪ੍ਰਸ਼ਾਸਨ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕਰਨਗੇ। ਵਿਅੰਗ ਰੂਪ ’ਚ ਅਤੇ ਵਿਹਾਰਕ ਸਮਝ ਤੋਂ ਉਲਟ, ਵ੍ਹਾਈਟ ਹਾਊਸ ’ਚ ਟਰੰਪ ਦਾ ਪਹਿਲਾ ਸਾਲ ਸ਼ਾਇਦ ਕੌਮਾਂਤਰੀ ਪੱਧਰ ’ਤੇ ਬਾਇਡਨ ਦੇ ਆਖ਼ਰੀ ਸਾਲ ਨਾਲੋਂ ਸ਼ਾਂਤ ਹੋਵੇਗਾ।

ਖ਼ੁਸ਼ਨਸੀਬੀ ਨਾਲ ਭਾਰਤ ਦੀ ਰਾਸ਼ਟਰਪਤੀ ਟਰੰਪ ਨਾਲ ਚੰਗੀ ਬਣਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਟਰੰਪ ਦੇ ਕਰੀਬੀਆਂ ਨਾਲ ਸੰਪਰਕ ਬਣਾ ਕੇ ਰੱਖਿਆ ਹੈ। ਹਾਲਾਂਕਿ, ਭਾਰਤੀ ਲੀਡਰਸ਼ਿਪ ਨੂੰ ਇਹ ਧਾਰ ਕੇ ਅੱਗੇ ਵਧਣਾ ਚਾਹੀਦਾ ਹੈ ਕਿ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਟਰੰਪ ਦਾ ਦੂਜਾ ਕਾਰਜਕਾਲ ਉਨ੍ਹਾਂ ਦੇ ਪਹਿਲੇ ਕਾਰਜਕਾਲ ਵਰਗਾ ਨਹੀਂ ਹੋਵੇਗਾ। ਟਰੰਪ ਦੀ ਵਿਦੇਸ਼ ਨੀਤੀ ਅਤੇ ‘ਅਮਰੀਕਾ ਨੂੰ ਪਹਿਲ ਦੇਣ’ ਦੀ ਪਹੁੰਚ ਜਿਹੜੇ ਖੇਤਰਾਂ ’ਚ ਭਾਰਤੀ ਪੱਖੀ ਨੀਤੀਆਂ ਦੇ ਰਾਹ ਦਾ ਰੋੜਾ ਬਣ ਸਕਦੀ ਹੈ, ਉਹ ਖੇਤਰ ਵਪਾਰ, ਆਵਾਸ ਤੇ ਜਲਵਾਯੂ ਤਬਦੀਲੀ ਹਨ। ਮੈਂ ਅਮਰੀਕਾ ਦੀ ਉਦਾਰ ਵੀਜ਼ਾ ਨੀਤੀ ਦਾ ਵੱਡਾ ਹਾਮੀ ਨਹੀਂ ਹਾਂ ਕਿਉਂਕਿ ਇਸ ਨੇ ਭਾਰਤ ’ਚੋਂ ਪ੍ਰਤਿਭਾ ਨੂੰ ਖਿੱਚਿਆ ਹੈ ਪਰ ਵਪਾਰਕ ਲੈਣ-ਦੇਣ ਸਮੱਸਿਆ ਬਣ ਸਕਦਾ ਹੈ ਜੇ ਟਰੰਪ ਦੇ ਕੁਝ ਪੁਰਾਣੇ ਸਲਾਹਕਾਰ, ਖ਼ਾਸ ਤੌਰ ’ਤੇ ਸਾਬਕਾ ਅਮਰੀਕੀ ਵਪਾਰ ਪ੍ਰਤੀਨਿਧ ਰੌਬਰਟ ਲਾਈਟਹਾਈਜ਼ਰ ਅਹੁਦੇ ’ਤੇ ਪਰਤਦੇ ਹਨ।

ਭਾਰਤ ਰੱਖਿਆ ਸਾਜ਼ੋ-ਸਮਾਨ ਖ਼ਰੀਦ ਕੇ ਅਤੇ ਸਪਲਾਈ ਲੜੀਆਂ ’ਚ ਹਿੱਸਾ ਪਾ ਕੇ ਅਮਰੀਕਾ ਨਾਲ ਮੇਲ-ਜੋਲ ਬਣਾਈ ਰੱਖੇਗਾ। ਮੋਦੀ ਸਰਕਾਰ ਨੂੰ ਚੰਗੀ ਸਲਾਹ ਇਹੀ ਹੋਵੇਗੀ ਕਿ ਇਹ ਧਿਆਨ ਨਾਲ ਕਦਮ ਪੁੱਟੇ ਅਤੇ ਅਮਰੀਕੀ ਰਾਜਨੀਤੀ ’ਚ ਧਿਆਨ ਦਾ ਕੇਂਦਰ ਬਣਨ ਤੋਂ ਬਚੇ ਜੋ ਇਹ ਪਿਛਲੇ ਚਾਰ ਸਾਲਾਂ ਵਿੱਚ ਬਣਦਾ ਰਿਹਾ ਹੈ। ਸ਼ਾਇਦ ਗੁਰਪਤਵੰਤ ਸਿੰਘ ਪੰਨੂੰ ਕੇਸ ਕਿਤੇ ਨਹੀਂ ਜਾਏਗਾ ਕਿਉਂਕਿ ਇਹ ਪਹਿਲਾਂ ਹੀ ਅਦਾਲਤਾਂ ਵਿੱਚ ਦਾਇਰ ਹੋ ਚੁੱਕਾ ਹੈ। ਇਸ ਕੇਸ ਦੀਆਂ ਉੱਠਦੀਆਂ ਛੱਲਾਂ ਭਾਰਤੀ ਤੱਟਾਂ ਨੂੰ ਛੂੰਹਦੀਆਂ ਰਹਿਣਗੀਆਂ।

ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਸਭ ਤੋਂ ਪਹਿਲਾਂ ਸ਼ਿੰਜ਼ੋ ਆਬੇ ਨੇ ਜਾ ਕੇ ਵ੍ਹਾਈਟ ਹਾਊਸ ਦਾ ਦਰ ਖੜਕਾਇਆ ਸੀ, ਦੋਸਤੀ ਦਾ ਹੱਥ ਅੱਗੇ ਵਧਾਉਂਦਿਆਂ, ਇੱਕ ਘਮੰਡੀ ਨੂੰ ਖ਼ੁਸ਼ ਕੀਤਾ ਅਤੇ ‘ਕੁਆਡ’ ਵਰਗਾ ਵਿਚਾਰ ਅਮਰੀਕਾ ਨੂੰ ਵੇਚਿਆ ਜਿਸ ਦਾ ਭਾਰਤ ਨੂੰ ਵੀ ਫ਼ਾਇਦਾ ਹੋਇਆ। ਆਬੇ ਘਾਗ ਸਿਆਸਤਦਾਨ ਸਨ ਤੇ ਭਾਰਤ ਦੇ ਮਿੱਤਰ ਸਨ; ਉਨ੍ਹਾਂ ਦੇ ਜਾਨਸ਼ੀਨ ਮਹਿਜ਼ ਨੇਤਾ ਹਨ, ਉਹ ਵੀ ਸੰਕਟ ’ਚ ਘਿਰੇ ਹੋਏ ਤੇ ਭਾਰਤ ਪ੍ਰਤੀ ਜ਼ਿਆਦਾ ਸਨੇਹ ਨਾ ਰੱਖਣ ਵਾਲੇ। ਟਰੰਪ ਸ਼ਾਇਦ ਭਾਰਤ ਪ੍ਰਤੀ ਦੋਸਤਾਨਾ ਤਾਂ ਹੋ ਸਕਦਾ ਹੈ ਪਰ ਸਾਡੇ ਮੁਲਕ ਦੇ ਉਸ ਦੀਆਂ ਫ਼ੌਰੀ ਤਰਜੀਹਾਂ ਵਿੱਚ ਸ਼ਾਮਿਲ ਹੋਣ ਦੀ ਸੰਭਾਵਨਾ ਮੱਧਮ ਹੈ। ਬਿਹਤਰ ਹੋਵੇਗਾ ਕਿ ਮੋਦੀ ਵਰਗੇ ਮਿੱਤਰ ਕੁਝ ਸਮੇਂ ਲਈ ਘਰ ਬੈਠਣ ਤੇ ਅਮਰੀਕਾ ਦੇ ਸਾਥੀਆਂ, ਖ਼ਾਸ ਤੌਰ ’ਤੇ ਯੂਰੋਪੀਅਨ ਨੇਤਾਵਾਂ ਨੂੰ ਵ੍ਹਾਈਟ ਹਾਊਸ ’ਚ ਆਪਣੀਆਂ ਬੇਚੈਨ ਕਾਲਾਂ ਮੁਕਾਉਣ ਦੇਣ। ਟਰੰਪ ਨੇ ਐਲਾਨ ਕੀਤਾ ਕਿ ਉਹ ਵ੍ਹਾਈਟ ਹਾਊਸ ਪਰਤ ਰਿਹਾ ਹੈ ਕਿਉਂਕਿ ਰੱਬ ਨੇ ਉਸ ਨੂੰ ਬਚਾਇਆ ਹੈ। ਸਿਆਸੀ ਨੇਤਾ ਜੋ ਖ਼ੁਦ ਨੂੰ ‘ਰੱਬ ਤੇ ਮੁਕੱਦਰ ਦੀ ਚੋਣ’ ਮੰਨਦੇ ਹਨ, ਅਕਸਰ ਚੰਗਿਆਈ ਨਾਲੋਂ ਜ਼ਿਆਦਾ ਨੁਕਸਾਨ ਕਰਦੇ ਹਨ। ਬਿਹਤਰ ਹੋਵੇਗਾ ਕਿ ਆਪਣੀ ਦੋਸਤੀ ਜ਼ਾਹਿਰ ਕਰਨ ਦੀ ਕਾਹਲੀ ਕਰਨ ਨਾਲੋਂ ਉਨ੍ਹਾਂ ਨੂੰ ਪਹਿਲਾਂ ਰੁੱਝ ਕੇ ਸ਼ਾਂਤ ਹੋਣ ਦਿੱਤਾ ਜਾਵੇ।

# ਚਿੰਤਾਜਨਕ ਹੈ ਸਾਈਬਰ ਠੱਗੀ ਦਾ ਵਧਦਾ ਖ਼ਤਰਾ

**ਲਿਖਤ : ਸ਼ੁਭਮ ਕੁਮਾਰ**

ਡਿਜੀਟਲ ਅਰੈਸਟ ਦਾ ਭੈਅ ਦਿਖਾ ਕੇ ਲੋਕਾਂ ਨਾਲ ਠੱਗੀ ਕਰਨ ਦੇ ਮਾਮਲੇ ਜਿਸ ਤਰ੍ਹਾਂ ਰੁਕਣ ਦਾ ਨਾਂ ਨਹੀਂ ਲੈ ਰਹੇ ਹਨ, ਉਸ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਬੀਤੇ ਦਿਨੀਂ ਪ੍ਰਧਾਨ ਮੰਤਰੀ ਵੱਲੋਂ ਲੋਕਾਂ ਨੂੰ ਸਾਈਬਰ ਠੱਗਾਂ ਦੇ ਇਸ ਹੱਥਕੰਡੇ ਪ੍ਰਤੀ ਖ਼ਬਰਦਾਰ ਕਰਨ ਅਤੇ ਸਬੰਧਤ ਏਜੰਸੀਆਂ ਵੱਲੋਂ ਸਰਗਰਮੀ ਦਿਖਾਏ ਜਾਣ ਦੀਆਂ ਸੂਚਨਾਵਾਂ ਆਉਣ ਤੋਂ ਬਾਅਦ ਵੀ ਨਤੀਜਾ ਸਿਫ਼ਰ ਦਾ ਸਿਫ਼ਰ ਹੈ। ਇਹ ਚਿੰਤਾਜਨਕ ਹੈ ਕਿ ਨਾ ਸਿਰਫ਼ ਡਿਜੀਟਲ ਅਰੈਸਟ ਦੀ ਧਮਕੀ ਦੇ ਕੇ ਠੱਗੀ ਮਾਰਨ ਦੇ ਮਾਮਲੇ ਵਧ ਰਹੇ ਹਨ ਬਲਕਿ ਠੱਗੀ ਦੀ ਰਕਮ ਵੀ ਵਧਦੀ ਜਾ ਰਹੀ ਹੈ। ਹੁਣ ਤਾਂ ਲੋਕਾਂ ਤੋਂ ਕਰੋੜਾਂ ਰੁਪਏ ਠੱਗੇ ਜਾ ਰਹੇ ਹਨ ਜਿਸ ਵਿਚ ਹਰ ਵਰਗ ਦੇ ਲੋਕ ਸ਼ਾਮਲ ਹਨ। ਠੱਗੀ ਦਾ ਸ਼ਿਕਾਰ ਹੋਣ ਵਾਲਿਆਂ ਵਿਚ ਪੜ੍ਹੇ-ਲਿਖੇ ਅਤੇ ਜਾਣਕਾਰ ਸਮਝੇ ਜਾਣ ਵਾਲੇ ਲੋਕ ਵੀ ਵਧ ਰਹੇ ਹਨ। ਕਈ ਮਾਮਲਿਆਂ ਵਿਚ ਇਹ ਵੀ ਦੇਖਣ ਵਿਚ ਆਇਆ ਹੈ ਕਿ ਸਾਈਬਰ ਠੱਗੀ ਦੇ ਸ਼ਿਕਾਰ ਲੋਕ ਸ਼ਰਮਿੰਦਗੀ ਕਾਰਨ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਉਣ ਤੋਂ ਝਿਜਕਦੇ ਹਨ। ਸਾਈਬਰ ਨੌਸਰਬਾਜ਼ਾਂ ਦੇ ਨਵੇਂ-ਨਵੇਂ ਢੰਗ-ਤਰੀਕਿਆਂ ਬਾਰੇ ਲੋਕ ਖ਼ੁਦ ਵੀ ਜਾਗਰੂਕ ਹੋਣ। ਸਰਕਾਰੀ ਏਜੰਸੀਆਂ ਚਾਹੇ ਜੋ ਵੀ ਦਾਅਵੇ ਕਰਨ, ਬਹੁਤ ਘੱਟ ਮਾਮਲਿਆਂ ਵਿਚ ਠੱਗੀ ਗਈ ਰਕਮ ਬਰਾਮਦ ਹੁੰਦੀ ਹੈ ਅਤੇ ਠੱਗਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਇਹ ਉਦੋਂ ਹੈ ਜਦ ਠੱਗੀ ਗਈ ਰਕਮ ਦੇਸ਼ ਦੇ ਹੀ ਖਾਤਿਆਂ ਵਿਚ ਟਰਾਂਸਫਰ ਕਰਵਾਈ ਜਾਂਦੀ ਹੈ। ਇਸ ਤੋਂ ਸੰਤੁਸ਼ਟ ਨਹੀਂ ਹੋਇਆ ਜਾ ਸਕਦਾ ਕਿ ਸਰਕਾਰ ਵੱਲੋਂ ਇਹ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਸੀਬੀਆਈ, ਈਡੀ, ਆਮਦਨ ਕਰ ਵਿਭਾਗ ਆਦਿ ਉਸ ਦੀ ਕਿਸੇ ਵੀ ਏਜੰਸੀ ਵੱਲੋਂ ਡਿਜੀਟਲ ਅਰੈਸਟ ਵਰਗੀ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਵਿਚ ਸ਼ੱਕ ਹੈ ਕਿ ਆਮ ਲੋਕ ਸਾਈਬਰ ਠੱਗਾਂ ਦੀ ਚਾਲਬਾਜ਼ੀ ਤੋਂ ਚੰਗੀ ਤਰ੍ਹਾਂ ਜਾਗਰੂਕ ਹੋ ਚੁੱਕੇ ਹਨ। ਜਾਗਰੂਕਤਾ ਦੀ ਘਾਟ ਦਾ ਇਕ ਕਾਰਨ ਇਹ ਵੀ ਹੈ ਕਿ ਸਰਕਾਰ ਨੇ ਸਾਈਬਰ ਠੱਗਾਂ ਅਤੇ ਉਨ੍ਹਾਂ ਦੀ ਠੱਗੀ ਦੇ ਨਿੱਤ-ਨਵੇਂ ਤਰੀਕਿਆਂ ਪ੍ਰਤੀ ਲੋਕਾਂ ਨੂੰ ਸਹੀ ਤਰ੍ਹਾਂ ਚੌਕਸ ਨਹੀਂ ਕੀਤਾ ਹੈ। ਜੇ ਇਹ ਸਮਝਿਆ ਜਾ ਰਿਹਾ ਹੈ ਕਿ ਅਖ਼ਬਾਰਾਂ ਵਿਚ ਇਕ-ਦੋ ਇਸ਼ਤਿਹਾਰ ਜਾਰੀ ਕਰਨ ਜਾਂ ਪ੍ਰਧਾਨ ਮੰਤਰੀ ਵੱਲੋਂ ‘ਮਨ ਕੀ ਬਾਤ’ ਪ੍ਰੋਗਰਾਮ ਵਿਚ ਇਸ ਸਮੱਸਿਆ ਦਾ ਜ਼ਿਕਰ ਕਰਨ ਨਾਲ ਲੋਕ ਡਿਜੀਟਲ ਅਰੈਸਟ ਦੇ ਬਹਾਨੇ ਕੀਤੀ ਜਾ ਰਹੀ ਠੱਗੀ ਦੇ ਕਾਲੇ ਕਾਰੋਬਾਰ ਤੋਂ ਜਾਣੂ ਹੋ ਗਏ ਹਨ ਤਾਂ ਇਹ ਸਹੀ ਨਹੀਂ ਹੈ। ਸਰਕਾਰ ਨੂੰ ਨਾ ਸਿਰਫ਼ ਸਾਈਬਰ ਠੱਗਾਂ ਦੀ ਕਮਰ ਤੋੜਨ ਲਈ ਜ਼ਿਆਦਾ ਸਖ਼ਤੀ ਦਾ ਸਬੂਤ ਦੇਣਾ ਹੋਵੇਗਾ ਸਗੋਂ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਈ ਵਿਆਪਕ ਮੁਹਿੰਮ ਵੀ ਚਲਾਉਣੀ ਹੋਵੇਗੀ। ਚੰਗਾ ਹੋਵੇ ਕਿ ਇਸ ’ਤੇ ਵਿਚਾਰ ਕੀਤਾ ਜਾਵੇ ਕਿ ਕੁਝ ਦਿਨਾਂ ਲਈ ਮੋਬਾਈਲ ਕਾਲਰ ਟਿਊਨ ਜ਼ਰੀਏ ਲੋਕਾਂ ਨੂੰ ਖ਼ਬਰਦਾਰ ਕੀਤਾ ਜਾਵੇ ਕਿ ਫਲਾਣੀਆਂ-ਢਿਮਕਾਣੀਆਂ ਫੋਨ ਕਾਲਾਂ ਤੋਂ ਸਾਵਧਾਨ ਹੋ ਜਾਣ। ਸਾਈਬਰ ਠੱਗੀ ਦੇ ਵਧਦੇ ਮਾਮਲੇ ਸਿਰਫ਼ ਦੇਸ਼ ਨੂੰ ਡਿਜੀਟਲ ਕਰਨ ਦੀ ਮੁਹਿੰਮ ਨੂੰ ਢਾਹ ਨਹੀਂ ਲਾ ਰਹੇ ਹਨ ਸਗੋਂ ਭਾਰਤ ਦੇ ਅਕਸ ਨੂੰ ਵੀ ਖ਼ਰਾਬ ਕਰ ਰਹੇ ਹਨ। ਸਾਈਬਰ ਠੱਗ ਪਹਿਲਾਂ ਲੋਕਾਂ ਨੂੰ ਲਾਲਚ ਦੇ ਕੇ ਠੱਗਦੇ ਸਨ। ਹੁਣ ਉਹ ਲੋਕਾਂ ਨੂੰ ਡਰਾ-ਧਮਕਾ ਕੇ ਜਾਂ ਉਨ੍ਹਾਂ ਦਾ ਮੋਬਾਈਲ ਫੋਨ ਹੈਕ ਕਰ ਕੇ ਇਹੀ ਕੰਮ ਕਰ ਰਹੇ ਹਨ। ਸਾਫ਼ ਹੈ ਕਿ ਉਨ੍ਹਾਂ ਦੀ ਹਿਮਾਕਤ ਵਧ ਰਹੀ ਹੈ। ਉਨ੍ਹਾਂ ਦੀ ਵਧਦੀ ਹਿਮਾਕਤ ਸੁਰੱਖਿਆ ਏਜੰਸੀਆਂ ਦੀ ਨਾਕਾਮੀ ਦੀ ਹੀ ਪ੍ਰਤੀਕ ਹੈ। ਇਹ ਨਾਕਾਮੀ ਨਿਰਾਸ਼ ਕਰਨ ਵਾਲੀ ਹੈ।

# ਕਿਸਾਨੀ ਸੰਕਟ

**ਵਲੋਂ : ਰਣਜੀਤ ਸਿੰਘ ਘੁੰਮਣ**



ਹਰੀ ਕ੍ਰਾਂਤੀ (ਕਣਕ-ਝੋਨਾ ਕ੍ਰਾਂਤੀ) ਜੋ ਕਿਸੇ ਵੇਲੇ ਪੰਜਾਬ ਅਤੇ ਕਿਸਾਨ ਦੀ ਆਰਥਿਕਤਾ ਲਈ ਵਰਦਾਨ ਸਮਝੀ ਜਾਂਦੀ ਸੀ, ਹੁਣ ਸਰਾਪ ਬਣ ਚੁੱਕੀ ਹੈ। ਅਜਿਹਾ ਮੁੱਖ ਤੌਰ ਤੇ ਕੇਂਦਰ ਅਤੇ ਪੰਜਾਬ ਸਰਕਾਰਾਂ ਦੀਆਂ ਖੇਤੀ ਨੀਤੀਆਂ ਕਾਰਨ ਹੋਇਆ ਹੈ। 1960ਵਿਆਂ ਦੇ ਦਹਾਕੇ ਵਿੱਚ ਕੇਂਦਰ ਸਰਕਾਰ ਨੇ ਅਨਾਜ ਦੀ ਘਾਟ ਪੂਰੀ ਕਰਨ ਲਈ ਹਰੀ ਕ੍ਰਾਂਤੀ ਨੂੰ ਸਫਲ ਬਣਾਉਣ ਲਈ ਪੰਜਾਬ ਨੂੰ ਚੁਣਿਆ। ਕਣਕ ਅਤੇ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਲਈ ਪੰਜਾਬ ਵਿਚ ਉਹ ਸਾਰੇ ਹਾਲਾਤ ਪਹਿਲਾਂ ਹੀ ਮੌਜੂਦ ਸਨ ਜੋ ਇਨ੍ਹਾਂ ਫਸਲਾਂ ਦੇ ਪ੍ਰਫੁਲਤ ਹੋਣ ਲਈ ਲੋੜੀਂਦੇ ਸਨ। ਸਰਕਾਰ ਦੁਆਰਾ ਮੁਹੱਈਆ ਕੀਤੇ ਅਨੁਕੂਲ ਮਾਹੌਲ ਨੇ ਕਿਸਾਨਾਂ ਨੂੰ ਕਣਕ-ਝੋਨੇ ਦੀ ਖੇਤੀ ਲਈ ਉਤਸ਼ਾਹਿਤ ਕੀਤਾ। ਫਲਸਰੂਪ, ਦੇਸ਼ ਅਨਾਜ ਪੱਖੋਂ ਤਾਂ ਆਤਮ-ਨਿਰਭਰ ਹੋ ਗਿਆ ਪਰ ਪੰਜਾਬ ਦਾ ਕਿਸਾਨ ਕਣਕ-ਝੋਨੇ ਦੇ ਫਸਲੀ ਚੱਕਰ ਵਿਚ ਫਸ ਗਿਆ। ਨਤੀਜੇ ਵਜੋਂ ਨਾ ਕੇਵਲ ਪੰਜਾਬ ਦੀ ਮਿੱਟੀ, ਪਾਣੀ ਤੇ ਹਵਾ ਦੀ ਗੁਣਵੱਤਾ ਖਰਾਬ ਹੋਈ ਸਗੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਖਤਰੇ ਦੀ ਹੱਦ ਤਕ ਨੀਵਾਂ ਚਲਾ ਗਿਆ।

ਝੋਨੇ ਦੀ ਖਰੀਦ ਦਾ ਮੌਜੂਦਾ ਸੰਕਟ ਅਤੇ ਕਿਸਾਨਾਂ ਦੀ ਖੱਜਲ-ਖੁਆਰੀ ਜੱਗ ਜ਼ਾਹਿਰ ਹੈ। ਕੇਂਦਰ ਸਰਕਾਰ ਦੀ ਬੇਰੁਖੀ ਦੇ ਨਾਲ-ਨਾਲ ਪੰਜਾਬ ਸਰਕਾਰ ਦੀ ਅਣਗਹਿਲੀ ਅਤੇ ਪੰਜਾਬ ਤੇ ਕੇਂਦਰ ਵਿਚਾਲੇ ਖਿੱਚੋਤਾਣ ਇਸ ਲਈ ਜ਼ਿੰਮੇਵਾਰ ਹੈ। ਪੰਜਾਬ ਸਰਕਾਰ ਨੇ ਵੇਲੇ ਸਿਰ ਕੇਂਦਰ ਸਰਕਾਰ ਨਾਲ ਲੋੜੀਂਦਾ ਰਾਬਤਾ ਨਹੀਂ ਬਣਾਇਆ। ਤਕਰੀਬਨ ਡੇਢ ਕੁ ਦਹਾਕੇ ਤੋਂ ਕੇਂਦਰ ਸਰਕਾਰ ਬਿਨਾਂ ਕਿਸੇ ਪੁਖਤਾ ਨੀਤੀ ਦੇ ਪੰਜਾਬ ਸਰਕਾਰ ਨੂੰ ਹਦਾਇਤਾਂ ਰੂਪੀ ਪ੍ਰਵਚਨ ਕਰ ਰਹੀ ਹੈ ਕਿ ਝੋਨੇ ਹੇਠੋਂ ਰਕਬਾ ਘਟਾਇਆ ਜਾਵੇ। 2002 ਵਿਚ ਡਾ. ਸਰਦਾਰਾ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ ਕਮੇਟੀ ਨੇ ਝੋਨੇ ਹੇਠੋਂ ਰਕਬਾ ਘਟਾਉਣ ਲਈ ਕੇਂਦਰ ਤੋਂ ਵਿੱਤੀ ਪੈਕਜ ਦੀ ਸਿਫਾਰਸ਼ ਕੀਤੀ ਸੀ ਪਰ ਪੰਜਾਬ ਸਰਕਾਰ ਦੁਆਰਾ ਪਹੁੰਚ ਕਰਨ ਦੇ ਬਾਵਜੂਦ ਕੇਂਦਰ ਸਰਕਾਰ ਨੇ ਅਜਿਹਾ ਕੋਈ ਪੈਕੇਜ ਦੇਣ ਦੀ ਹਾਮੀ ਨਹੀਂ ਭਰੀ ਅਤੇ ਨਾ ਹੀ ਪਿਛਲੇ 25 ਸਾਲਾਂ ਵਿਚ ਅਜਿਹਾ ਕੋਈ ਠੋਸ ਕਦਮ ਚੁੱਕਿਆ ਜਿਸ ਕਾਰਨ ਫਸਲੀ ਵੰਨ-ਸਵੰਨਤਾ ਸੰਭਵ ਹੋ ਸਕਦੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਵੀ ਝੋਨੇ ਦੀਆਂ ਬਦਲਵੀਆਂ ਫਸਲਾਂ ਦੇ ਵੱਧ ਝਾੜ ਦੇਣ ਵਾਲੇ ਬੀਜਾਂ ਬਾਰੇ ਕੋਈ ਪੁਖਤਾ ਖੋਜ ਨਹੀਂ ਕੀਤੀ ਜਾਪਦੀ। ਪੰਜਾਬ ਦੀ ਖੇਤੀ ਨੀਤੀ ਖਰੜੇ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਵੈਟਨਰੀ ਯੂਨੀਵਰਸਿਟੀ ਅਤੇ ਸਰਕਾਰ ਦੇ ਖੇਤੀ ਨਾਲ ਸਬੰਧਿਤ ਮਹਿਕਮਿਆਂ ਵਿਚ ਲੱਗਭੱਗ ਅੱਧੀਆਂ ਅਸਾਮੀਆਂ ਖਾਲੀ ਪਈਆਂ ਹਨ। ਜ਼ਾਹਿਰ ਹੈ ਕਿ ਦੇਸ਼ ਦੀ ਅਨਾਜ ਸੁਰੱਖਿਆ ਦੇ ਮੱਦੇਨਜ਼ਰ ਕਣਕ-ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਸਬੰਧੀ ਖੋਜ ਨੂੰ ਪਹਿਲ ਦਿੱਤੀ ਜਾਂਦੀ ਰਹੀ ਹੈ ਜਿਸ ਦਾ ਖਮਿਆਜ਼ਾ ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਆਉਣ ਵਾਲੇ ਨੇੜਲੇ ਭਵਿੱਖ ਵਿਚ ਸਮੁੱਚੇ ਖੇਤੀ ਖੇਤਰ ਅਤੇ ਉਸ ਵਿਚ ਸਿੱਧੇ-ਅਸਿੱਧੇ ਰੂਪ ਵਿਚ ਨਿਰਭਰ ਆਬਾਦੀ ਲਈ ਸੰਕਟ ਹੋਰ ਗੰਭੀਰ ਹੋਣ ਦੀ ਸੰਭਾਵਨਾ ਹੈ; ਖਾਸ ਕਰ ਕੇ ਪੰਜਾਬ ਦੀ ਖੇਤੀ ਅਤੇ ਕਿਸਾਨੀ ਲਈ। ਜਾਪਦਾ ਹੈ, ਤਿੰਨ ਖੇਤੀ ਕਾਨੂੰਨ ਵਾਪਸ ਕਰਾਉਣ ਦੇ ਲੰਮੇ ਸੰਘਰਸ਼ ਵਿਚ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਲੋਂ ਨਿਭਾਈ ਮੋਹਰੀ ਭੂਮਿਕਾ ਅਜੇ ਕੇਂਦਰ ਸਰਕਾਰ ਨੂੰ ਹਜ਼ਮ ਨਹੀਂ ਹੋਈ।

ਕਾਰਨ ਕੁਝ ਵੀ ਹੋਣ, ਇਕ ਗੱਲ ਤਾਂ ਸਪਸ਼ਟ ਹੈ ਕਿ ਆਉਣ ਵਾਲੇ ਸਾਲਾਂ ਵਿਚ ਝੋਨੇ ਦੀ ਵਿਕਰੀ ਸਬੰਧੀ ਮੁਸ਼ਕਿਲਾਂ ਹੋਰ ਵਧ ਸਕਦੀਆਂ ਹਨ। ਇਸ ਤੋਂ ਇਲਾਵਾ ਝੋਨੇ ਵਿਚ ਨਮੀ ਦੀਆਂ ਸਖਤ ਸ਼ਰਤਾਂ, ਚੌਲਾਂ ਦੀ ਗੁਣਵੱਤਾ ਸਬੰਧੀ ਮਾਪਦੰਡ ਅਤੇ ਕੇਂਦਰੀ ਭੰਡਾਰ ਵਿਚ ਲੋੜ ਤੋਂ ਕਿਤੇ ਜ਼ਿਆਦਾ ਮਾਤਰਾ ਵਿਚ ਚੌਲਾਂ ਦਾ ਭੰਡਾਰ ਅਤੇ ਭੰਡਾਰਨ ਦੀ ਸਮਰੱਥਾ ਦੀ ਘਾਟ ਵੀ ਕੁਝ ਅਜਿਹੇ ਸੰਕੇਤ ਹਨ ਜੋ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਚੌਲਾਂ ਦੀ ਖਰੀਦ (ਖਾਸ ਕਰ ਕੇ ਐੱਮਐੱਸਪੀ ਉਪਰ) 'ਤੇ ਪ੍ਰਸ਼ਨ ਚਿੰਨ ਲਾਉਂਦੇ ਹਨ। ਅਰੁਣਾਚਲ ਪ੍ਰਦੇਸ਼ ਵਿਚ ਪੰਜਾਬ ਦੇ ਚੌਲਾਂ (ਜੁਲਾਈ 2024 ਨੂੰ ਭੇਜੇ) ਦੇ ਸੈਂਪਲ ਫੇਲ੍ਹ ਹੋਣ ਅਤੇ ਅਕਤੂਬਰ ਵਿਚ ਇਹ ਸਭ ਕੁਝ ਨਸ਼ਰ ਕਰਨ ਦੀ ਕਹਾਣੀ ਵੀ ਅਜਿਹੇ ਸੰਕੇਤ ਕਰਦੀ ਹੈ। ਅੱਜ ਕੱਲ੍ਹ ਮੰਡੀਆਂ ਵਿੱਚ ਰੁਲ ਰਿਹਾ ਝੋਨਾ ਅਤੇ ਉਸ ਦੀ ਖਰੀਦ (ਕੁਝ ਥਾਵਾਂ ਤੇ ਐੱਮਐੱਸਪੀ ਤੋਂ ਹੇਠਾਂ), ਭਰਾਈ, ਲਵਾਈ ਆਦਿ ਵਿਚ ਆ ਰਹੀਆਂ ਮੁਸ਼ਕਿਲਾਂ ਵੀ ਇਸ ਗੱਲ ਵੱਲ ਸੇਧਤ ਹਨ। ਸਾਲ 2020 ਦੇ ਤਿੰਨ ਖੇਤੀ ਕਾਨੂੰਨ ਵੀ ਸਰਕਾਰੀ ਮੰਡੀਆਂ ਦੀ ਮਹੱਤਤਾ ਘਟਾਉਣ ਅਤੇ ਐੱਮਐੱਸਪੀ ਨੂੰ ਧੁੰਦਲਾ ਕਰਨ ਵੱਲ ਸੇਧਤ ਸਨ। ਇਸ ਤੋਂ ਇਲਾਵਾ ਖੇਤੀ ਅਤੇ ਕਿਸਾਨੀ ਸੰਕਟ ਨੂੰ ਗਹਿਰਾ ਕਰ ਕੇ ਬਹੁਤ ਸਾਰੇ ਕਿਸਾਨਾਂ ਨੂੰ ਖੇਤੀ ਵਿਚੋਂ ਬਾਹਰ ਕੱਢਣ ਵੱਲ ਵੀ ਸੰਕੇਤ ਕਰਦੇ ਹਨ। ਮੌਜੂਦਾ ਖੇਤੀ ਮਾਡਲ ਤਾਂ ਪਹਿਲਾਂ ਹੀ ਖੇਤੀ ਵਿਚ ਲੱਗੀ ਕਿਰਤ ਸ਼ਕਤੀ (ਵਾਹੀਕਾਰ ਅਤੇ ਖੇਤ ਮਜ਼ਦੂਰ) ਨੂੰ ਖੇਤੀ ਵਿਚੋਂ ਬਾਹਰ ਧੱਕ ਰਿਹਾ ਹੈ; ਉਂਝ, ਉਨ੍ਹਾਂ ਲਈ ਰੁਜ਼ਗਾਰ ਦੇ ਬਦਲਵੇਂ ਮੌਕਿਆ ਦੀ ਬਹੁਤ ਘਾਟ ਹੈ।

ਹੁਣ ਜਦ ਕਿਸਾਨਾਂ ਨੂੰ ਕਣਕ-ਝੋਨੇ ਦੇ ਫਸਲੀ ਚੱਕਰ ਦੀ ਆਦਤ ਪੈ ਗਈ ਹੈ ਤਾਂ ਸਰਕਾਰ ਬਿਨਾਂ ਕੋਈ ਬਦਲਵਾਂ ਮਾਹੌਲ (ਢੁੱਕਵੀਂ ਨੀਤੀ) ਸਿਰਜਣ ਦੀ ਬਜਾਇ ਕਿਸਾਨਾਂ ਨੂੰ ਕਹਿ ਰਹੀ ਹੈ ਕਿ ਉਹ ਫਸਲੀ ਵੰਨ-ਸਵੰਨਤਾ ਕਰਨ। ਜੇ ਕੇਂਦਰ ਅਤੇ ਪੰਜਾਬ ਸਰਕਾਰ ਫਸਲੀ ਵੰਨ-ਸਵੰਨਤਾ ਸਬੰਧੀ ਸੱਚਮੁੱਚ ਸੰਜੀਦਾ ਹਨ ਤਾਂ ਇਸ ਲਈ ਲੋੜੀਂਦਾ ਮਾਹੌਲ ਸਿਰਜਣਾ ਪਵੇਗਾ। ਘੱਟੋ-ਘੱਟ 10 ਸਾਲਾਂ ਦਾ ਸਮਾਂ ਕਿਸਾਨਾਂ ਨੂੰ ਦੇਣਾ ਪਵੇਗਾ। ਇਸ ਦੌਰਾਨ ਬਦਲਵੀਆਂ ਫਸਲਾਂ (ਖਾਸ ਕਰ ਕੇ ਝੋਨੇ) ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਖੋਜ 'ਤੇ ਜ਼ੋਰ ਦੇਣਾ ਪਵੇਗਾ ਅਤੇ ਬਦਲਵੀਆਂ ਫਸਲਾਂ ਦੀ ਐੱਮਐੱਸਪੀ ਉਪਰ ਖਰੀਦ ਵੀ ਯਕੀਨੀ ਬਣਾਉਣੀ ਪਵੇਗੀ। ਜੇ ਫਿਰ ਵੀ ਕਿਸਾਨ ਦਾ ਘਰ ਪੂਰਾ ਨਹੀਂ ਹੁੰਦਾ ਤਾਂ ਬਦਲਵੀਆਂ ਫਸਲਾਂ ਅਤੇ ਮੌਜੂਦਾ ਫਸਲੀ ਚੱਕਰ ਤੋਂ ਮਿਲਣ ਵਾਲੀ ਪ੍ਰਤੀ ਏਕੜ ਸ਼ੁੱਧ ਆਮਦਨ ਵਿਚਲਾ ਅੰਤਰ ਵੀ ਸਰਕਾਰ ਨੂੰ ਪੂਰਾ ਕਰਨਾ ਪਵੇਗਾ। ਇਸ ਤੋਂ ਬਿਨਾਂ ਫਸਲੀ ਵੰਨ-ਸਵੰਨਤਾ ਹੋ ਹੀ ਨਹੀਂ ਸਕਦੀ। ਆਲਮ ਇਹ ਹੈ ਕਿ ਇਸ ਬੁਨਿਆਦੀ ਮੁੱਦੇ ਵੱਲ ਧਿਆਨ ਦੇਣ ਦੀ ਥਾਂ ਸਰਕਾਰ ਅਤੇ ਮਾਹਿਰ ਗੱਲੀਂ-ਬਾਤੀਂ ਫਸਲੀ ਵੰਨ-ਸਵੰਨਤਾ ਚਾਹੁੰਦੇ ਹਨ। ਇਸੇ ਕਰ ਕੇ ਝੋਨੇ ਹੇਠ ਰਕਬਾ ਘਟਣ ਦੀ ਥਾਂ ਵਧ ਰਿਹਾ ਹੈ।

ਕਣਕ-ਝੋਨੇ ਦੇ ਫਸਲੀ ਚੱਕਰ (ਖਾਸ ਕਰ ਕੇ ਝੋਨਾ) ਕਾਰਨ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਡਿੱਗ ਰਹੇ ਪੱਧਰ ਨੇ ਅਜਿਹਾ ਸੰਕਟ ਖੜ੍ਹਾ ਕਰ ਦਿਤਾ ਹੈ ਜਿਸ ਨਾਲ ਜਾਪਦਾ ਹੈ ਕਿ ਨੇੜਲੇ ਭਵਿੱਖ ਵਿਚ ਧਰਤੀ ਹੇਠਲਾ ਪਾਣੀ ਕੱਢਣ ਦੀਆਂ ਲਾਗਤਾਂ ਵਿਚ ਵੀ ਚੋਖਾ ਵਾਧਾ ਹੋਵੇਗਾ। ਅਜਿਹੇ ਹਾਲਤ ਵੀ ਬਣ ਸਕਦੇ ਹਨ ਜਦ ਪਾਣੀ ਦੀ ਘਾਟ ਕਾਰਨ ਲਾਹੇਵੰਦ ਖੇਤੀ ਸੰਭਵ ਹੀ ਨਾ ਰਹੇ। ਪੰਜਾਬ ਵਿੱਚ ਝੋਨਾ ਪੈਦਾ ਕਰਨ 'ਤੇ ਜਿੰਨਾ ਪਾਣੀ ਲੱਗਦਾ ਹੈ, ਉਸ ਵਿਚੋਂ 80-85 ਪ੍ਰਤੀਸ਼ਤ ਕੇਂਦਰੀ ਭੰਡਾਰ ਨੂੰ ਦਿੱਤੇ ਜਾਣ ਵਾਲੇ ਚੌਲਾਂ ਉਪਰ ਖਰਚ ਹੋ ਰਿਹਾ ਹੈ। ਸਪਸ਼ਟ ਹੈ ਕਿ ਪੰਜਾਬ ਚੌਲਾਂ ਦੇ ਰੂਪ ਵਿਚ ਆਪਣਾ ਧਰਤੀ ਹੇਠਲਾ ਪਾਣੀ ਭੇਜ ਰਿਹਾ ਹੈ। ਪੰਜਾਬ ਦੇ ਖੇਤੀ ਨੀਤੀ ਖਰੜੇ ਵਿਚ ਉਨ੍ਹਾਂ 15 ਬਲਾਕਾਂ ਵਿਚ (ਜਿਥੇ 300 ਤੋਂ 400 ਪ੍ਰਤੀਸ਼ਤ ਤੋਂ ਜ਼ਿਆਦਾ ਪਾਣੀ ਕੱਢਿਆ ਜਾ ਰਿਹਾ ਹੈ) ਫੌਰੀ ਝੋਨਾ ਬੰਦ ਕਰਨ ਦੀ ਸਿਫਾਰਸ਼ ਕੀਤੀ ਹੈ ਪਰ ਇਹ ਵੀ ਇਕਦਮ ਨਹੀਂ ਹੋ ਸਕੇਗਾ। ਇਸ ਲਈ ਵੀ ਬਦਲਵੀਆਂ ਫਸਲਾਂ ਬਾਰੇ ਢੁਕਵੀਂ ਨੀਤੀ ਤਿਆਰ ਕਰ ਕੇ ਲਾਗੂ ਕਰਨੀ ਪਵੇਗੀ।

ਦੇਸ਼ ਦੇ ਕੁਝ ਹੋਰ ਸੂਬਿਆਂ ਵਿਚ ਅਨਾਜ ਉਤਪਾਦਨ (ਖਾਸ ਕਰ ਝੋਨੇ ਦਾ) ਵਿੱਚ ਹੋ ਰਿਹਾ ਵਾਧਾ ਅਤੇ ਕੇਂਦਰੀ ਭੰਡਾਰ ਵਿਚ ਪੰਜਾਬ ਦੇ ਚੌਲਾਂ ਦਾ ਘਟ ਰਿਹਾ ਹਿੱਸਾ ਭਵਿੱਖ ਵਿੱਚ ਪੰਜਾਬ ਦੇ ਝੋਨੇ ਦੀ ਸਰਕਾਰੀ ਖਰੀਦ ਘਟਣ ਵੱਲ ਸੰਕੇਤ ਹੈ ਜਿਸ ਦਾ ਟਰੇਲਰ ਅੱਜ ਕੱਲ੍ਹ ਚੱਲ ਰਿਹਾ ਹੈ। 1980-81 ਦੌਰਾਨ ਕੇਂਦਰੀ ਭੰਡਾਰ ਵਿਚ ਪੰਜਾਬ ਦੇ ਚੌਲਾਂ ਦਾ ਯੋਗਦਾਨ 45.3 ਫੀਸਦੀ ਸੀ ਜੋ 2019-20 ਅਤੇ 2022-23 ਵਿਚਕਾਰ 21 ਫੀਸਦੀ ਦੇ ਆਸ-ਪਾਸ ਰਿਹਾ। ਇਸੇ ਤਰ੍ਹਾਂ ਪੰਜਾਬ ਦੀ ਕਣਕ ਦਾ ਕੇਂਦਰੀ ਭੰਡਾਰ ਵਿਚ ਹਿੱਸਾ 1980-81 ਵਿੱਚ 73 ਫੀਸਦੀ ਤੋਂ ਘਟ ਕੇ 2000-01 ਵਿਚ 45 ਅਤੇ 2021-22 ਵਿਚ 30.5 ਫੀਸਦੀ ਰਹਿ ਗਿਆ। ਦੇਸ਼ ਦੀ ਜਨਸੰਖਿਆ ਵਧਣ ਦੇ ਬਾਵਜੂਦ ਪੰਜਾਬ ਦੇ ਚੌਲਾਂ ਅਤੇ ਕਣਕ ਦੀ ਕੇਂਦਰੀ ਭੰਡਾਰ ਵਿੱਚ ਪਹਿਲਾਂ ਵਾਲੀ ਮਹੱਤਤਾ ਨਹੀਂ ਰਹੀ। ਉਂਝ, ਇਹ ਵੀ ਸੱਚ ਹੈ ਕਿ ਪੰਜਾਬ ਵਿੱਚ ਪਿਛਲੇ 40 ਸਾਲਾਂ ਦੌਰਾਨ ਜਿੰਨਾ ਵੀ ਝੋਨਾ ਪੈਦਾ ਹੋਇਆ, ਉਸ ਵਿੱਚੋਂ 90-92 ਫੀਸਦੀ ਮੰਡੀਆਂ ਵਿਚ ਆਉਂਦਾ ਰਿਹਾ ਅਤੇ ਐੱਮਐੱਸਪੀ ਉਪਰ ਉਸ ਦੀ ਖਰੀਦ ਵੀ ਹੁੰਦੀ ਰਹੀ।

ਇਸ ਸਾਰੇ ਪ੍ਰਸੰਗ ਦੇ ਮੱਦੇਨਜ਼ਰ ਪੰਜਾਬ ਨੂੰ ਝੋਨੇ ਹੇਠੋਂ ਰਕਬਾ ਘਟਾਉਣ ਸਬੰਧੀ ਕੋਈ ਨਿੱਗਰ ਨੀਤੀ ਅਪਨਾਉਣੀ ਚਾਹੀਦੀ ਹੈ ਤਾਂ ਕਿ ਜਿਥੇ ਪਾਣੀ ਸੰਕਟ ਨੂੰ ਹੱਲ ਕੀਤਾ ਜਾ ਸਕੇ ਉਥੇ ਝੋਨੇ ਦੀ ਖਰੀਦ ਵੀ ਯਕੀਨੀ ਬਣਾਈ ਜਾ ਸਕੇ। ਕੇਂਦਰ ਤੇ ਪੰਜਾਬ ਸਰਕਾਰਾਂ ਅਤੇ ਇਨ੍ਹਾਂ ਦੇ ਨੀਤੀ ਘਾੜਿਆਂ ਨੂੰ ਆਪੋ-ਆਪਣਾ ਰੋਲ ਨਿਭਾਉਣਾ ਚਾਹੀਦਾ ਹੈ। ਕਿਸਾਨ ਨੂੰ ਝੋਨੇ ਹੇਠੋਂ ਰਕਬਾ ਘਟਾਉਣ ਲਈ ਰਾਜ਼ੀ ਕਰਨਾ ਅਤੇ ਬਦਲਵੀਆਂ ਫਸਲਾਂ ਦੇਣੀਆਂ ਤੇ ਉਨ੍ਹਾਂ ਦਾ ਵਾਜਬ ਮੁੱਲ (ਕਿਸਾਨ ਦੀ ਲਾਗਤ ਤੇ ਮਿਹਨਤਾਨਾ) ਦੇਣਾ ਲਾਜ਼ਮੀ ਹੈ। ਇਸ ਮਸਲੇ ਲਈ ਲੰਮੇ ਸਮੇਂ ਦੀਆਂ ਨੀਤੀਆਂ ਰਣਨੀਤੀਆਂ ਦਾ ਹੋਣਾ ਅਤੇ ਉਨ੍ਹਾਂ ਦਾ ਲਾਗੂ ਹੋਣਾ ਜ਼ਰੂਰੀ ਹੈ। ਕਿਸਾਨ ਜਥੇਬੰਦੀਆਂ ਨੂੰ ਵੀ ਅਜਿਹੀ ਫਸਲੀ ਵੰਨ-ਸਵੰਨਤਾ ਦੀ ਜ਼ੋਰਦਾਰ ਮੰਗ ਉਠਾਉਣੀ ਚਾਹੀਦੀ ਹੈ ਜੋ ਆਰਥਿਕ ਅਤੇ ਵਾਤਾਵਰਨ ਪੱਖੋਂ ਟਿਕਾਊ ਬਦਲ ਹੋ ਸਕੇ।

ਕਿਸਾਨ ਜਥੇਬੰਦੀਆਂ ਨੂੰ ਹੁਣ ਆਪਣੀ ਰਣਨੀਤੀ ਦੀ ਸਮੀਖਿਆ ਕਰਨ ਦੀ ਜ਼ਰੂਰਤ ਹੈ। ਝੋਨੇ ਦੀ ਵਿਕਰੀ ਸਬੰਧੀ ਵਧ ਰਹੀਆਂ ਔਕੜਾਂ ਦੇ ਮੱਦੇਨਜ਼ਰ ਕੀ ਕਿਸਾਨ ਸਮੂਹਿਕ ਤੌਰ 'ਤੇ ਝੋਨੇ ਦਾ ਉਤਪਾਦਨ ਘਟਾਉਣ ਬਾਰੇ ਨਾਅਰਾ ਬੁਲੰਦ ਕਰ ਕੇ ਕੇਂਦਰ ਸਰਕਾਰ ਨੂੰ ਚਿਤਾਵਨੀ ਭਰਿਆ (ਅਨਾਜ ਸੁਰੱਖਿਆ ਸਬੰਧੀ) ਸੁਨੇਹਾ ਦੇ ਸਕਦੇ ਹਨ ਤਾਂ ਕਿ ਆਉਣ ਵਾਲੇ ਸਮੇਂ ਵਿਚ ਕੇਂਦਰ ਤੇ ਪੰਜਾਬ ਸਰਕਾਰ ਕਿਸਾਨਾਂ ਪ੍ਰਤੀ ਇਸ ਤਰ੍ਹਾਂ ਦਾ ਵਤੀਰਾ ਅਪਨਾਉਣ ਤੋਂ ਪਹਿਲਾਂ ਵੀਹ ਵਾਰ ਸੋਚਣ। ਨਾਲ ਹੀ ਪੰਜਾਬ ਸਰਕਾਰ ਅਤੇ ਸਿਆਸੀ ਪਾਰਟੀਆਂ ਨੂੰ ਵੀ ਆਪੋ-ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨਾ ਚਾਹੀਦਾ ਹੈ ਅਤੇ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਕੀ ਉਹ ਪੰਜਾਬ ਦੇ ਮੁੱਦਿਆਂ ਪ੍ਰਤੀ ਸੁਹਿਰਦ ਹਨ ਜਾਂ ਨਹੀਂ। ਪਹਿਲਾਂ ਹੀ ਹਰੀ ਕ੍ਰਾਂਤੀ ਤੋਂ ਮਿਲੇ ਲਾਭ ਨੂੰ ਪੰਜਾਬ ਖੇਤੀ ਅਤੇ ਦੂਜੇ ਖੇਤਰਾਂ ਦੀ ਉਨਤੀ ਲਈ ਠੀਕ ਤਰ੍ਹਾਂ ਨਹੀਂ ਵਰਤ ਸਕਿਆ। ਹੁਣ ਝੋਨੇ ਹੇਠੋਂ ਲੋੜੀਂਦਾ ਰਕਬਾ ਨਾ ਘਟਾਉਣ ਕਰ ਕੇ ਅਸੀਂ ਦੂਜੀ ਵਾਰ ਗਲਤੀ ਕਰ ਰਹੇ ਹੋਵਾਂਗੇ। ਇਸ ਦੇ ਨਾਲ ਹੀ ਖੇਤੀ ਉਤਪਾਦਨ ਦੇ ਮੰਡੀਕਰਨ ਅਤੇ ਖੇਤੀ ਦੀ ਪ੍ਰਾਸੈਸਿੰਗ ਕਰਨ ਨਾਲ ਹੀ ਕਿਸਾਨ ਬਚੇਗਾ। ਕੇਵਲ ਤੇ ਕੇਵਲ ਇਕੱਲੇ ਉਤਪਾਦਨ ਕਰਨ ਨਾਲ ਸੰਕਟ ਹੱਲ ਨਹੀਂ ਹੋਣਾ। ਪਾਣੀ, ਰਸਾਇਣਕ ਖਾਦਾਂ ਅਤੇ ਜ਼ਹਿਰਾਂ ਦੀ ਘੱਟ ਵਰਤੋਂ ਕਰਨ ਵਾਲੀਆਂ ਖੇਤੀ ਵਿਧੀਆਂ (ਜੋ ਪੰਜਾਬ ਵਿੱਚ ਕੁਝ ਕਿਸਾਨ ਅਪਣਾ ਰਹੇ ਹਨ) ਵੱਲ ਵੀ ਲੋੜੀਂਦਾ ਧਿਆਨ ਦੇਣ ਦੀ ਜ਼ਰੂਰਤ ਹੈ। ਖੇਤੀ ਉਤਪਾਦਨ ਦੀ ਵੱਡੇ ਪੱਧਰ ਤੇ ਪ੍ਰਾਸੈਸਿੰਗ ਕਰ ਕੇ ਕਿਸਾਨ ਦੀ ਆਮਦਨ ਵਿੱਚ ਵਾਧਾ ਅਤੇ ਰੁਜ਼ਗਾਰ ਦੇ ਮੌਕੇ ਵਧਾਉਣ ਦੀ ਵੀ ਸਖਤ ਜ਼ਰੂਰਤ ਹੈ। ਮੌਜੂਦਾ ਖੇਤੀ ਮਾਡਲ ਵਿਚ ਢੁੱਕਵੀਆਂ ਸੋਧਾਂ ਵੀ ਕਰਨੀਆਂ ਪੈਣਗੀਆਂ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਕੇਂਦਰ ਦੁਆਰਾ ਝੋਨੇ ਹੇਠੋਂ ਰਕਬਾ ਘਟਾਉਣ ਦੀਆਂ ਹਦਾਇਤਾਂ, ਪਾਣੀ ਦੇ ਲਗਾਤਾਰ ਡਿਗ ਰਹੇ ਪੱਧਰ, ਸ਼ਾਂਤਾ ਕੁਮਾਰ ਕਮੇਟੀ (2015) ਦੀਆਂ ਸਿਫਾਰਸ਼ਾਂ (ਐੱਮਐੱਸਪੀ ਅਤੇ ਐੱਫਸੀਆਈ ਬੰਦ ਕਰਨ ਸਬੰਧੀ) ਅਤੇ ਸੰਸਾਰ ਵਪਾਰ ਸੰਸਥਾ ਦੀ ਅੰਨ ਭੰਡਾਰਨ (ਬੁਡਡਇਰ ਸਟੋਚਕ) ਦੀ ਸੀਮਾ ਆਦਿ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਕੇ ਪੁਖਤਾ ਨੀਤੀ ਬਣਾਵੇ ਅਤੇ ਲਾਗੂ ਕਰੇ।

---

**ਸਫ਼ਾ 14 ਦਾ ਬਾਕੀ**

ਹਕੂਮਤ ਖ਼ੁਦ ਮੰਨਦੀ ਹੈ ਕਿ ਮਾਓਵਾਦੀ ਲਹਿਰ ਦਾ ਮੁੱਖ ਕਾਡਰ ਆਦਿਵਾਸੀ ਹਨ ਅਤੇ ਉਨ੍ਹਾਂ ਵਿਚ ਵੀ ਬਹੁਤ ਵੱਡੀ ਗਿਣਤੀ ਔਰਤਾਂ ਦੀ ਹੈ। ਵਿਸ਼ਵ ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਨੇ ਬਸਤਰ ਦਾ ਦੌਰਾ ਕਰਨ ਤੋਂ ਬਾਅਦ ਲਿਖੇ ਆਪਣੇ ਲੰਮੇ ਲੇਖ 'ਸਾਥੀਆਂ ਨਾਲ ਵਿਚਰਦਿਆਂ' (2010) 'ਚ ਦੱਸਿਆ ਸੀ ਕਿ ਮਾਓਵਾਦੀ ਛਾਪਾਮਾਰਾਂ ਦਾ 45% ਔਰਤਾਂ ਹਨ। ਜਿਸ ਰਾਜ ਪ੍ਰਬੰਧ ਦਾ 'ਕਾਨੂੰਨ ਦਾ ਰਾਜ' ਸਥਾਪਤ ਕਰਨ ਦੀ ਦੁਹਾਈ ਦਿੱਤੀ ਜਾਂਦੀ ਹੈ, ਉਸ ਨੇ ਹੁਣ ਤੱਕ ਆਦਿਵਾਸੀਆਂ ਤੇ ਦਲਿਤਾਂ ਨੂੰ ਕੀ ਦਿੱਤਾ ਹੈ। ਜਿਨ੍ਹਾਂ ਇਲਾਕਿਆਂ 'ਚ ਹੁਣ ਕਾਰਪੋਰੇਟ ਪ੍ਰੋਜੈਕਟਾਂ ਦੀ ਖ਼ਾਤਰ ਜੰਗੀ ਪੱਧਰ 'ਤੇ ਸੜਕਾਂ ਵਿਛਾਈਆਂ ਜਾ ਰਹੀਆਂ ਹਨ, ਉੱਥੇ ਸਾਢੇ ਸੱਤ ਦਹਾਕਿਆਂ 'ਚ ਭਾਰਤੀ ਹੁਕਮਰਾਨ ਪ੍ਰਾਇਮਰੀ ਸਿੱਖਿਆ ਅਤੇ ਮਲੇਰੀਏ ਵਰਗੀਆਂ ਸਾਧਾਰਨ ਬਿਮਾਰੀਆਂ ਦੇ ਇਲਾਜ ਲਈ ਮੁੱਢਲੀਆਂ ਸਿਹਤ ਸੇਵਾਵਾਂ ਵੀ ਮੁਹੱਈਆ ਨਹੀਂ ਕਰ ਸਕੇ। ਅੱਜ ਵੀ ਆਦਿਵਾਸੀ ਭਾਰਤੀ ਰਾਜ ਤੋਂ ਰੁਜ਼ਗਾਰ, ਪੈਨਸ਼ਨਾਂ ਜਾਂ ਤਨਖਾਹਾਂ ਨਹੀਂ ਮੰਗ ਰਹੇ। ਉਹ ਸਿਰਫ਼ ਇਹ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਰੈਣ-ਬਸੇਰੇ ਜੰਗਲਾਂ-ਪਹਾੜਾਂ ਤੋਂ ਉਜਾੜਿਆ ਨਾ ਜਾਵੇ। ਉਹ ਬੈਲਾਡਿਲਾ ਖਾਣਾਂ ਵਰਗੇ ਪਹਿਲਾਂ ਲਗਾਏ 'ਵਿਕਾਸ' ਪ੍ਰੋਜੈਕਟਾਂ ਦਾ ਸੁਆਦ ਦੇਖ ਚੁੱਕੇ ਹਨ। ਜਿਸ ਅਬੂਝਮਾੜ ਉੱਪਰ ਕਬਜ਼ਾ ਕਰਨ ਲਈ ਹੁਣ ਸੁਰੱਖਿਆ ਦਸਤਿਆਂ ਦੇ ਕੈਂਪਾਂ ਅਤੇ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ, ਉਹ ਭਾਰਤੀ ਸਟੇਟ ਲਈ ਹੁਣ ਤੱਕ 'ਅਬੂਝ' ਹੀ ਰਿਹਾ ਹੈ। ਕਾਰਪੋਰੇਟ ਪ੍ਰੋਜੈਕਟਾਂ ਲਈ ਜੰਗਲਾਂ, ਪਹਾੜਾਂ ਹੇਠਲੇ ਵਡਮੁੱਲੇ ਕੁਦਰਤੀ ਵਸੀਲਿਆਂ ਨੂੰ ਕਬਜ਼ੇ ਵਿਚ ਲੈਣ ਅਤੇ ਇਸ ਖਾਤਰ ਉੱਥੇ 'ਕਾਨੂੰਨ ਦਾ ਰਾਜ' ਸਥਾਪਤ ਕਰਨ ਦੀ ਜ਼ਰੂਰਤ 'ਚੋਂ ਆਦਿਵਾਸੀ ਖੇਤਰਾਂ ਵਿਚਲੇ ਮਾੜ ਵਰਗੇ ਇਲਾਕਿਆਂ ਦੀ ਖੋਜ ਹੋਈ ਜਿਨ੍ਹਾਂ ਬਾਰੇ ਸੱਤ ਦਹਾਕੇ ਬਾਅਦ ਵੀ 'ਲੋਕਤੰਤਰੀ' ਰਾਜ ਬੇਖ਼ਬਰ ਸੀ। ਹਕੂਮਤ ਅਨੁਸਾਰ ਇਹ ਅਮਨ-ਕਾਨੂੰਨ ਦਾ ਮਸਲਾ ਹੈ, ਆਦਿਵਾਸੀ ਅਵਾਮ ਲਈ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਹੈ।

ਭਾਰਤੀ ਹੁਕਮਰਾਨ 'ਸੰਵਿਧਾਨ', 'ਕਾਨੂੰਨ ਦਾ ਰਾਜ' ਦੇ ਜਿੰਨੇ ਮਰਜ਼ੀ ਦਾਅਵੇ ਕਰਦੇ ਰਹਿਣ, ਕੁਲ ਆਲਮ ਨੂੰ ਪਤਾ ਹੈ ਕਿ ਭਾਰਤੀ ਰਾਜ ਕਾਨੂੰਨ ਦਾ ਕਿੰਨਾ ਕੁ ਪਾਬੰਦ ਹੈ; ਖ਼ਾਸ ਕਰ ਕੇ ਆਰ.ਐੱਸ.ਐੱਸ.-ਭਾਜਪਾ ਦਾ ਪਿਛਲੇ ਇਕ ਦਹਾਕੇ ਦਾ ਰਾਜ ਕਿਸ ਨੂੰ ਭੁੱਲਿਆ ਹੈ ਜਿਸ ਦੀ ਸਮੁੱਚੀ ਟੇਕ ਹੀ ਸੰਵਿਧਾਨ ਦੀਆਂ ਧੱਜੀਆਂ ਉਡਾਉਣ, ਦੱਬੇ-ਕੁਚਲਿਆਂ ਨੂੰ ਹੋਰ ਦਬਾਉਣ ਅਤੇ ਨਫ਼ਰਤ ਤੇ ਘਿਨਾਉਣੀ ਹਿੰਸਾ ਦੀ ਸਿਆਸਤ ਖੇਡਣ ਉੱਪਰ ਹੈ। ਜੇ ਭਾਰਤੀ ਹੁਕਮਰਾਨਾਂ ਨੂੰ ਕਾਨੂੰਨ ਦੇ ਰਾਜ ਦਾ ਐਨਾ ਹੀ ਹੇਜ ਹੈ ਤਾਂ ਵੱਖਰੀ ਵਿਚਾਰਧਾਰਾ ਵਾਲਿਆਂ ਨੂੰ ਗ਼ੈਰ-ਅਦਾਲਤੀ ਕਤਲਾਂ 'ਚ ਮਾਰਨ ਅਤੇ ਸਿਰਫ਼ ਵਿਚਾਰਾਂ ਦੇ ਆਧਾਰ 'ਤੇ ਜੇਲ੍ਹਾਂ 'ਚ ਡੱਕਣ ਦਾ ਹਕੂਮਤ ਨੂੰ ਕੀ ਹੱਕ ਹੈ? ਹਕੂਮਤ ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰੇ ਅਤੇ ਜੁਰਮ ਸਾਬਤ ਕਰ ਕੇ ਕਾਨੂੰਨੀ ਪ੍ਰਕਿਰਿਆ ਰਾਹੀਂ ਉਨ੍ਹਾਂ ਨੂੰ ਅਦਾਲਤੀ ਸਜ਼ਾਵਾਂ ਦੇਵੇ ਪਰ ਹੁਕਮਰਾਨ ਜਮਾਤ ਲਈ ਕਾਨੂੰਨ ਤਾਂ ਮਹਿਜ਼ ਲੋਕਾਈ ਨੂੰ ਬੇਵੱਸ ਤੇ ਦਬੂ ਪਰਜਾ ਬਣਾ ਕੇ ਰੱਖਣ ਦਾ ਸੰਦ ਹੈ। ਚੋਟੀ ਦੇ ਮਾਓਵਾਦੀ ਆਗੂ ਚੇਰੂਕੁਰੀ ਰਾਜਕੁਮਾਰ ਉਰਫ਼ ਆਜ਼ਾਦ ਅਤੇ ਪੱਤਰਕਾਰ ਹੇਮ ਪਾਂਡੇ ਨੂੰ ਝੂਠੇ ਮੁਕਾਬਲੇ 'ਚ ਮਾਰਨ ਵਿਰੁੱਧ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਸੀ ਕਿ 'ਗਣਰਾਜ ਨੂੰ ਆਪਣੇ ਹੀ ਬੱਚਿਆਂ ਨੂੰ ਮਾਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ'। ਹੁਣ ਜਦੋਂ 'ਗਣਰਾਜ' ਦੇ ਹੁਕਮਰਾਨ ਕਤਲੇਆਮ ਦੇ ਟੀਚੇ ਮਿੱਥ ਕੇ ਖ਼ਾਸ ਵਿਚਾਰਧਾਰਾ ਦਾ ਸਫ਼ਾਇਆ ਕਰਨ ਦੇ ਐਲਾਨ ਕਰ ਰਹੇ ਹਨ ਤਾਂ ਸੁਪਰੀਮ ਕੋਰਟ ਖ਼ਾਮੋਸ਼ ਦਰਸ਼ਕ ਬਣੀ ਹੋਈ ਹੈ।

ਭਗਵਾ ਹਕੂਮਤ ਦਾ ਦਾਅਵਾ ਹੈ ਕਿ 2013 'ਚ ਦਸ ਰਾਜਾਂ ਦੇ 126 ਜ਼ਿਲ੍ਹੇ 'ਖੱਬੇ ਪੱਖੀ ਅੱਤਵਾਦ' ਦੀ ਲਪੇਟ 'ਚ ਸਨ; ਹੁਣ 38 ਜ਼ਿਲ੍ਹੇ ਹੀ ਨਕਸਲ-ਪ੍ਰਭਾਵਿਤ ਹਨ ਪਰ ਕੀ ਉਹ ਅਣਮਨੁੱਖੀ ਹਾਲਾਤ- ਘੋਰ ਗ਼ਰੀਬੀ, ਨਾ-ਬਰਾਬਰੀ, ਬੇਰੁਜ਼ਗਾਰੀ, ਸਮਾਜਿਕ ਅਨਿਆਂ, ਜਬਰ-ਜ਼ੁਲਮ – ਵੀ ਦੂਰ ਕਰ ਦਿੱਤੇ ਗਏ ਹਨ ਜਿਨ੍ਹਾਂ ਕਾਰਨ ਦੱਬੇ-ਕੁਚਲੇ ਅਵਾਮ ਸਟੇਟ ਵਿਰੁੱਧ ਹਥਿਆਰ ਚੁੱਕਦੇ ਹਨ? ਬਹੁਤ ਸਾਰੇ ਅਧਿਐਨ ਦਿਖਾਉਂਦੇ ਹਨ ਕਿ ਇਨ੍ਹਾਂ ਸਾਰੇ ਪੱਖਾਂ ਤੋਂ ਤਾਂ ਹਾਲਾਤ ਹੋਰ ਵੀ ਬਦਤਰ ਹੋਏ ਹਨ। ਫਾਸ਼ੀਵਾਦੀ ਹਕੂਮਤ ਨੂੰ ਭਰਮ ਹੈ ਕਿ ਕਰੂਰ ਰਾਜਕੀ ਦਹਿਸ਼ਤਵਾਦ ਦੇ ਜ਼ੋਰ ਅਵਾਮ ਦੀ ਬਿਹਤਰ ਜ਼ਿੰਦਗੀ ਦੀ ਜਮਹੂਰੀ ਰੀਝ ਨੂੰ ਹਮੇਸ਼ਾ ਲਈ ਖ਼ਤਮ ਕੀਤਾ ਜਾ ਸਕਦਾ ਹੈ। ਜਿਵੇਂ ਇਤਿਹਾਸ ਗਵਾਹ ਹੈ, ਇਸੇ ਤਰ੍ਹਾਂ ਭਵਿੱਖ ਵੀ ਸਾਬਤ ਕਰੇਗਾ ਕਿ ਸਮਾਜਿਕ ਤਬਦੀਲੀ ਲਈ ਯਤਨਸ਼ੀਲ ਤਾਕਤਾਂ ਨੂੰ ਇਹ ਪਛਾੜ ਵਕਤੀ ਹੈ ਅਤੇ ਨਕਸਲਵਾਦ ਕਾਲਪਨਿਕ ਪੰਛੀ ਵਾਂਗ ਆਪਣੀ ਰਾਖ਼ 'ਚੋਂ ਮੁੜ ਜਿਊਂਦਾ ਹੋਣ ਦੀ ਤਾਕਤ ਰੱਖਦਾ ਹੈ।

# ਬਲੋਚਿਸਤਾਨ ਦਾ ਸੰਤਾਪਿਆ ਵਜੂਦ

ਵਲੋਂ : ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਖੇਤਰਫਲ ਪੱਖੋਂ ਪਾਕਿਸਤਾਨ ਦੇ ਸਭ ਤੋਂ ਵੱਡੇ ਸੂਬੇ ਬਲੋਚਿਸਤਾਨ ਵਿਚ ਵੱਖਰੇ ਮੁਲਕ ਲਈ ਸੰਘਰਸ਼ 1948 ਤੋਂ ਚੱਲ ਰਿਹਾ ਹੈ। ਪਿਛਲੇ ਸਾਢੇ ਸੱਤ ਦਹਾਕਿਆਂ ਦੌਰਾਨ ਬਹੁਤ ਸਾਰੇ ਉਤਰਾਅ-ਚੜ੍ਹਾਅ ਆਏ ਪਰ ਆਪਣੀ ਬਹਾਦਰੀ ਲਈ ਮਸ਼ਹੂਰ ਬਲੋਚਾਂ ਨੇ ਵੱਖ-ਵੱਖ ਸਮਿਆਂ ਦੌਰਾਨ ਪਾਕਿਸਤਾਨੀ ਹਕੂਮਤਾਂ ਦੇ ਨੱਕ ਵਿਚ ਦਮ ਕਰੀ ਰੱਖਿਆ ਹੈ। ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਬਲੋਚਾਂ ਦੇ ਸੰਘਰਸ਼ਾਂ ਦੇ ਬਹੁਤ ਸਾਰੇ ਦਿਲਚਸਪ ਪੱਖ ਉਘਾੜੇ ਹਨ।

ਮੁਝੇ ਜੰਗ-ਇ-ਆਜ਼ਾਦੀ ਕਾ ਮਜ਼ਾ ਮਾਲੂਮ ਹੈ
ਬਲੋਚੋਂ ਪਰ ਜ਼ੁਲਮ ਕੀ ਇੰਤਹਾ ਮਾਲੂਮ ਹੈ
ਮੁਝੇ ਜ਼ਿੰਦਗੀ ਭਰ ਪਾਕਿਸਤਾਨ
ਮੇਂ ਜੀਨੇ ਕੀ ਦੁਆ ਨਾ ਦੋ
ਮੁਝੇ ਪਾਕਿਸਤਾਨ ਮੇਂ ਸਾਠ ਸਾਲ
ਜੀਨੇ ਕੀ ਸਜ਼ਾ ਮਾਲੂਮ ਹੈ

ਖੱਬੇ ਪੱਖੀ ਇਨਕਲਾਬੀ ਸ਼ਾਇਰ ਹਬੀਬ ਜਾਲਿਬ (1928-1993) ਦੇ ਉਪਰੋਕਤ ਅਲਫ਼ਾਜ਼ ਪਾਕਿਸਤਾਨ ਵਿਚ ਬਲੋਚਾਂ ਦੀ ਦੁਰਦਸ਼ਾ ਬਾਖ਼ੂਬੀ ਬਿਆਨ ਕਰਦੇ ਹਨ। ਕਮਾਲ ਦੀ ਗੱਲ ਇਹ ਹੈ ਕਿ ਉਹ ਬਲੋਚ ਨਹੀਂ ਸੀ, ਪੰਜਾਬੀ ਸੀ: ਜੰਮਪਲ ਹੁਸ਼ਿਆਰਪੁਰ ਦਾ, ਇੰਤਕਾਲ ਲਾਹੌਰ ਵਿਚ। ਪਰ ਇਨਕਲਾਬੀ ਤੇ ਇਖ਼ਲਾਕਪ੍ਰਸਤ ਹੋਣ ਕਾਰਨ ਉਸ ਨੇ ਕੈਦਾਂ ਕਈ ਕੱਟੀਆਂ। ਢਾਈ ਸਾਲ ਕੋਇਟਾ (ਬਲੋਚ ਰਾਜਧਾਨੀ) ਜੇਲ੍ਹ ਵਿਚ ਵੀ ਕੈਦ ਰਿਹਾ। ਉਸ ਕੈਦ ਦੌਰਾਨ ਉਸ ਨੇ ਬਲੋਚਾਂ ਦੇ ਹਸ਼ਰ ਬਾਰੇ ਜੋ ਕੁਝ ਜਾਣਿਆ-ਸੁਣਿਆ, ਉਸ ਨੇ ਉਸ ਨੂੰ ਬਲੋਚ ਸੰਘਰਸ਼ ਦਾ ਤਰਜਮਾਨ ਬਣਾ ਦਿੱਤਾ।

ਬਲੋਚ ਸੰਘਰਸ਼ 1948 ਤੋਂ ਜਾਰੀ ਹੈ। ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਤੋਂ 227 ਦਿਨ ਬਾਅਦ ਸ਼ੁਰੂ ਹੋਇਆ ਸੀ ਇਹ ਸੰਘਰਸ਼। 227 ਦਿਨ ਕਲਾਤ ਰਿਆਸਤ (ਬਲੋਚਿਸਤਾਨ ਦਾ ਉਸ ਸਮੇਂ ਦਾ ਨਾਮ) 'ਆਜ਼ਾਦ' ਮੁਲਕ ਵਜੋਂ ਕੰਮ ਕਰਦੀ ਰਹੀ। ਕਰਾਚੀ ਸੀ ਉਸ ਸਮੇਂ ਨਵ-ਸਥਾਪਿਤ ਪਾਕਿਸਤਾਨ ਦੀ ਰਾਜਧਾਨੀ। ਉੱਥੇ ਕਲਾਤ ਨੇ ਵੀ ਆਪਣਾ ਦੂਤਘਰ ਸਥਾਪਿਤ ਕੀਤਾ ਜਿੱਥੇ ਉਸ 'ਮੁਲਕ' ਦਾ ਆਪਣਾ ਝੰਡਾ ਕਈ ਮਹੀਨਿਆਂ ਤਕ ਝੁੱਲਦਾ ਰਿਹਾ। ਪਰ 27 ਮਾਰਚ 1948 ਨੂੰ ਪਾਕਿਸਤਾਨੀ ਫ਼ੌਜ ਨੇ ਕਲਾਤ ਉੱਤੇ ਚੜ੍ਹਾਈ ਕਰ ਦਿੱਤੀ। ਅਗਲੇ ਦਿਨ ਕਲਾਤ ਦੇ ਖ਼ਾਨ (ਮਹਾਰਾਜਾ) ਨੇ ਪਾਕਿਸਤਾਨ ਨਾਲ ਰਲੇਵੇਂ ਦੇ ਅਹਿਦ ਉੱਤੇ ਦਸਤਖ਼ਤ ਕਰ ਦਿੱਤੇ ਤਾਂ ਜੋ ਰਿਆਸਤ ਨੂੰ ਬੇਲੋੜੇ ਖ਼ੂਨ-ਖ਼ਰਾਬੇ ਤੋਂ ਬਚਾਇਆ ਜਾ ਸਕੇ। ਭੂਗੋਲਿਕ ਤੌਰ 'ਤੇ ਰਲੇਵਾਂ ਤਾਂ ਹੋ ਗਿਆ, ਪਰ ਦਿਲ ਨਹੀਂ ਜੁੜੇ। ਬਲੋਚਾਂ ਨੇ ਪਾਕਿਸਤਾਨੀਆਂ ਨੂੰ ਦਿਲੋਂ ਸਵੀਕਾਰ ਨਹੀਂ ਕੀਤਾ। ਹਥਿਆਰਬੰਦ ਸੰਘਰਸ਼ ਸ਼ੁਰੂ ਹੋ ਗਿਆ ਜੋ ਹੁਣ ਤੱਕ ਨਾ ਸਿਰਫ਼ ਜਾਰੀ ਹੈ ਸਗੋਂ ਹੁਣ ਵੱਧ ਖ਼ੂਨੀ ਹੁੰਦਾ ਜਾ ਰਿਹਾ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਇਸ ਸਾਲ 11 ਨਵੰਬਰ ਤੱਕ ਬਲੋਚ ਇੰਤਹਾਪਸੰਦਾਂ ਨੇ ਬਲੋਚਿਸਤਾਨ ਤੇ ਨਾਲ ਲਗਦੇ ਸਿੰਧ ਸੂਬੇ ਵਿਚ 723 ਸੁਰੱਖਿਆ ਕਰਮੀ ਤੇ ਹੋਰ ਲੋਕ ਮਾਰੇ। ਸੁਰੱਖਿਆ ਬਲਾਂ, ਖ਼ਾਸ ਕਰਕੇ ਫ਼ੌਜੀਆਂ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਦੌਰਾਨ 437 'ਦਹਿਸ਼ਤਗਰਦ' ਮਾਰੇ ਗਏ। ਇਨ੍ਹਾਂ ਵਿਚੋਂ ਕਈ ਲੋਕ ਉਹ ਸਨ ਜੋ ਸੁਰੱਖਿਆ ਬਲਾਂ ਨੇ ਜਬਰੀ ਬੰਦੀ ਬਣਾ ਲਏ ਸਨ ਜਾਂ ਜੋ ਫਿਰ ਕਈ ਕਈ ਮਹੀਨਿਆਂ ਤੋਂ ਘਰੋਂ ਲਾਪਤਾ ਸਨ। ਬਲੋਚਾਂ ਦੇ ਹੱਕ ਵਿਚ ਨਾਅਰਾ ਮਾਰਨ ਵਾਲੇ ਹਰ ਵਿਅਕਤੀ ਨੂੰ ਖ਼ੁਫ਼ੀਆ ਏਜੰਸੀਆਂ ਵੱਲੋਂ ਚੁੱਕੇ ਜਾਣ ਦੀਆਂ ਘਟਨਾਵਾਂ ਇਸ ਸੂਬੇ ਦੀ ਹੋਣੀ ਰਹੀਆਂ ਹਨ। ਕਈ ਬਲੋਚ ਬੁੱਧੀਜੀਵੀ ਇਸ ਹੋਣੀ ਤੋਂ ਬਚਣ ਲਈ ਜਲਾਵਤਨ ਹੋ ਕੇ ਵਿਦੇਸ਼, ਖ਼ਾਸ ਕਰਕੇ ਯੂਰੋਪ ਜਾ ਵਸੇ। ਪਰ ਉੱਥੇ ਵੀ ਉਨ੍ਹਾਂ ਦਾ ਬਚਾਅ ਨਹੀਂ ਹੋਇਆ। ਪੱਤਰਕਾਰ ਤੇ ਲੇਖਕ ਸਾਜਿਦ ਹੁਸੈਨ ਉਨ੍ਹਾਂ ਵਿਚੋਂ ਇੱਕ ਸੀ। ਉਹ 2020 ਵਿਚ ਸਵੀਡਨ ਦੇ ਨਿੱਕੇ ਜਿਹੇ ਸ਼ਹਿਰ ਉਪਾਸਲਾ ਨੇੜਲੇ ਦਰਿਆ ਵਿਚੋਂ ਮਰਿਆ ਮਿਲਿਆ। ਪੁਲੀਸ ਨੇ ਉਸ ਦੀ ਮੌਤ ਨੂੰ ਖ਼ੁਦਕੁਸ਼ੀ ਦੱਸਿਆ। ਪਰ ਉਸ ਦੇ ਕਰੀਬੀਆਂ ਦਾ ਕਹਿਣਾ ਹੈ ਕਿ ਦਰਿਆ ਫਾਇਰਿਸ ਵਿਚ ਪਾਣੀ ਏਨਾ ਥੋੜ੍ਹਾ ਸੀ ਕਿ ਡੁੱਬ ਕੇ ਮਰਨਾ ਨਾਮੁਮਕਿਨ ਸੀ। ਸਾਜਿਦ ਵੱਲੋਂ ਲਿਖੇ ਨਾਵਲ ਦੇ ਖਰੜੇ ਨੂੰ ਪੂਰਾ ਕਰ ਕੇ ਹੁਣ ਉਸ ਦੇ ਦੋਸਤ ਮੁਹੰਮਦ ਹਨੀਫ਼ ਨੇ ਛਪਵਾਇਆ ਹੈ। ਨਾਮ ਹੈ 'ਦਿ ਸੈਂਸੀਬਲ ਬਲੋਚ'। ਅਸਿੱਧੇ ਤੌਰ 'ਤੇ ਇਹ ਸਾਜਿਦ ਦੀ ਹੀ ਜੀਵਨ ਕਥਾ ਹੈ। ਬਲੋਚ ਸੰਘਰਸ਼ ਨੂੰ ਜ਼ੁਬਾਨ ਬਖ਼ਸ਼ਦਾ ਹੈ ਇਹ ਨਾਵਲ।




### ਸਭ ਤੋਂ ਵੱਡਾ ਸੂਬਾ

ਜ਼ਮੀਨੀ ਰਕਬੇ ਪੱਖੋਂ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ ਬਲੋਚਿਸਤਾਨ। ਕੁਲ ਪਾਕਿਸਤਾਨੀ ਭੂਮੀ ਦਾ 44 ਫ਼ੀਸਦੀ ਰਕਬਾ ਹੈ ਇਸ ਕੋਲ। ਪਰ ਜ਼ਮੀਨ ਪਥਰੀਲੀ, ਖੁਰਦਰੀ ਤੇ ਖ਼ੁਸ਼ਕ ਹੋਣ ਕਾਰਨ ਮਨੁੱਖੀ ਵਸੋਂ ਕਾਫ਼ੀ ਘੱਟ ਹੈ। 2017 ਵਿਚ ਇਸ ਸੂਬੇ ਦੀ ਆਬਾਦੀ 1.49 ਕਰੋੜ ਸੀ। ਇਸ ਵਿਚੋਂ 69 ਲੱਖ ਬਲੋਚ ਸਨ। ਬਾਕੀ ਪਸ਼ਤੂਨ, ਹਜ਼ਾਰੇ, ਸਿੰਧੀ ਤੇ ਪੰਜਾਬੀ ਹਨ। ਵਸੋਂ ਦਾ ਇਹ ਅਸੰਤੁਲਨ ਬਲੋਚਾਂ ਦੇ ਮਨਾਂ ਵਿਚ ਅਸੁਰੱਖਿਆ ਦੀ ਭਾਵਨਾ ਵਧਾਉਂਦਾ ਆ ਰਿਹਾ ਹੈ। ਉਂਜ ਵੀ ਬਲੋਚ ਕੌਮ ਇੱਕ ਸਾਂਝੀ ਨਸਲ ਨਹੀਂ। ਇਹ ਕੁਰਦਾਂ, ਬ੍ਰਾਹਵੀਆਂ (ਜਾਂ ਬ੍ਰਾਹੁਈਆ) ਤੇ ਅਹਿਮਦਜ਼ਈ ਨਸਲਾਂ ਦਾ ਮਿਸ਼ਰਣ ਹੈ। ਕੁਰਦ, ਸੀਰੀਆ ਤੋਂ ਆਏ; ਤਿੰਨ ਹਜ਼ਾਰ ਵਰ੍ਹੇ ਪਹਿਲਾਂ। ਬ੍ਰਾਹਵੀ ਇਸ ਇਲਾਕੇ ਦੇ ਅਸਲ ਵਾਸੀ ਸਨ। ਅਹਿਮਦਜ਼ਈ, ਅਰਬ ਮੂਲ ਦੇ ਸਨ ਜੋ ਨੌਵੀਂ ਸਦੀ ਵਿਚ ਤਤਕਾਲੀ ਭਾਰਤ ਵਿਚ ਆਏ। ਕਲਾਤ ਦੇ ਖ਼ਾਨ ਅਹਿਮਦਜ਼ਈ ਸਨ (ਆਪਣੀ ਜੱਦ ਅਰਬੀ ਦੱਸਣ ਵਾਲੇ), ਪਰ ਉਨ੍ਹਾਂ ਨੂੰ ਬ੍ਰਾਹਵੀਆਂ ਦਾ ਭਰਪੂਰ ਸਾਥ ਮਿਲਦਾ ਰਿਹਾ। ਬ੍ਰਾਹਵੀ ਹੁਣ ਵੀ ਉਨ੍ਹਾਂ ਨੂੰ ਆਪਣਾ ਹੀ ਮੰਨਦੇ ਹਨ।

ਚਾਰ ਤੋਂ ਪੰਜ ਹਜ਼ਾਰ ਸਾਲ ਪੁਰਾਣੀ ਹੈ ਬਲੋਚ ਸਭਿਅਤਾ। ਬੈਬੀਲੋਨਿਆਈ ਸਭਿਅਤਾ ਦੇ ਜ਼ਮਾਨੇ ਦੀ। ਉਦੋਂ ਹੀ ਕੁਰਦਾਂ ਦੀ ਇਸ ਖ਼ਿੱਤੇ ਵੱਲ ਹਿਜਰਤ ਹੋਈ। ਬ੍ਰਾਹਵੀ ਆਪਣਾ ਮੂਲ ਭਾਰਤ ਦੇ ਦਰਾਵਿੜਾਂ ਨਾਲ ਜੋੜਦੇ ਹਨ। ਉਨ੍ਹਾਂ ਦੀ ਭਾਸ਼ਾ ਦੇ 200 ਤੋਂ ਵੱਧ ਸ਼ਬਦ, ਤਮਿਲ ਸ਼ਬਦਾਂ ਨਾਲ ਮਿਲਦੇ ਜੁਲਦੇ ਹਨ। ਉਂਜ, ਨਸਲੀ ਵਖਰੇਵਿਆਂ ਦੇ ਬਾਵਜੂਦ ਬਲੋਚ ਖ਼ੁਦ ਨੂੰ ਇੱਕ ਕੌਮ ਹੀ ਸਮਝਦੇ ਆਏ ਹਨ। ਇਸ ਵੇਲੇ ਤਿੰਨ ਮੁਲਕਾਂ ਵਿਚ ਵੰਡੇ ਹੋਏ ਹਨ ਉਹ: ਪਾਕਿਸਤਾਨ, ਇਰਾਨ ਤੇ ਅਫ਼ਗਾਨਿਸਤਾਨ। ਇਰਾਨ ਦਾ ਸੀਸਤਾਨ-ਬਲੋਚਿਸਤਾਨ ਸੂਬਾ ਉੱਥੋਂ ਦੇ ਬਲੋਚਾਂ ਦਾ ਗੜ੍ਹ ਹੈ। ਇਸੇ ਤਰ੍ਹਾਂ ਅਫ਼ਗਾਨਿਸਤਾਨ ਵਿਚ ਉਹ ਨਿਮਰੋਜ਼ ਤੇ ਹੇਲਮੰਦ ਸੂਬਿਆਂ ਵਿਚ ਵਸੇ ਹੋਏ ਹਨ। ਪਰ ਉੱਥੇ ਉਹ ਵੱਖਵਾਦੀ ਭਾਵਨਾ ਦਾ ਮੁਜ਼ਾਹਰਾ ਨਹੀਂ ਕਰਦੇ। ਦੂਜੇ ਪਾਸੇ, ਇਰਾਨੀ ਬਲੋਚੀ ਪਾਕਿਸਤਾਨੀ ਬਲੋਚਾਂ ਨਾਲ ਇਕਜੁੱਟ ਹੋਣ ਦੇ ਯਤਨ ਲਗਾਤਾਰ ਕਰਦੇ ਆਏ ਹਨ। ਲਿਹਾਜ਼ਾ, ਖਾੜਕੂਪੁਣਾ ਇਰਾਨੀ ਪਾਸੇ ਵੀ ਹੈ ਅਤੇ ਪਾਕਿਸਤਾਨੀ ਪਾਸੇ ਵੀ। ਪਾਕਿਸਤਾਨ ਵੱਲ ਵੱਧ ਕਿਉਂਕਿ ਬਲੋਚ ਵਸੀਲਿਆਂ ਦੀ ਜੋ ਲੁੱਟ ਪਾਕਿਸਤਾਨ ਵਿਚ ਹੋਈ, ਉਹ ਇਰਾਨ ਵਿਚ ਨਹੀਂ। ਉਂਜ ਵੀ ਸੀਸਤਾਨ ਦੀ ਜ਼ਮੀਨ ਜ਼ਰਖ਼ੇਜ਼ ਹੈ। ਪਾਣੀ ਦੇ ਸਰੋਤ ਵੀ ਵੱਧ ਹਨ। ਫ਼ਲ ਖ਼ੂਬ ਹੁੰਦੇ ਹਨ। ਹੁਣ ਤਾਂ ਸਬਜ਼ੀਆਂ ਦੀ ਕਾਸ਼ਤ ਨਿੱਤ ਦੀ ਆਮਦਨ ਦਾ ਚੰਗਾ ਜ਼ਰੀਆ ਬਣ ਗਈ ਹੈ। ਇਸ ਦੇ ਬਾਵਜੂਦ ਆਜ਼ਾਦੀ ਦੀ ਚਾਹਤ ਬਹੁਤ ਫਿੱਕੀ ਨਹੀਂ ਪਈ, ਭਾਵੇਂ ਇਸ ਚਾਹਤ ਦੀ ਸ਼ਿੱਦਤ ਪਾਕਿਸਤਾਨੀ ਬਲੋਚਾਂ ਵਰਗੀ ਨਹੀਂ।

ਸਾਜਿਦ ਹੁਸੈਨ ਆਪਣੇ ਨਾਵਲ ਵਿਚ ਲਿਖਦਾ ਹੈ ਕਿ ਅੱਲ੍ਹਾ ਨਾਇਨਸਾਫ਼ੀ ਨਹੀਂ ਕਰਦਾ। ਉਸ ਨੇ ਪਾਕਿਸਤਾਨੀ ਪਾਸੇ ਬਲੋਚਾਂ ਨੂੰ ਜੇਕਰ ਜ਼ਰਖ਼ੇਜ਼ ਜ਼ਮੀਨ ਨਹੀਂ ਦਿੱਤੀ ਤਾਂ ਇਸ ਕਮੀ ਦੀ ਪੂਰਤੀ ਇਸੇ ਜ਼ਮੀਨ ਨੂੰ ਕੀਮਤੀ ਖਣਿਜਾਂ ਨਾਲ ਲੈਸ ਕਰ ਕੇ ਪੂਰੀ ਕਰ ਦਿੱਤੀ ਹੈ। ਤਾਂਬੇ, ਕੋਇਲੇ, ਚਾਂਦੀ, ਸੋਨੇ, ਪਲੈਟੀਨਮ ਤੇ ਯੂਰੇਨੀਅਮ ਦੀਆਂ ਖਾਣਾਂ ਹਨ ਬਲੋਚਿਸਤਾਨ ਵਿਚ। ਕੁਦਰਤੀ ਗੈਸ ਦੇ ਭਰਪੂਰ ਭੰਡਾਰ ਵੀ ਹਨ ਪਥਰੀਲੀ ਭੋਇੰ ਦੇ ਹੇਠਾਂ। ਗੈਸ ਦੀ ਕੁਲ ਪਾਕਿਸਤਾਨੀ ਖ਼ਪਤ ਦੇ ਅੱਧੇ ਹਿੱਸੇ ਦੀ ਪੂਰਤੀ ਬਲੋਚਿਸਤਾਨ ਤੋਂ ਹੁੰਦੀ ਹੈ। ਕਾਲੇ ਲੂਣ ਦੀਆਂ ਵੀ ਦਰਜਨਾਂ ਖਾਣਾਂ ਹਨ। ਹਾਂ, ਪਾਣੀ ਦਾ ਸੋਮਾ ਸਿਰਫ਼ ਜ਼ੋਬ ਦਰਿਆ ਹੈ ਜੋ ਸਾਰਾ ਸਾਲ ਥੋੜ੍ਹਾ-ਬਹੁਤ ਵਗਦਾ ਰਹਿੰਦਾ ਹੈ। ਲਿਹਾਜ਼ਾ, ਆਬਾਦੀ ਸਿਰਫ਼ ਉਨ੍ਹਾਂ ਥਾਵਾਂ 'ਤੇ ਹੈ ਜਿੱਥੇ ਪਾਣੀ ਦਾ ਕੋਈ ਨਾ ਕੋਈ ਸਰੋਤ ਹੈ। ਅੱਠ ਡਿਵੀਜ਼ਨਾਂ ਵਿਚ ਵੰਡੇ ਇਸ ਸੂਬੇ ਦੇ ਜ਼ਿਲ੍ਹਿਆਂ ਦੀ ਗਿਣਤੀ 37 ਹੈ, ਪਰ ਕੌਮੀ ਅਸੈਂਬਲੀ ਵਿਚ ਪ੍ਰਤੀਨਿਧਤਾ ਇਨ੍ਹਾਂ ਜ਼ਿਲ੍ਹਿਆਂ ਦੇ ਹਿਸਾਬ ਨਾਲ ਨਹੀਂ। ਵਿਦਿਅਕ ਅਦਾਰਿਆਂ ਦੀ ਘਾਟ ਅਤੇ ਸਰਕਾਰੀ ਅਣਗਹਿਲੀ ਨੇ ਬਲੋਚਾਂ ਦੀ ਸਾਖਰਤਾ ਦਰ 44 ਫ਼ੀਸਦੀ ਤੋਂ ਅਗਾਂਹ ਨਹੀਂ ਜਾਣ ਦਿੱਤੀ। ਔਰਤਾਂ ਦੀ ਇਹ ਦਰ ਤਾਂ ਹੋਰ ਵੀ ਘੱਟ 21 ਫ਼ੀਸਦੀ ਹੈ। ਜਿਹੜੇ ਬਲੋਚ ਧੁਰ-ਅੰਦਰੋਂ ਪਾਕਿਸਤਾਨ-ਪੱਖੀ ਹਨ, ਉਨ੍ਹਾਂ ਨੂੰ ਵੀ ਗਿਲਾ ਇੱਕੋ ਰਿਹਾ ਹੈ ਕਿ ਖਣਿਜਾਂ ਜਾਂ ਗੈਸ 'ਤੇ ਜਿੰਨੀ ਰਾਇਲਟੀ, ਬਲੋਚਿਸਤਾਨ ਨੂੰ ਮਿਲਣੀ ਚਾਹੀਦੀ ਸੀ, ਉਹ ਪਾਕਿਸਤਾਨੀ ਹਕੂਮਤ ਨੇ ਕਦੇ ਨਹੀਂ ਦਿੱਤੀ। ਉਹ ਇਨ੍ਹਾਂ ਵਸੀਲਿਆਂ ਨੂੰ ਲੁੱਟਦੀ ਆਈ ਹੈ, ਸੂਬੇ ਦੀ ਤਰੱਕੀ ਬਾਰੇ ਨਹੀਂ ਸੋਚਦੀ। ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀ.ਪੀ.ਈ.ਸੀ.) ਖ਼ਿਲਾਫ਼ ਲੋਕ ਰੋਹ ਦੀ ਵਜ੍ਹਾ ਵੀ ਇਹੋ ਹੀ ਹੈ। ਪੱਤਰਕਾਰ ਕਾਮਰਾਨ ਯੂਸਫ਼ ਦੀ ਕਿਤਾਬ 'ਬਲੋਚਿਸਤਾਨ : ਨਾਊ ਏ ਹੌਟ ਬੈੱਡ' ਦੱਸਦੀ ਹੈ ਕਿ 72 ਫ਼ੀਸਦੀ ਬਲੋਚ ਇਹ ਮਹਿਸੂਸ ਕਰਦੇ ਹਨ ਕਿ ਇਸ ਗਲਿਆਰੇ ਨੇ ਬਲੋਚਾਂ ਦਾ ਭਲਾ ਨਹੀਂ ਕਰਨਾ ਬਲਕਿ ਉਨ੍ਹਾਂ ਦੇ ਸੂਬੇ ਅੰਦਰ ਚੀਨੀਆਂ ਤੇ ਪੰਜਾਬੀਆਂ ਦੀ ਹਿਜਰਤ ਹੋਰ ਵਧਾ ਦੇਣੀ ਹੈ। ਪਹਿਲਾਂ ਹੀ ਸੀ.ਪੀ.ਈ.ਸੀ. ਦੇ ਨਾਲ ਨਾਲ ਚੀਨੀਆਂ ਦੀਆਂ ਕਈ ਬਸਤੀਆਂ ਵਸ ਗਈਆਂ ਹਨ ਜਿਨ੍ਹਾਂ ਵਿਚ ਬਲੋਚਾਂ ਨੂੰ ਵੜਨ ਨਹੀਂ ਦਿੱਤਾ ਜਾਂਦਾ। ਬਲੋਚ ਬਾਗ਼ੀ ਗੁੱਟਾਂ, ਖ਼ਾਸ ਕਰਕੇ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀਐੱਲਏ) ਵੱਲੋਂ ਇਨ੍ਹਾਂ ਬਸਤੀਆਂ ਜਾਂ ਚੀਨੀ ਇੰਜਨੀਅਰਾਂ/ਤਕਨੀਸ਼ੀਅਨਾਂ ਨੂੰ ਹਿੰਸਾ ਦਾ ਨਿਸ਼ਾਨਾ ਬਣਾਏ ਜਾਣ ਦੀ ਮੁੱਖ ਵਜ੍ਹਾ ਇਹੋ ਹੀ ਹੈ। ਦੱਖਣੀ ਬਲੋਚਿਸਤਾਨ (ਮਕਰਾਨ) ਵਿਚ ਜ਼ਮੀਨ ਬਹੁਤ ਹੈ, ਪਰ 95 ਫ਼ੀਸਦੀ ਵਸੋਂ ਗਵਾਦਰ ਬੰਦਰਗਾਹ ਦੇ ਦੁਆਲੇ ਪੰਜ ਫ਼ੀਸਦੀ ਰਕਬੇ ਵਿਚ ਇਸ ਕਰਕੇ ਵਸੀ ਹੋਈ ਹੈ ਕਿਉਂਕਿ ਉੱਥੇ ਬੁਨਿਆਦੀ ਸਹੂਲਤਾਂ ਉਪਲਬਧ ਹਨ। ਬਾਕੀ ਥਾਵਾਂ ਦਾ ਤਾਂ ਰੱਬ ਰਾਖਾ ਹੈ।

### ਗਵਾਦਰ ਬੰਦਰਗਾਹ

ਗਵਾਦਰ ਬੰਦਰਗਾਹ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦਾ ਸਭ ਤੋਂ ਅਹਿਮ ਅੰਗ ਹੈ। ਇਹ ਚੀਨ ਨੂੰ ਸਿੱਧੇ ਤੌਰ 'ਤੇ ਹਿੰਦ ਮਹਾਂਸਾਗਰ ਨਾਲ ਜੋੜੇਗਾ। ਇਸ ਰਾਹੀਂ ਚੀਨ ਆਪਣੇ ਸਨਅਤੀ ਉਤਪਾਦ ਬਿਨਾਂ ਕਿਸੇ ਵਲ-ਵਲੇਵੇਂ ਦੇ ਸਿੱਧਾ ਹਿੰਦ ਮਹਾਂਸਾਗਰ ਵਿਚ ਪਹੁੰਚਾ ਸਕੇਗਾ। ਬ੍ਰਿਟਿਸ਼ ਭਾਰਤ ਦੇ ਜ਼ਮਾਨੇ ਵਿਚ ਗਵਾਦਰ ਵਾਲਾ ਇਲਾਕਾ "ਮਾਨ ਦੇ ਸੁਲਤਾਨ ਦੀ ਮਲਕੀਅਤ ਸੀ। ਪਾਕਿਸਤਾਨ ਨੇ 1958 ਵਿਚ "ਮਾਨ ਪਾਸੋਂ ਇਹ ਇਲਾਕਾ ਨਕਦ ਅਦਾਇਗੀ ਕਰ ਕੇ ਖ਼ਰੀਦਿਆ। ਮਕਰਾਨ ਇਲਾਕੇ ਵਿਚ ਹੀ ਪਾਕਿਸਤਾਨੀ ਜਲ ਸੈਨਾ ਦੇ ਤਿੰਨ ਵੱਡੇ ਅੱਡੇ ਹਨ। ਇਹ 1971 ਵਿਚ ਭਾਰਤੀ ਜਲ ਸੈਨਾ ਵੱਲੋਂ ਕਰਾਚੀ ਬੰਦਰਗਾਹ ਦੀ ਨਾਕਾਬੰਦੀ ਵਰਗੀ ਸਥਿਤੀ ਤੋਂ ਬਚਾਅ ਦੀ ਖ਼ਾਤਿਰ ਮਕਰਾਨੀ ਸਾਹਿਲ 'ਤੇ ਕਾਇਮ ਕੀਤੇ ਗਏ। ਇਸ ਸਾਹਿਲ ਤੋਂ ਨਾ "ਮਾਨ ਬਹੁਤਾ ਦੂਰ ਹੈ ਅਤੇ ਨਾ ਹੀ ਯਮਨ। ਲਾਲ ਸਾਗਰ ਤੇ ਸੁਏਜ਼ ਨਹਿਰ ਵੀ ਜ਼ਿਆਦਾ ਦੂਰ ਨਹੀਂ। ਚੀਨ, ਗਵਾਦਰ ਤੱਕ ਸੜਕੀ ਸਾਧਨਾਂ ਰਾਹੀਂ ਆਪਣਾ ਮਾਲ ਪਹੁੰਚਾ ਕੇ ਅੱਗੋਂ ਇਸ ਨੂੰ ਸਹਿਜੇ ਹੀ ਅਫਰੀਕੀ, ਯੂਰੋਪੀਅਨ ਤੇ ਦੱਖਣ ਅਮਰੀਕੀ ਮੁਲਕਾਂ ਤੱਕ ਭੇਜ ਸਕਦਾ ਹੈ। ਸ਼ਾਇਦ ਇਨ੍ਹਾਂ ਸਾਰੀਆਂ ਗਤੀਵਿਧੀਆਂ ਉੱਤੇ ਨਜ਼ਰ ਰੱਖਣ ਲਈ ਭਾਰਤ ਨੇ ਇਰਾਨ ਦੀ ਚਾਬਹਾਰ ਬੰਦਰਗਾਹ ਵਿਕਸਿਤ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੋਈ ਹੈ। ਚਾਬਹਾਰ (ਫ਼ਾਰਸੀ ਸ਼ਬਦਾਂ 'ਚਹਾਰ ਬਹਾਰ' ਦਾ ਛੋਟਾ ਰੂਪ) ਅਰਬ ਸਾਗਰ ਵਿਚ ਖੁੱਲ੍ਹਣ ਵਾਲੀ ਇੱਕੋ-ਇੱਕ ਇਰਾਨੀ ਬੰਦਰਗਾਹ ਹੈ। ਭਾਰਤ, ਸੀ.ਪੀ.ਈ.ਸੀ. ਵਾਂਗ ਇਸ ਬੰਦਰਗਾਹ ਨੂੰ ਮੱਧ ਏਸ਼ੀਆ ਤੇ ਯੂਰੋਪ ਤੱਕ ਸੜਕੀ ਵਪਾਰ ਸਥਾਪਿਤ ਕਰਨ ਵਾਸਤੇ ਵਰਤਣਾ ਚਾਹੁੰਦਾ ਹੈ। ਪਾਕਿਸਤਾਨ ਤੇ ਚੀਨ ਇਸ ਪ੍ਰਾਜੈਕਟ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ। ਉਨ੍ਹਾਂ ਨੇ ਇਰਾਨ ਉੱਤੇ ਇਹ ਪ੍ਰਾਜੈਕਟ ਰੱਦ ਕਰਵਾਉਣ ਲਈ ਦਬਾਅ ਵੀ ਬਣਾਇਆ, ਪਰ ਇਰਾਨ ਨੂੰ ਭਾਰਤ ਨਾਲ ਭਾਈਵਾਲੀ ਵਿਚ ਰਣਨੀਤਕ ਫ਼ਾਇਦਾ ਨਜ਼ਰ ਆਇਆ। ਉਹ ਅਜੇ ਤੱਕ ਝੁਕਿਆ ਨਹੀਂ। ਇਸੇ ਲਈ ਬਲੋਚ ਬਾਗ਼ੀਆਂ ਦੀਆਂ ਸਰਗਰਮੀਆਂ ਨੂੰ ਪਾਕਿਸਤਾਨ, ਚਾਬਹਾਰ ਵਿਚ ਭਾਰਤੀ ਮੌਜੂਦਗੀ ਨਾਲ ਜੋੜਦਾ ਆਇਆ ਹੈ। ਮਕਰਾਨ ਇਲਾਕੇ ਵਿਚ ਪੀਣ ਦੇ ਪਾਣੀ ਜਾਂ ਹੋਰ ਸ਼ਹਿਰੀ ਸਹੂਲਤਾਂ ਦੀ ਘਾਟ ਦੇ ਖ਼ਿਲਾਫ਼ ਪਿਛਲੇ ਚਾਰ ਮਹੀਨਿਆਂ ਤੋਂ ਸ਼ਾਹਰਾਹਾਂ ਉੱਪਰ ਲੱਗਦੇ ਆ ਰਹੇ ਧਰਨਿਆਂ ਪਿੱਛੇ ਵੀ ਭਾਰਤੀ ਹੱਥ ਹੋਣ ਦੇ ਦੋਸ਼ ਪਾਕਿਸਤਾਨੀ ਮੀਡੀਆ ਵਿਚ ਲੱਗਦੇ ਆ ਰਹੇ ਹਨ। ਪਾਕਿਸਤਾਨੀ ਸਿਆਸਤਦਾਨ ਵੀ ਤਿੰਨ ਦਹਿਸ਼ਤੀ ਸੰਗਠਨਾਂ ਨੂੰ ਭਾਰਤ ਦੀ ਸਿੱਧੀ ਸਰਪ੍ਰਸਤੀ ਹਾਸਿਲ ਹੋਣ ਦੇ ਦੋਸ਼ ਲਾਉਂਦੇ ਆਏ ਹਨ।

### ਬਹਾਦਰ ਬਲੋਚ

ਆਪਣੀ ਬਹਾਦਰੀ ਲਈ ਮਸ਼ਹੂਰ ਰਹੇ ਹਨ ਬਲੋਚ। 2350 ਵਰ੍ਹੇ ਪਹਿਲਾਂ ਸਿਕੰਦਰ ਮਹਾਨ ਨੇ ਜਦੋਂ ਬਲੋਚਿਸਤਾਨ ਜਿੱਤਣ ਮਗਰੋਂ ਮਕਰਾਨ ਦੇ ਰਸਤੇ ਕੁਝ ਸਮੁੰਦਰੀ ਸਫ਼ਰ ਤੈਅ ਕਰ ਕੇ ਯੂਨਾਨ ਪਰਤਣ ਦਾ ਮਨ ਬਣਾਇਆ ਤਾਂ ਬਲੋਚਾਂ ਨੇ ਉਸ ਦੇ ਨੱਕ ਵਿਚ ਦਮ ਕਰ ਦਿੱਤਾ। ਉਸ ਦੀ ਘੋੜਸਵਾਰ ਫ਼ੌਜ ਦਾ ਇੱਕ ਤਿਹਾਈ ਹਿੱਸਾ (ਤਕਰੀਬਨ ਤਿੰਨ ਹਜ਼ਾਰ ਫ਼ੌਜੀ) ਬਲੋਚਾਂ ਦੀ ਬਹਾਦਰੀ ਅਤੇ ਨਾਲ ਹੀ ਪਾਣੀ ਦੀ ਘਾਟ ਕਾਰਨ ਮਾਰੇ ਗਏ। ਸਿਕੰਦਰ ਨੂੰ ਇਲਾਕਾ ਜਿੱਤਣ ਦੀ ਥਾਂ ਜ਼ਮੀਨੀ ਰਸਤੇ (ਇਰਾਨ ਰਾਹੀਂ) ਯੂਨਾਨ ਪਰਤਣ ਦਾ ਮਨ ਬਣਾਉਣਾ ਪਿਆ। ਇਹ ਪਹਿਲੀ ਵਾਰ ਸੀ ਜਦੋਂ ਸਿਕੰਦਰ ਨੂੰ ਕਿਸੇ ਜੰਗ ਵਿਚ ਜਿੱਤ ਨਸੀਬ ਨਹੀਂ ਹੋਈ।

ਬਲੋਚਾਂ ਦੇ ਮਹਿਮੂਦ ਗ਼ਜ਼ਨਵੀ, ਤੈਮੂਰ ਤੇ ਮੰਗੋਲ ਆਗੂਆਂ ਨਾਲ ਸਬੰਧ ਦੋਸਤਾਨਾ ਨਹੀਂ ਰਹੇ। ਸ਼ਾਹ ਬਲੋਚ ਨੇ 12ਵੀਂ ਸਦੀ ਵਿਚ ਮੰਗੋਲਾਂ ਦੀ ਅਰਬ ਸਾਗਰ ਵੱਲ ਪੇਸ਼ਕਦਮੀ ਸੰਭਵ ਨਾ ਹੋਣ ਦਿੱਤੀ। ਨੌਵੀਂ ਸਦੀ ਵਿਚ ਮੁਹੰਮਦ ਬਿਨ ਕਾਸਿਮ ਦੇ ਹਿੰਦੋਸਤਾਨ ਉੱਤੇ ਹਮਲੇ ਤੋਂ ਬਾਅਦ ਬਲੋਚਾਂ ਨੇ ਇਸਲਾਮ ਧਰਮ ਧਾਰਨ ਕੀਤਾ। ਇਸ ਤੋਂ ਪਹਿਲਾਂ ਉਹ ਹਿੰਦੂ ਜਾਂ ਬੋਧੀ ਸਨ। ਇਰਾਨ ਵਾਲੇ ਪਾਸੇ ਦੇ ਬਲੋਚਾਂ ਦੀ ਬਹੁਗਿਣਤੀ ਪਾਰਸੀ ਸੀ। ਕੁਝ ਪਾਰਸੀ ਰਹੁਰੀਤਾਂ ਕਈ ਬਲੋਚ ਕਬੀਲਿਆਂ ਵਿਚ ਅਜੇ ਵੀ ਪ੍ਰਚੱਲਿਤ ਹਨ, ਖ਼ਾਸ ਕਰਕੇ ਨਵਰੋਜ਼ ਮਨਾਉਣਾ। ਇਸਲਾਮ ਧਾਰਨ ਕਰਨ ਤੋਂ ਬਾਅਦ ਵੀ ਹਿੰਦੂਆਂ ਨਾਲ ਬਲੋਚਾਂ ਦੇ ਤੁਆਲੁੱਕਾਤ ਸੁਖਾਵੇਂ ਰਹੇ। ਕੁਝ ਬਲੋਚ ਖੇਤਰਾਂ 'ਤੇ ਹਿੰਦੂ ਸੀਵਾ (ਸ਼ਿਵਾ ?) ਖ਼ਾਨਦਾਨ ਦਾ ਰਾਜ ਰਿਹਾ। ਬਲੋਚਿਸਤਾਨ ਦੀ ਸੀਬੀ ਡਿਵੀਜ਼ਨ ਇੱਕ ਹਿੰਦੂ ਰਾਣੀ ਸੀਵੀ ਦੇ ਨਾਮ 'ਤੇ ਹੀ ਹੈ। ਇਸ ਵਿਚ ਸੀਬੀ, ਜ਼ਿਆਰਤ, ਡੇਰਾ ਬੁਗ਼ਤੀ, ਕੋਹਲੂ ਤੇ ਹਰਨਾਈ ਜ਼ਿਲ੍ਹੇ ਪੈਂਦੇ ਹਨ। 1947 ਵਾਲੀ ਵੰਡ ਸਮੇਂ ਵੀ ਬਲੋਚਿਸਤਾਨ ਵਿਚ ਹਿੰਦੂਆਂ ਦੀ ਕਤਲੋਗ਼ਾਰਤ ਦੀਆਂ ਘਟਨਾਵਾਂ ਬਹੁਤ ਘੱਟ ਹੋਈਆਂ।

ਕਲਾਤ ਖ਼ਾਨਸ਼ਾਹੀ (ਖ਼ਾਨੇਟ) ਦੀ ਸਥਾਪਨਾ 1666 ਵਿਚ ਹੋਈ। ਉਸ ਤੋਂ ਪਹਿਲਾਂ ਤਕਰੀਬਨ 12ਵੀਂ ਸਦੀ ਤੋਂ ਵੱਖ ਵੱਖ ਕਬੀਲਿਆਂ ਦੀ ਇੱਕ ਮਹਾਂਸੰਘ (ਕਨਫੈਡਰੇਸ਼ਨ) ਸੀ। ਖ਼ਾਨੇਟ ਤੋਂ ਭਾਵ ਹੈ ਖ਼ਾਨ (ਕਮਾਂਡਰ ਜਾਂ ਮੁਖੀ) ਦਾ ਇਲਾਕਾ। ਸ਼ੁਰੂ ਵਿਚ ਇਸ ਖ਼ਾਨੇਟ ਨੇ ਮੁਗ਼ਲ ਬਾਦਸ਼ਾਹਾਂ ਦੀ ਅਧੀਨਗੀ ਸਵੀਕਾਰ ਕੀਤੀ, ਪਰ ਔਰੰਗਜ਼ੇਬ ਦੇ ਆਖ਼ਰੀ ਦਿਨਾਂ ਦੌਰਾਨ ਬਲੋਚ ਖ਼ੁਦਮੁਖ਼ਤਾਰ ਹੋ ਗਏ। ਅਹਿਮਦ ਸ਼ਾਹ ਅਬਦਾਲੀ ਨੇ ਇਹ ਦਬਾਏ ਜ਼ਰੂਰ, ਪਰ 1758 ਵਿਚ ਕਲਾਤ ਦੇ ਖ਼ਾਨ ਨੇ ਅਬਦਾਲੀ ਨੂੰ ਹਰਾ ਕੇ ਮੁਕੰਮਲ ਆਜ਼ਾਦੀ ਹਾਸਿਲ ਕਰ ਲਈ। ਮਹਾਰਾਜਾ ਰਣਜੀਤ ਸਿੰਘ ਨੇ 1818 ਵਿਚ ਕਲਾਤ 'ਤੇ ਧਾਵਾ ਬੋਲਿਆ ਅਤੇ ਚਾਰ ਜ਼ਿਲ੍ਹੇ ਜ਼ੋਬ, ਕਿਲਾ ਸੈਫ਼ਉੱਲ੍ਹਾ, ਮੂਸਾ ਖੇਲ ਤੇ ਬੜਖ਼ਾਨ ਖੋਹ ਲਏ। ਇਸ 'ਤੇ ਖ਼ਾਨ ਕਲਾਤ, ਈਸਟ ਇੰਡੀਆ ਕੰਪਨੀ ਦੀ ਸ਼ਰਨ ਵਿਚ ਚਲਾ ਗਿਆ।

• ਬਾਕੀ ਅਗਲੇ ਸਫ਼ੇ 'ਤੇ

# ਝੋਨੇ ਦਾ ਖਰੀਦ ਸੰਕਟ ਅਤੇ ਵਿਉਂਤਬੰਦੀ ਦੇ ਮਸਲੇ

**ਵਲੋਂ : ਡਾ. ਬਲਵਿੰਦਰ ਸਿੰਘ ਸਿੱਧੂ**

ਝੋਨਾ ਭਾਰਤ ਵਿਚ ਅਨਾਜ ਦੀ ਮੁੱਖ ਫ਼ਸਲ ਹੈ ਅਤੇ ਇਹ ਦੁਨੀਆ ਵਿਚ ਚੀਨ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਚੌਲ ਉਤਪਾਦਕ ਦੇਸ਼ ਹੈ। 2023-24 ਵਿਚ ਦੇਸ਼ ਵਿਚ ਚੌਲਾਂ ਦੀ ਕੁੱਲ ਪੈਦਾਵਾਰ 1378.3 ਲੱਖ ਟਨ ਹੋਣ ਦਾ ਅਨੁਮਾਨ ਸੀ ਜਿਸ ਵਿੱਚੋਂ ਸਾਉਣੀ ਵਿਚ 1132.6 ਲੱਖ ਟਨ, ਹਾੜ੍ਹੀ ਤੇ ਜ਼ੈਦ ਵਿਚ 245.7 ਲੱਖ ਟਨ ਹੋਣ ਦਾ ਅਨੁਮਾਨ ਸੀ। ਭਾਰਤ ਵਿਚ 2024 ਦੀ ਸਾਉਣੀ ਵਿਚ ਕੁੱਲ 1087.3 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਲਵਾਈ ਬਿਜਾਈ ਹੋਈ ਜੋ ਪਿਛਲੇ ਪੂਰੇ ਮੰਡੀਕਰਨ ਸਾਲ ਦੇ ਮੁਕਾਬਲੇ ਕਰੀਬ ਦੋ ਫ਼ੀਸਦ ਵੱਧ ਹੈ। ਇਹ ਪਿਛਲੀ ਸਾਉਣੀ ਵਿਚਲੇ ਝੋਨੇ ਦੇ ਰਕਬੇ ਨਾਲੋਂ ਕਰੀਬ ਚਾਰ% ਵਧ ਹੈ। ਰਕਬਾ ਵਧਣ ਅਤੇ ਮੀਂਹ ਚੰਗੇ ਪੈਣ ਕਰ ਕੇ ਇਸ ਸਾਲ ਚੌਲਾਂ ਦਾ ਬੰਪਰ ਉਤਪਾਦਨ ਹੋਣ ਦੀ ਆਸ ਹੈ।

ਖੇਤੀ ਮੰਡੀਕਰਨ 2023-24 ਦੌਰਾਨ ਕੇਂਦਰ ਨੇ 1.76 ਲੱਖ ਕਰੋੜ ਰੁਪਏ ਖਰਚ ਕੇ ਇਕ ਕਰੋੜ ਕਿਸਾਨਾਂ ਕੋਲੋਂ ਘੱਟੋ-ਘੱਟ ਸਮਰਥਨ ਮੁੱਲ 'ਤੇ 525.5 ਲੱਖ ਟਨ ਚੌਲ ਖਰੀਦਿਆ ਸੀ (ਸਰਕਾਰੀ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਇਕ ਕੁਇੰਟਲ 'ਚੋਂ 67 ਕਿਲੋ ਚੌਲ ਨਿੱਕਲਦੇ ਹਨ)। ਇਸ ਵਿਚ ਮੋਹਰੀ ਹਿੱਸਾ ਪੰਜਾਬ ਦਾ ਰਿਹਾ ਜਿਸ ਨੇ ਕੇਂਦਰੀ ਪੂਲ ਲਈ 124.2 ਲੱਖ ਟਨ ਚੌਲ ਦਿੱਤੇ; ਇਸ ਤੋਂ ਬਾਅਦ ਛੱਤੀਸਗੜ੍ਹ (83 ਲੱਖ ਟਨ) ਦਾ ਨੰਬਰ ਆਇਆ। ਵੱਖ-ਵੱਖ ਕਲਿਆਣਕਾਰੀ ਸਕੀਮਾਂ ਅਤੇ ਕੌਮੀ ਖੁਰਾਕ ਸੁਰੱਖਿਆ ਐਕਟ ਤਹਿਤ ਸਰਕਾਰੀ ਰਾਸ਼ਨ ਵੰਡ ਪ੍ਰਣਾਲੀ (ਪੀਡੀਐੱਸ) ਲਈ ਅੰਦਾਜ਼ਨ 41 ਲੱਖ ਟਨ ਚੌਲਾਂ ਦੀ ਲੋੜ ਪੈਂਦੀ ਹੈ।

ਸਰਕਾਰ ਨੇ ਕੱਚੇ ਚੌਲਾਂ ਦੀਆਂ ਬਰਾਮਦੀ ਖੇਪਾਂ 'ਤੇ ਪਾਬੰਦੀ ਲਾ ਦਿੱਤੀ ਅਤੇ ਇਸ ਵਿਚ 100% ਟੋਟਾ ਚੌਲ ਵੀ ਸੀ; ਅੱਧ ਉਬਲੇ ਚੌਲਾਂ 'ਤੇ ਬਰਾਮਦੀ ਮਹਿਸੂਲ ਉਪਰ 20% ਲੈਵੀ ਜਾਰੀ ਰੱਖੀ ਅਤੇ ਗ਼ੈਰ-ਬਾਸਮਤੀ ਚਿੱਟੇ ਚੌਲਾਂ ਦੀ ਘੱਟੋ-ਘੱਟ ਬਰਾਮਦੀ ਕੀਮਤ (ਐੱਮਈਪੀ) 490 ਡਾਲਰ ਫ਼ੀ ਕੁਇੰਟਲ ਮਿੱਥ ਦਿੱਤੀ। ਇਸ ਕੀਮਤ ਨੇ ਚੌਲਾਂ ਦੀ ਬਰਾਮਦ ਘਟਾ ਦਿੱਤੀ ਪਰ ਨਾਲ ਦੋਸ਼ ਲੱਗਿਆ ਕਿ ਇਸ ਕਰ ਕੇ ਸਰਕਾਰੀ ਰਾਸ਼ਨ ਵੰਡ ਪ੍ਰਣਾਲੀ ਤੋਂ ਵੱਡੇ ਪੱਧਰ 'ਤੇ ਚੌਲਾਂ ਦੀ ਦੂਜੇ ਮੰਤਵਾਂ ਲਈ ਅਦਲ ਬਦਲ ਹੋਈ ਹੈ। ਛੱਤੀਸਗੜ੍ਹ ਅਤੇ ਉੜੀਸਾ ਜਿਹੇ ਸੂਬਿਆਂ ਵਿਚ ਕੇਂਦਰ ਸਰਕਾਰ ਦੇ ਐਲਾਨੇ ਐੱਮਐੱਸਪੀ ਨਾਲੋਂ ਜ਼ਿਆਦਾ ਮੁੱਲ 'ਤੇ ਝੋਨਾ ਖਰੀਦਿਆ ਜਾ ਰਿਹਾ ਹੈ ਪਰ ਇਸ ਲਈ ਪ੍ਰਤੀ ਏਕੜ 21 ਕੁਇੰਟਲ ਦੀ ਹੱਦ ਨਿਯਤ ਕੀਤੀ ਗਈ ਹੈ। ਇਸ ਲਈ ਜਿਹੜੇ ਕਿਸਾਨ ਜ਼ਿਆਦਾ ਝਾੜ ਲੈਂਦੇ ਹਨ, ਉਨ੍ਹਾਂ ਨੂੰ ਆਪਣੀ ਵਾਧੂ ਜਿਣਸ ਐੱਮਐੱਸਪੀ ਨਾਲੋਂ ਘੱਟ ਮੁੱਲ 'ਤੇ ਵਪਾਰੀਆਂ ਨੂੰ ਵੇਚਣੀ ਪੈਂਦੀ ਹੈ। 2023 ਵਿਚ ਪਾਬੰਦੀ ਆਇਦ ਹੋਣ ਤੋਂ ਪਹਿਲਾਂ ਵਪਾਰੀ 30 ਲੱਖ ਟਨ ਚਿੱਟਾ ਚੌਲ ਬਰਾਮਦ ਕਰ ਰਹੇ ਸਨ।



ਇਸ ਕਰ ਕੇ ਵਾਧੂ ਭੰਡਾਰਾਂ ਅਤੇ ਚਲੰਤ ਸਾਉਣੀ ਮੰਡੀਕਰਨ ਸੀਜ਼ਨ ਵਿਚ ਬਫ਼ਰ ਭੰਡਾਰਾਂ ਲਈ ਖਰੀਦ ਅਤੇ ਐੱਫਸੀਆਈ ਅਤੇ ਸੂਬਾਈ ਖਰੀਦ ਏਜੰਸੀਆਂ ਲਈ ਭੰਡਾਰਨ ਦੀ ਸਮੱਸਿਆ ਪੈਦਾ ਹੋ ਗਈ। ਸਿੱਟੇ ਵਜੋਂ 2024-25 ਸਾਉਣੀ ਮੰਡੀਕਰਨ ਸੀਜ਼ਨ ਦੌਰਾਨ ਚੌਲਾਂ ਦੀ ਖਰੀਦ ਦੇ ਟੀਚੇ ਵਿਚ ਕਮੀ ਹੋ ਗਈ ਹੈ। ਇਸ ਵਾਰ 485.1 ਲੱਖ ਟਨ ਚੌਲ ਖਰੀਦਣ ਦਾ ਟੀਚਾ ਹੈ; ਪਿਛਲੇ ਸਾਲ 521.3 ਲੱਖ ਟਨ ਦਾ ਟੀਚਾ ਸੀ।

ਪੰਜਾਬ ਵਿਚ ਸਾਉਣੀ 2024-25 ਦੌਰਾਨ ਝੋਨੇ ਦੀ ਲਵਾਈ ਹੇਠ ਕੁੱਲ ਰਕਬਾ 31.54 ਲੱਖ ਹੈਕਟੇਅਰ ਸੀ ਜਿਸ 'ਚੋਂ ਪੀਆਰ 126 ਵਰਗੀਆਂ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਹੇਠ ਰਕਬਾ ਕਰੀਬ 15 ਲੱਖ ਹੈਕਟੇਅਰ ਸੀ। ਐਤਕੀਂ ਮੰਡੀਆਂ ਵਿਚ 186 ਲੱਖ ਟਨ ਝੋਨਾ (ਭਾਵ 124 ਲੱਖ ਟਨ ਚੌਲ) ਵਿਕਣ ਲਈ ਆਉਣ ਦਾ ਅਨੁਮਾਨ ਹੈ।

ਮੰਡੀਆਂ ਵਿਚ ਝੋਨੇ ਦੀ ਆਮਦ ਜ਼ਿਆਦਾ ਹੋਣ ਅਤੇ ਖਰੀਦ ਮੱਠੀ ਹੋਣ ਨਾਲ ਢੇਰ ਲੱਗਣੇ ਸ਼ੁਰੂ ਹੋ ਗਏ। ਸਥਿਤੀ ਉਦੋਂ ਹੋਰ ਵਿਗੜ ਗਈ ਜਦੋਂ ਚੌਲ ਮਿੱਲਾਂ 'ਚੋਂ ਖਪਤਕਾਰ ਰਾਜਾਂ ਵਲੋਂ ਪਿਛਲੇ ਸਾਲ ਦੀ ਖਰੀਦੇ ਚੌਲ ਨਾ ਚੁੱਕਣ ਕਰ ਕੇ ਨਵੀਂ ਜਿਣਸ ਰੱਖਣ ਲਈ ਜਗ੍ਹਾ ਦੀ ਘਾਟ ਹੋ ਗਈ ਅਤੇ ਮੰਡੀਆਂ 'ਚੋਂ ਝੋਨੇ ਦੀ ਲੋੜੀਂਦੀ ਚੁਕਾਈ ਨਾ ਕੀਤੀ ਜਾ ਸਕੀ। ਕਿਸਾਨਾਂ ਅਤੇ ਮਜ਼ਦੂਰਾਂ (ਝੋਨਾ ਸਾਂਭਣ ਲਈ ਘੱਟ ਉਜਰਤ ਦੀ ਮੰਗ) ਅਤੇ ਆੜ੍ਹਤੀਆਂ ਦੇ ਰੋਸ ਵਿਖਾਵੇ ਸ਼ੁਰੂ ਹੋਣ ਕਰ ਕੇ ਹਾਲਤ ਹੋਰ ਗੰਭੀਰ ਹੋ ਗਈ। ਚੌਲ ਮਿੱਲ ਮਾਲਕਾਂ ਦਾ ਦਾਅਵਾ ਸੀ ਕਿ ਪੀਆਰ 126 ਕਿਸਮ ਦਾ ਚੌਲ ਅਨੁਪਾਤ (ਓਟੀਆਰ) ਘੱਟ ਹੈ ਅਤੇ ਇਸ ਦਾ ਔਸਤ ਟੋਟਾ ਜ਼ਿਆਦਾ ਨਿਕਲਦਾ ਹੈ। ਇਸ ਕਰ ਕੇ ਉਨ੍ਹਾਂ ਵੀ ਹੜਤਾਲ ਕਰ ਦਿੱਤੀ।

ਇੰਝ, ਪੰਜਾਬ ਵਿਚ ਅਫ਼ਰਾ-ਤਫ਼ਰੀ ਦੀ ਸਥਿਤੀ ਬਣ ਗਈ ਜਿਸ ਲਈ ਕਿਸਾਨ ਅਤੇ ਆੜ੍ਹਤੀਏ ਰਾਜ ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ; ਰਾਜ ਤੇ ਕੇਂਦਰ ਸਰਕਾਰਾਂ ਇਸ ਦਾ ਠੀਕਰਾ ਇਕ ਦੂਜੇ 'ਤੇ ਭੰਨ ਰਹੀਆਂ ਹਨ; ਥਾਂ ਥਾਂ ਆਵਾਜਾਈ ਠੱਪ ਹੋਣ ਕਰ ਕੇ ਆਮ ਲੋਕਾਂ ਨੂੰ ਖਮਿਆਜ਼ਾ ਭੁਗਤਣਾ ਪਿਆ ਹੈ। ਜੇ ਸਰਕਾਰਾਂ ਅਤੇ ਸਬੰਧਤ ਅਫਸਰਸ਼ਾਹੀ ਨੇ ਸਮੇਂ ਸਿਰ ਲੋੜੀਂਦੇ ਕਦਮ ਚੁੱਕੇ ਹੁੰਦੇ ਤਾਂ ਇਹ ਨੌਬਤ ਨਹੀਂ ਆਉਣੀ ਸੀ। ਰਾਜ ਸਰਕਾਰ ਨੂੰ ਅਨਾਜ ਭੰਡਾਰ ਖਾਲੀ ਕਰਵਾਉਣ ਬਾਬਤ ਕਾਫ਼ੀ ਦੇਰ ਪਹਿਲਾਂ ਹੀ ਕੇਂਦਰ ਸਰਕਾਰ ਕੋਲ ਮੁੱਦਾ ਉਠਾਉਣਾ ਚਾਹੀਦਾ ਸੀ ਕਿਉਂਕਿ ਪਹਿਲਾਂ ਵੀ ਇਹ ਸਮੱਸਿਆ ਆ ਚੁੱਕੀ ਹੈ। ਓਟੀਆਰ ਤੇ ਪੀਆਰ 126 ਦੇ ਜ਼ਿਆਦਾ ਟੋਟੇ ਦਾ ਮੁੱਦਾ ਵੀ ਹੱਲ ਕੀਤੇ ਜਾਣ ਦੀ ਲੋੜ ਹੈ ਕਿਉਂਕਿ ਇਹ ਕਿਸਮ 2016 ਵਿਚ ਜਾਰੀ ਕੀਤੀ ਸੀ; ਅਜੇ ਤੱਕ ਇਸ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਈ। ਜੇ ਸੱਚੀਂ ਕੋਈ ਸਮੱਸਿਆ ਹੈ ਤਾਂ ਠੋਸ ਵਿਗਿਆਨਕ ਮੁਲਾਂਕਣ ਦੇ ਆਧਾਰ 'ਤੇ ਖਰੀਦ ਨਿਯਮਾਂ ਵਿਚ ਢਿੱਲ ਲਈ ਇਸ ਨੂੰ ਤੁਰੰਤ ਕੇਂਦਰੀ ਖੁਰਾਕ ਮੰਤਰਾਲੇ ਕੋਲ ਚੁੱਕਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ 2010 ਵਿਚ ਵੀ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ। ਮਿੱਲ ਅਪਰੇਟਰਾਂ ਨੇ ਪੀਏਯੂ 201 ਕਿਸਮ ਦੀ ਹੋਰ ਟੁੱਟ-ਭੱਜ ਅਤੇ ਦਾਣਿਆਂ ਦਾ ਰੰਗ ਉਤਰਨ ਕਾਰਨ ਸਿਰੇ ਨੁਕਸਾਨੇ ਜਾਣ ਦੀ ਸ਼ਿਕਾਇਤ ਕੀਤੀ ਸੀ। ਇਹ ਕਿਸਮ 2007 ਵਿਚ ਬਿਜਾਈ ਲਈ ਜਾਰੀ ਕੀਤੀ ਸੀ ਤੇ ਦੋ ਸਾਲਾਂ ਦੇ ਅੰਦਰ ਹੀ ਇਸ ਨੇ ਕੁੱਲ ਰਕਬੇ ਦਾ 25 ਪ੍ਰਤੀਸ਼ਤ ਆਪਣੇ ਅਧੀਨ ਕਰ ਲਿਆ ਕਿਉਂਕਿ ਔਸਤ ਜ਼ਮੀਨ ਤਹਿਤ ਪੈਦਾਵਾਰ ਵੱਧ ਸੀ, ਵਾਤਾਵਰਨ ਵੀ ਸਾਜ਼ਗਾਰ ਸੀ। ਜਦ ਮਿੱਲ ਮਾਲਕਾਂ ਨੇ ਮਿਲਿੰਗ ਬੰਦ ਕਰ ਦਿੱਤੀ ਤਾਂ ਪੰਜਾਬ ਦੇ ਤਤਕਾਲੀ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨਾਲ ਉਪਰੋਥਲੀ ਕਈ ਮੀਟਿੰਗਾਂ ਕੀਤੀਆਂ ਸਨ। ਪੰਜਾਬ ਸਰਕਾਰ ਨੇ ਕੇਂਦਰ ਨੂੰ ਇਕ ਵਾਰ ਲਈ ਨੁਕਸਾਨ 'ਤੇ 4.75% (4% ਦੀ ਥਾਂ) ਰਿਆਇਤ ਦੇਣ ਦੀ ਅਪੀਲ ਕੀਤੀ ਤੇ ਟੁੱਟੇ ਦਾਣਿਆਂ ਲਈ 28% ਮੰਗਿਆ (25% ਦੀ ਥਾਂ)। ਕਰੀਬ 15.5 ਲੱਖ ਟਨ ਚੌਲ, ਪੀਏਯੂ 201 ਤੇ ਹੋਰ ਕਿਸਮਾਂ ਦਾ ਮਿਸ਼ਰਤ ਭੰਡਾਰ ਜੋ ਬਿਨਾਂ ਮਿਲਿੰਗ ਪਿਆ ਸੀ, ਸੋਧ ਕੇ ਪੀਡੀਐੱਸ ਲਈ ਵਰਤਿਆ ਗਿਆ। ਪੂਸਾ 44 ਦੀ ਓਟੀਆਰ ਨਾਲ ਸਬੰਧਿਤ ਇਸੇ ਤਰ੍ਹਾਂ ਦਾ ਇਕ ਹੋਰ ਮੁੱਦਾ 1995 ਵਿਚ ਵੀ ਉੱਭਰਿਆ ਸੀ ਜਿਸ ਨੂੰ ਮੈਸੂਰ ਦੀ ਸੀਐੱਫਟੀਆਰਆਈ ਨੇ ਪਰਖਿਆ ਸੀ ਅਤੇ 67% ਤੋਂ ਵੱਧ ਹਿੱਸੇ ਦੇ 100 ਫੀਸਦ ਨਮੂਨਿਆਂ 'ਚ ਓਟੀਆਰ ਮਿਲਿਆ।

ਇਕ ਹੋਰ ਖ਼ਦਸ਼ਾ ਇਹ ਹੈ ਕਿ ਘੱਟ ਓਟੀਆਰ ਦੀ ਸਮੱਸਿਆ ਸ਼ਾਇਦ ਹਾਈਬ੍ਰਿਡ ਚੌਲਾਂ ਦੀਆਂ ਕਿਸਮਾਂ ਕਾਰਨ ਪੈਦਾ ਹੋਈ ਹੈ। ਵਪਾਰਕ ਤੇ ਬੀਜ ਕੰਪਨੀਆਂ ਹਾਈਬ੍ਰਿਡ ਚੌਲਾਂ ਦੇ ਬੀਜਾਂ ਨੂੰ ਉਤਸ਼ਾਹਿਤ ਕਰ ਰਹੀਆਂ ਹਨ, ਦਾਅਵਾ ਕੀਤਾ ਜਾਂਦਾ ਹੈ ਕਿ ਇਨ੍ਹਾਂ ਨੂੰ ਪੱਕਣ ਲਈ ਘੱਟ ਪਾਣੀ ਤੇ ਸਮੇਂ ਦੀ ਲੋੜ ਹੈ ਅਤੇ ਪੈਦਾਵਾਰ ਵਧੀਆ ਹੈ। ਇਨ੍ਹਾਂ ਹਾਈਬ੍ਰਿਡ ਜਿਣਸਾਂ ਦੇ ਦਾਣੇ ਲੰਮੇ ਹੁੰਦੇ ਹਨ ਤੇ ਬਾਸਮਤੀ 'ਚ ਰਲਾਉਣ ਲਈ ਵੀ ਇਹ ਸੰਭਾਵੀ ਤੌਰ 'ਤੇ ਵਪਾਰਕ ਰੂਪ ਵਿਚ ਆਦਰਸ਼ ਹੁੰਦੇ ਹਨ ਪਰ ਮਿਲਿੰਗ ਦੌਰਾਨ ਇਨ੍ਹਾਂ ਦੀ ਟੁੱਟ-ਭੱਜ ਦੀ ਫੀਸਦ ਬਹੁਤ ਜ਼ਿਆਦਾ ਹੁੰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸਮਾਂ ਲੰਘਣ ਨਾਲ ਇਹ ਹਾਈਬ੍ਰਿਡ ਹੋਰ ਜ਼ਿਆਦਾ ਟੁੱਟ-ਭੱਜ ਦੇ ਸ਼ਿਕਾਰ ਹੁੰਦੇ ਰਹਿੰਦੇ ਹਨ, ਖਾਸ ਤੌਰ 'ਤੇ ਜੇ ਮਿਲਿੰਗ 31 ਮਾਰਚ ਤੋਂ ਬਾਅਦ ਦੇਰੀ ਨਾਲ ਹੋਵੇ ਜਦ ਤਾਪਮਾਨ ਵਧਣਾ ਸ਼ੁਰੂ ਹੁੰਦਾ ਹੈ।

ਇਹ ਹਾਈਬ੍ਰਿਡ ਐੱਫਸੀਆਈ ਖਰੀਦ ਲਈ ਮਨਜ਼ੂਰਸ਼ੁਦਾ ਨਹੀਂ, ਇਸ ਲਈ ਇਨ੍ਹਾਂ ਨੂੰ ਵੱਖਰਾ ਕਰਨ ਦੀ ਲੋੜ ਪੈਂਦੀ ਹੈ। ਰਾਜ ਦੇ ਖੇਤੀਬਾੜੀ ਵਿਭਾਗ ਨੂੰ, ਬੀਜਾਂ ਲਈ ਲਾਇਸੈਂਸਿੰਗ ਅਥਾਰਿਟੀ ਹੁੰਦਿਆਂ, ਉਤਪਾਦਕ ਕੰਪਨੀਆਂ ਦੇ ਦਾਅਵਿਆਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ ਜਾਂ ਇਨ੍ਹਾਂ ਦੀ ਵਿਕਰੀ ਲਈ ਪ੍ਰਵਾਨਗੀ ਦੇਣ ਤੋਂ ਪਹਿਲਾਂ ਇਨ੍ਹਾਂ ਦਾ ਮੁਲਾਂਕਣ ਕਰਵਾਉਣਾ ਚਾਹੀਦਾ ਹੈ ਤਾਂ ਕਿ ਹੋਰਨਾਂ ਕਿਸਮਾਂ ਨਾਲ ਇਨ੍ਹਾਂ ਦੀ ਮਿਲਾਵਟ ਨੂੰ ਰੋਕਿਆ ਜਾ ਸਕੇ।

ਝੋਨੇ ਦੀ ਖਰੀਦ ਦਾ ਸੰਕਟ ਢੁੱਕਵੀਂ ਤੇ ਟਿਕਾਊ ਯੋਜਨਾਬੰਦੀ ਦੀ ਘਾਟ ਵਿੱਚੋਂ ਉਪਜਿਆ ਹੈ। ਸਾਰਾ ਸਾਜ਼ੋ-ਸਾਮਾਨ, ਪ੍ਰਬੰਧਕੀ ਸਾਧਨਾਂ ਤੇ ਤਕਨੀਕੀ ਮੁਹਾਰਤ ਹੋਣ ਦੇ ਬਾਵਜੂਦ ਅਜੇ ਤੱਕ ਸਮੱਸਿਆ ਆਖ਼ਿਰ ਕਿਉਂ ਆ ਰਹੀ ਹੈ? ਇਸ ਗੰਭੀਰ ਮੁੱਦੇ ਪ੍ਰਤੀ ਮੁਕੰਮਲ ਪਹੁੰਚ ਅਪਨਾਉਣੀ ਜ਼ਰੂਰੀ ਹੈ। ਸਾਰੇ ਹਿੱਤ ਧਾਰਕਾਂ ਦੇ ਸਲਾਹ-ਮਸ਼ਵਰੇ ਨਾਲ ਉਨ੍ਹਾਂ ਨੂੰ ਬਿਹਤਰ ਸੇਵਾਵਾਂ ਦੇਣ ਖਾਤਰ ਝੋਨੇ ਦੀ ਮੰਡੀਕਰਨ ਲੜੀ ਨੂੰ ਵੀ ਨਵਿਆਉਣਾ ਪਏਗਾ। ਸਾਨੂੰ ਅਜਿਹਾ ਢਾਂਚਾ ਬਣਾਉਣਾ ਚਾਹੀਦਾ ਹੈ ਜੋ ਹਿੱਤ ਧਾਰਕਾਂ ਨੂੰ ਜਿਣਸ, ਸਾਧਨਾਂ ਤੇ ਤਕਨੀਕੀ ਮਾਮਲਿਆਂ ਦੇ ਪੱਖ ਤੋਂ ਸਹੀ ਫੈਸਲੇ ਕਰਨ ਦੇ ਯੋਗ ਬਣਾਏ। ਸਿਆਸੀ ਊਰਜਾ ਨੂੰ ਬਿਹਤਰੀ 'ਤੇ ਕੇਂਦਰਤ ਕਰ ਕੇ ਅਸੀਂ ਤਰੱਕੀ ਦੇ ਰਾਹ ਪੈ ਸਕਦੇ ਹਾਂ।

## ਪਿਛਲੇ ਸਫ਼ੇ ਦਾ ਬਾਕੀ

ਕੰਪਨੀ ਨੇ ਇੱਕ ਪਾਸੇ ਤਾਂ ਮਹਾਰਾਜੇ ਦੀ ਚੜ੍ਹਤ, ਸਫ਼ਾਰਤੀ ਮੁਹਿੰਮ ਦੇ ਜ਼ਰੀਏ ਰੋਕੀ ਅਤੇ ਦੂਜੇ ਪਾਸੇ ਖ਼ਾਨ ਪਾਸੋਂ ਕਈ ਇਲਾਕੇ ਇਵਜ਼ਾਨੇ ਦੇ ਤੌਰ 'ਤੇ ਹਥਿਆ ਲਏ। ਉਂਜ, ਘੱਟੋਘੱਟ 16 ਜ਼ਿਲ੍ਹਿਆਂ ਵਿਚ ਕਲਾਤ ਖਾਨੇਟ ਦੀ ਖ਼ੁਦਮੁਖ਼ਤਾਰੀ ਬਰਕਰਾਰ ਰਹੀ। ਪਾਕਿਸਤਾਨ ਬਣਾਏ ਜਾਣ ਦੀ ਗੱਲ ਤੁਰਨ 'ਤੇ ਕਲਾਤ ਦੇ ਖ਼ਾਨ ਸੁਲੇਮਾਨ ਦਾਊਦ ਜਾਨ ਨੇ ਮੁਸਲਿਮ ਲੀਗ ਦੇ ਪੱਖ ਦੀ ਹਮਾਇਤ ਮੁਹੰਮਦ ਅਲੀ ਜਿਨਾਹ ਨਾਲ ਦੋਸਤੀ ਦੇ ਆਧਾਰ 'ਤੇ ਕੀਤੀ। ਜਿਨਾਹ 1936 ਤੋਂ ਉਸ ਦਾ ਕਾਨੂੰਨੀ ਸਲਾਹਕਾਰ ਵੀ ਰਿਹਾ ਸੀ। ਜਿਨਾਹ ਜਾਂ ਉਸ ਦੀ ਭੈਣ ਫਾਤਿਮਾ ਜਿਨਾਹ ਦੀਆਂ ਕਲਾਤ ਫੇਰੀਆਂ ਯਾਦਗਾਰੀ ਬਣਾਉਣ ਦੇ ਹੀਲੇ ਖ਼ਾਨ ਵੱਲੋਂ ਉਚੇਚੇ ਤੌਰ 'ਤੇ ਕੀਤੇ ਜਾਂਦੇ ਸਨ। ਜਿਨਾਹ ਨੇ ਵੀ ਉਸ ਨਾਲ ਵਾਅਦਾ ਕੀਤਾ ਕਿ ਜੇਕਰ ਉਹ ਪਾਕਿਸਤਾਨ ਦੇ ਮੌਕਿਫ਼ ਦੀ ਹਮਾਇਤ ਕਰੇ ਤਾਂ ਕਲਾਤ ਨੂੰ ਪਾਕਿਸਤਾਨੀ ਪ੍ਰੋਟੈਕਟੋਰੇਟ ਵਜੋਂ ਮਾਨਤਾ ਦੇ ਦਿੱਤੀ ਜਾਵੇਗੀ। ਉਹ ਅੰਦਰੂਨੀ ਮਾਮਲਿਆਂ ਵਿਚ ਪੂਰੀ ਤਰ੍ਹਾਂ ਆਜ਼ਾਦ ਹੋਵੇਗਾ। ਇਹ ਵਾਅਦਾ 223 ਦਿਨ ਨਿਭਾਇਆ ਵੀ ਗਿਆ, ਪਰ ਫਿਰ ਕਲਾਤ ਉੱਪਰ ਫ਼ੌਜਾਂ ਚਾੜ੍ਹ ਦਿੱਤੀਆਂ ਗਈਆਂ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ ਇਹ ਕਾਰਵਾਈ ਬ੍ਰਿਟੇਨ ਦੇ ਦਬਾਅ ਹੇਠ ਕੀਤੀ ਗਈ। ਬ੍ਰਿਟੇਨ ਦੀ ਵੱਡੀ ਫ਼ੌਜੀ ਗੈਰੀਸਨ, ਅਫ਼ਗਾਨਿਸਤਾਨ ਤੇ ਸੋਵੀਅਤ ਸੰਘ ਉੱਤੇ ਨਜ਼ਰ ਰੱਖਣ ਲਈ ਕੋਇਟਾ ਵਿਚ ਬੈਠੀ ਹੋਈ ਸੀ। ਪਾਕਿਸਤਾਨੀ ਇਤਿਹਾਸਕਾਰਾਂ ਮੁਤਾਬਿਕ ਬ੍ਰਿਟੇਨ ਨਹੀਂ ਸੀ ਚਾਹੁੰਦਾ ਕਿ "ਆਜ਼ਾਦ ਤਬੀਅਤ ਦਾ ਮਾਲਕ ਖ਼ਾਨ ਕਲਾਤ ਪਾਕਿਸਤਾਨ ਦੀ ਥਾਂ ਕਿਸੇ ਹੋਰ ਮੁਲਕ ਨਾਲ ਜਾ ਰਲੇ।" ਇਹ ਵੀ ਮੰਨਿਆ ਜਾਂਦਾ ਹੈ ਕਿ ਖ਼ਾਨ, ਹਿੰਦੋਸਤਾਨ ਨਾਲ ਰਲਣ ਦੀਆਂ ਗੱਲਾਂ ਕਰਨ ਲੱਗ ਪਿਆ ਸੀ।

### ਬਲੋਚ ਬਗ਼ਾਵਤਾਂ

1948 ਤੋਂ ਬਾਅਦ ਵਾਲੀ ਸਥਿਤੀ ਨੇ ਪਹਿਲਾਂ 1950 ਤੱਕ, ਫਿਰ 1958-60, 1962-63, 1973-77 ਅਤੇ ਫਿਰ 2004-06 ਦੌਰਾਨ ਬਲੋਚ ਬਗ਼ਾਵਤਾਂ ਨੂੰ ਜਨਮ ਦਿੱਤਾ। 2012 ਤੋਂ ਬਾਅਦ ਤਾਂ ਬਾਗ਼ੀਆਨਾ ਸਰਗਰਮੀਆਂ ਰੁਕ ਹੀ ਨਹੀਂ ਰਹੀਆਂ। ਦਰਅਸਲ, 2006 ਵਿਚ ਪਰਵੇਜ਼ ਮੁਸ਼ੱਰਫ਼ ਦੇ ਪਾਕਿਸਤਾਨੀ ਰਾਸ਼ਟਰਪਤੀ ਵਜੋਂ ਕਾਰਜਕਾਲ ਦੌਰਾਨ ਬਲੋਚ ਨੇਤਾ ਨਵਾਬ ਅਕਬਰ ਬੁਗ਼ਤੀ ਨੂੰ ਜਿਸ ਧੋਖੇ ਨਾਲ ਮਾਰਿਆ ਗਿਆ, ਉਸ ਨੇ ਬਲੋਚਾਂ ਅੰਦਰ ਬਦਲੇ ਦੀ ਜਵਾਲਾ ਪੂਰੀ ਪ੍ਰਚੰਡ ਕਰ ਦਿੱਤੀ। ਅਕਬਰ ਬੁਗ਼ਤੀ ਪਹਿਲਾਂ ਕੁਝ ਬਲੋਚ ਕਬੀਲਿਆਂ ਦਾ ਨੇਤਾ ਸੀ, ਹੁਣ ਉਹ ਸਾਰੇ ਬਲੋਚ ਕੌਮਪ੍ਰਸਤਾਂ ਦਾ ਮਹਾਂਨਾਇਕ ਹੈ। ਇੱਕ ਦਰਜਨ ਦੇ ਕਰੀਬ ਬਾਗ਼ੀ ਗੁੱਟ ਸਰਗਰਮ ਹਨ ਬਲੋਚਿਸਤਾਨ ਵਿਚ। ਚਾਰ ਦਹਾਕੇ ਪਹਿਲਾਂ ਤੱਕ ਬਲੋਚਾਂ ਦੀ ਲੜਾਈ ਮੁੱਖ ਤੌਰ 'ਤੇ ਪਸ਼ਤੂਨਾਂ ਦੇ ਖ਼ਿਲਾਫ਼ ਸੀ। ਪਸ਼ਤੂਨਾਂ ਦੀ ਬਲੋਚਿਸਤਾਨ ਵੱਲ ਹਿਜਰਤ ਤੇ ਪੱਕਾ ਵਸੇਬਾ ਬਲੋਚ ਸ਼ਨਾਖ਼ਤ ਲਈ ਖ਼ਤਰਾ ਬਣਿਆ ਹੋਇਆ ਸੀ। ਹੁਣ ਦੋਵਾਂ ਕੌਮਾਂ ਵਿਚ ਏਕਾ ਹੈ। ਦੋਵਾਂ ਦੀ ਸਾਂਝੀ ਲੜਾਈ ਪੰਜਾਬੀ ਸਰਦਾਰੀ ਵਾਲੀ ਹਕੂਮਤ-ਇ-ਪਾਕਿਸਤਾਨ ਨਾਲ ਹੈ। ਬਲੋਚ ਲਿਬਰੇਸ਼ਨ ਆਰਮੀ (ਬੀ.ਐੱਲ.ਏ.) ਸਭ ਤੋਂ ਵੱਡਾ ਤੇ ਤਾਕਤਵਰ ਬਾਗ਼ੀ (ਪਾਕਿਸਤਾਨੀ ਨਜ਼ਰਾਂ ਵਿਚ ਦਹਿਸ਼ਤਗਰਦ) ਗੁੱਟ ਹੈ। ਇਸ ਦਾ ਨੇਤਾ ਅਸਲਮ ਬਲੋਚ (ਅਸਲ ਨਾਮ ਕਰੀਮ ਖ਼ਾਨ) ਹੈ। ਪਸ਼ਤੂਨ ਬਾਗ਼ੀ ਜਮਾਤ ਤਹਿਰੀਕ-ਇ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਤੇ ਬੀ.ਐੱਲ.ਏ. ਦਰਮਿਆਨ ਇਸ ਸਮੇਂ ਪੂਰਾ ਤਾਲਮੇਲ ਹੈ। ਬਲੋਚ ਲਿਬਰੇਸ਼ਨ ਫੋਰਸ (ਬੀ.ਐੱਲ.ਐੱਫ.), ਬਲੋਚ ਨੈਸ਼ਨਲਿਸਟ ਆਰਮੀ (ਬੀ.ਐੱਨ.ਏ.) ਤੇ ਬਲੋਚ ਰਿਪਬਲਿਕਨ ਆਰਮੀ (ਬੀ.ਆਰ.ਏ.) ਵੀ ਆਪੋ-ਆਪਣੀ ਥਾਂ ਸਰਗਰਮ ਹਨ। ਪਾਕਿਸਤਾਨੀ ਫ਼ੌਜ ਨੇ ਇਨ੍ਹਾਂ ਨੂੰ ਟੱਕਰ ਦੇਣ ਲਈ ਅਨਸਾਰ ਅਲ-ਫ਼ੁਰਕਾਨ, ਜੈਸ਼-ਉਲ-ਅਦਲ, ਹਿਜ਼ਬੁਲ ਫ਼ੁਰਕਾਨ ਵਰਗੇ ਸਰਕਾਰੀ ਦਹਿਸ਼ਤੀ ਗਰੁੱਪ ਖੜ੍ਹੇ ਕੀਤੇ ਹੋਏ ਹਨ ਜੋ ਬਲੋਚ ਕੌਮਪ੍ਰਸਤ ਆਗੂਆਂ ਦੇ ਪਿੰਡਾਂ ਵਿਚ ਮਾਰ-ਕਾਟ ਕਰਦੇ ਰਹਿੰਦੇ ਹਨ। ਬੀ.ਐੱਲ.ਏ. ਵੱਡੇ ਦਹਿਸ਼ਤੀ ਕਾਰਿਆਂ (ਜਿਵੇਂ ਕਿ ਕੋਇਟਾ ਰੇਲਵੇ ਸਟੇਸ਼ਨ 'ਤੇ ਬੰਬ ਧਮਾਕੇ ਰਾਹੀਂ 14 ਫ਼ੌਜੀਆਂ ਸਮੇਤ 29 ਜਾਨਾਂ ਲੈਣ ਵਾਲੀ ਹਾਲੀਆ ਘਟਨਾ) ਤੋਂ ਇਲਾਵਾ ਸਰਕਾਰੀ ਦਹਿਸ਼ਤੀ ਗੁੱਟਾਂ ਨਾਲ ਵੀ ਕਰੜੇ ਹੱਥੀਂ ਸਿੱਝਦੀ ਆਈ ਹੈ। ਸਰਕਾਰੀ ਗੁੱਟਾਂ ਨਾਲ ਸਿੱਝਣ ਦਾ ਕੰਮ ਬੀ.ਐੱਲ.ਐੱਫ. ਵੀ ਕਰਦੀ ਆਈ ਹੈ। ਜਿਵੇਂ ਕਿ ਬਾਗ਼ੀਆਨਾ ਸਰਗਰਮੀਆਂ ਵਾਲੇ ਇਲਾਕਿਆਂ ਵਿਚ ਅਕਸਰ ਵਾਪਰਦਾ ਰਹਿੰਦਾ ਹੈ, ਪਰਿਵਾਰਾਂ ਦੇ ਪਰਿਵਾਰ ਅਹਿੰਸਾ ਜਾਂ ਹਿੰਸਾ ਦੀ ਚੋਣ ਨੂੰ ਲੈ ਕੇ ਆਪੋ ਵਿਚ ਵੰਡੇ ਜਾਂਦੇ ਹਨ। ਬਲੋਚਿਸਤਾਨ ਵਿਚ ਵੀ ਇਹੋ ਕੁਝ ਵਾਪਰਦਾ ਆ ਰਿਹਾ ਹੈ। ਇੱਕ ਪਾਸੇ ਕਬੀਲੇ ਪ੍ਰਤੀ ਵਫ਼ਾਦਾਰੀਆਂ, ਦੂਜੇ ਪਾਸੇ ਪਰਿਵਾਰਕ ਹਿੱਤਾਂ ਨਾਲ ਮੋਹ ਤੇ ਤੀਜੇ ਪਾਸੇ ਕੌਮਪ੍ਰਸਤੀ। ਤਕਰੀਬਨ ਹਰ ਬਲੋਚ ਕੁਨਬਾ ਅਜਿਹੀਆਂ ਵੰਡੀਆਂ ਤੇ ਤਰਫ਼ਦਾਰੀਆਂ ਨਾਲ ਜੂਝਦਾ ਆ ਰਿਹਾ ਹੈ। ਇਸ ਸਮੇਂ ਸੂਬੇ ਦਾ ਮੁੱਖ ਮੰਤਰੀ ਸਰਫ਼ਰਾਜ਼ ਖ਼ਾਨ ਵੀ ਬੁਗ਼ਤੀ ਹੈ ਅਤੇ ਬਲੋਚ ਵੱਖਵਾਦੀ ਲਹਿਰ ਦਾ ਮੁਖੀ ਬ੍ਰਹਮਦਾਗ਼ ਖ਼ਾਨ ਵੀ ਬੁਗ਼ਤੀ ਹੈ। ਦੋਵੇਂ ਨਵਾਬ ਅਕਬਰ ਬੁਗ਼ਤੀ ਦੇ ਪੋਤੇ ਅਤੇ ਆਪੋ ਵਿਚ ਸ਼ਰੀਕ-ਭਰਾ (ਕਜ਼ਨ) ਹਨ। ਇੱਕ ਪਾਕਿਸਤਾਨੀ ਇਕਮੁੱਠਤਾ ਦਾ ਮੁਦਈ ਹੈ ਅਤੇ ਦੂਜਾ ਬਲੋਚਿਸਤਾਨ ਦੀ ਆਜ਼ਾਦੀ ਦਾ।

### ਬਲੋਚਿਸਤਾਨ ਦਾ ਭਵਿੱਖ

ਕੀ ਭਵਿੱਖ ਹੈ ਬਲੋਚਿਸਤਾਨ ਦੀ ਆਜ਼ਾਦੀ ਲਹਿਰ ਦਾ? ਇਸ ਸਵਾਲ ਦਾ ਜਵਾਬ ਤਾਂ ਭਵਿੱਖ ਹੀ ਦੇ ਸਕਦਾ ਹੈ, ਪਰ ਵਰਤਮਾਨ ਇਸ ਲਹਿਰ ਲਈ ਕੋਈ ਸੁਖਾਵੀਂ ਉਮੀਦ ਨਹੀਂ ਜਗਾਉਂਦਾ। ਅਮਰੀਕਾ ਜਾਂ ਚੀਨ ਵਰਗੀਆਂ ਆਲਮੀ ਤਾਕਤਾਂ ਤੋਂ ਇਲਾਵਾ ਪਾਕਿਸਤਾਨ ਦੇ ਸ਼ਰੀਕ ਮੁਲਕ (ਖ਼ਾਸ ਤੌਰ 'ਤੇ ਭਾਰਤ ਤੇ ਇਰਾਨ) ਵੀ ਪਾਕਿਸਤਾਨ ਦੀ ਟੁੱਟ-ਭੱਜ ਨਹੀਂ ਚਾਹੁੰਦੇ। ਉਹ ਉੱਥੇ ਅਸਥਿਰਤਾ ਜ਼ਰੂਰ ਚਾਹੁੰਦੇ ਹਨ; ਛੋਟੇ ਛੋਟੇ ਫੱਟ ਲੱਗਦੇ ਤੇ ਖ਼ੂਨ ਵਹਿੰਦਾ ਵੇਖਣਾ ਚਾਹੁੰਦੇ ਹਨ, ਪਰ ਉਸ ਮੁਲਕ ਦਾ ਕੋਈ ਅੰਗ ਨਹੀਂ ਵੱਢਣਾ ਚਾਹੁੰਦੇ। ਇੱਕ ਅੰਗ ਵੱਢਣਾ ਕਈ ਪਾਸੇ ਵੱਢ-ਟੁੱਕ ਨੂੰ ਉਤਸ਼ਾਹਿਤ ਕਰ ਸਕਦਾ ਹੈ। ਇਸ ਅਮਲ ਦੇ ਸੇਕ ਤੋਂ ਹਰ ਸ਼ਰੀਕ ਬਚਣਾ ਚਾਹੁੰਦਾ ਹੈ। ਲਿਹਾਜ਼ਾ, ਜੋ ਚੱਲ ਰਿਹਾ ਹੈ, ਉਹ ਚਲਦਾ ਰਹੇਗਾ। ਖ਼ੁਸ਼ਹਾਲੀ ਲਈ ਲੋੜੀਂਦੇ ਬਹੁਤੇ ਤੱਤਾਂ ਦੀ ਭਰਪੂਰ ਮੌਜੂਦਗੀ ਦੇ ਬਾਵਜੂਦ ਬਲੋਚਿਸਤਾਨ ਪਛੜੇਵੇਂ ਤੇ ਗੁਰਬਤ ਦੀ ਜਿਲ੍ਹਣ ਵਿਚੋਂ ਨੇੜ ਭਵਿੱਖ ਵਿਚ ਬਾਹਰ ਨਹੀਂ ਆ ਸਕੇਗਾ।

# ਤਪਦੇ ਤੇ ਰੇਤਲੇ ਟਿੱਬਿਆਂ ਦੀ ਪੈਦਾਇਸ਼ ਬਲਵੰਤ ਗਾਰਗੀ



ਲਿਖਤ : ਸੰਦੀਪ ਸਿੰਘ (ਕੋਟੜਾ ਅਮਰੂ) ਸੰਪਰਕ : 9872327518

ਅਜੋਕੇ ਯੁਗ ਅੰਦਰ ਜੇਕਰ ਅਸੀਂ ਕਿਤੇ ਪੰਜਾਬੀ ਸਾਹਿਤ ਦਾ ਘੇਰਾ ਮਿਣਨਾ ਹੋਵੇ ਤਾਂ ਬਲਵੰਤ ਗਾਰਗੀ ਨੂੰ ਪੜ੍ਹੇ ਤੋਂ ਵਗੈਰ ਇਹ ਘੇਰਾ ਨਹੀਂ ਮਿਣਿਆ ਜਾ ਸਕਦਾ । ਬਲਵੰਤ ਗਾਰਗੀ,ਜਿਸ ਨੇ ਪੰਜਾਬੀ ਸਾਹਿਤ ਦੀਆਂ ਹੱਦਾਂ ਨੂੰ ਪਾਰ ਕਰ ਕੇ ਇਸ ਨੂੰ ਵੱਡਿਆਂ ਹੀ ਨਹੀਂ ਕੀਤਾ ਸਗੋਂ ਆਪਣੀ ਅਗਲੀ ਪੀੜ੍ਹੀ ਦੇ ਕਵੀ,ਲੇਖਕਾਂ,ਕਹਾਣੀਕਾਰਾਂ,ਨਾਟਕਕਾਰਾਂ ਤੇ ਆਲੋਚਕਾਂ ਲਈ ਇਨ੍ਹਾਂ ਹੱਦਾਂ ਨੂੰ ਖੁੱਲ੍ਹੇ ਰੱਖ ਕੇ ਆਖਿਆ,ਕਿ ਜੇਕਰ ਤੁਸੀਂ ਸੱਚਮੁੱਚ ਪੰਜਾਬੀ ਸਾਹਿਤ ਨੂੰ ਅਮੀਰ ਸਾਹਿਤ ਦੇ ਤੌਰ ਤੇ ਦੇਖਣਾ ਚਾਹੁੰਦੇ ਹੋ ਤਾਂ ਤੁਸੀਂ ਹੱਦਾਂ ਅੰਦਰ ਰਹਿ ਕੇ ਇਸਨੂੰ ਅਮੀਰ ਨਹੀਂ ਕਰ ਸਕੋਗੇ ਸਗੋਂ ਉਲਟਾ ਕਵੀ,ਲੇਖਕਾਂ,ਕਹਾਣੀਕਾਰਾਂ,ਨਾਟਕਕਾਰਾਂ ਤੇ ਆਲੋਚਕਾਂ ਦੇ ਹੱਦਾਂ ਅੰਦਰ ਰਹਿਣ ਨਾਲ ਪੰਜਾਬੀ ਸਾਹਿਤ ਇੱਕ ਦਿਨ ਬਿਲਕੁਲ ਸੁੰਗੜ ਕੇ ਰਹਿ ਜਾਵੇਗਾ,ਮਹਾਨ ਰਚਨਾਵਾਂ ਲਈ ਹੱਦਾਂ ਨੂੰ ਪਾਰ ਕਰਨਾ ਹੀ ਪੈਂਦਾ ਹੈ ।

ਗਾਰਗੀ ਨੂੰ ਜਿੱਥੇ ਆਪਣੇ ਆਪ ਨੂੰ ਬਲਵੰਤ ਸਿੰਘ ਗਾਰਗੀ ਦੇ ਨਾਮ ਨਾਲ ਸੰਬੋਧਨ ਕਰਨਾ ਚੰਗਾ ਨਹੀਂ ਲਗਦਾ ਸੀ ਉੱਥੇ ਹੀ ਉਹ ਪੰਜਾਬ ਦਾ ਪਹਿਲਾਂ ਗੈਰ ਸਿੱਖ ਨਾਟਕਕਾਰ ਸੀ ਜਿਸਨੇ ਪੰਜਾਬੀ ਸੂਬਾ ਸੰਘਰਸ਼ ਦੌਰਾਨ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਦੇ ਤੌਰ ਖੁੱਲ ਕੇ ਸਵੀਕਾਰ ਕੀਤਾ ਸੀ ।

ਅੱਜ ਪੰਜਾਬ ਦੇ ਅਨੇਕਾਂ ਕਵੀ,ਲੇਖਕ,ਕਹਾਣੀਕਾਰ,ਨਾਟਕਕਾਰ ਤੇ ਆਲੋਚਕ ਤੁਹਾਨੂੰ ਇਹ ਕਹਿੰਦੇ ਦਿਸ ਪੈਣਗੇ ਕਿ ਉਹ ਪੰਜਾਬੀ ਚ ਆਪਣੀਆਂ ਲਿਖਤਾਂ ਨੂੰ ਰਚ ਕੇ ਪੰਜਾਬੀ ਮਾਤ ਭਾਸ਼ਾ ਦੀ ਸੇਵਾ ਕਰ ਰਹੇ ਹਨ ਪਰ ਕੋਈ ਵੀ ਗਾਰਗੀ ਦੀ ਤਰ੍ਹਾਂ ਇਹ ਨਹੀਂ ਆਖ ਸਕੇਗਾ ਕਿ ਉਹ ਪੰਜਾਬੀ ਚ ਇਸ ਲਈ ਲਿਖਦਾ ਹੈ ਕਿਉਕਿ ਉਸਨੂੰ ਕੋਈ ਹੋਰ ਭਾਸ਼ਾ ਆਉਂਦੀ ਨਹੀਂ । ਉਸ ਵਾਂਗ ਨੰਗੇ ਸੱਚ ਦਾ ਪੁਜਾਰੀ ਕੋਈ ਵਿਰਲਾ ਹੀ ਹੋਵੇਗਾ,ਝੂਠ ਨੂੰ ਸੱਚ ਦੇ ਕੱਪੜੇ ਪਾ ਕੇ ਚਮਕਾਉਂਣ ਦੀ ਕੋਸ਼ਿਸ ਕਰਦੇ ਵਧੇਰੇ ਕਵੀ,ਲੇਖਕ,ਕਹਾਣੀਕਾਰ,ਨਾਟਕਕਾਰ ਤੇ ਆਲੋਚਕ ਦਿਸ ਜਾਣਗੇ।

ਗਾਰਗੀ ਬਾਰੇ ਅਨੇਕਾਂ ਗੱਲਾਂ ਪ੍ਰਚਲਿਤ ਹਨ,ਉਸ ਦੇ ਮੌਕਾ ਪ੍ਰਸਤ ਹੋਣ ਬਾਰੇ,ਅਸ਼ਲੀਲ ਲਿਖਣ ਬਾਰੇ ਤੇ ਉਸਦੇ ਸਿਆਸੀ ਸਬੰਧਾਂ ਬਾਰੇ । ਅਕਸਰ ਹੀ ਨਵਾਂ ਨਵਾਂ ਬਣਿਆ ਪਾਠਕ ਉਸਦੀਆਂ ਕਿਤਾਬਾਂ ਪੜ੍ਹ ਕੇ ਉਸਨੂੰ ਸ਼ਾਇਦ ਇਨ੍ਹਾਂ ਸਭ ਗੱਲਾਂ ਦਾ ਸਰਟੀਫਿਕੇਟ ਦੇ ਦੇਵੇ ਪਰ ਗਾਰਗੀ ਸ਼ਾਇਦ ਇਸ ਤਰ੍ਹਾਂ ਦਾ ਬਿਲਕੁਲ ਨਹੀਂ,ਉਸਦੀਆਂ ਲਿਖਤਾਂ ਅੰਦਰ ਪੰਜਾਬ ਦੇ ਲੋਕਾਂ ਦੇ ਪਿੰਡੇ ਚੋਂ ਚਿਉਂਦਾ ਪਸੀਨਾ ਤੇ ਉਹਨਾਂ ਦੀਆਂ ਅੱਖਾਂ ਚੋਂ ਵਗਦਾ ਲਹੂ ਹੈ, ਉਸਦੀਆਂ ਲਿਖਤਾਂ ਅੰਦਰ ਕਾਮੇ ਤੇ ਜਗੀਰਦਾਰਾਂ ਦੇ ਆਪਣੇ ਆਪਣੇ ਸਵਾਰਥ ਹਨ,ਉਸਦੇ ਆਪਣੇ ਪਿੰਡੇ ਤੇ ਪਹਿਨੇ ਕੱਪੜੇ ਤੇ ਪੈਰਾਂ ਦੀ ਜੁੱਤੀ ਵਿਦੇਸ਼ੀ ਹੈ ਪਰ ਉਸਦੀ ਜੁਬਾਨ ਤੇ ਪੰਜਾਬੀ ਹੈ । ਉਹ ਪੰਜਾਬ ਦਾ ਉਹ ਬਸ਼ਿੰਦਾ ਹੈ ਜਿਸਨੇ ਸਾਰੀ ਉਮਰ ਪੰਜਾਬੀ ਚ ਲਿਖਿਆ ਪਰ ਜੇ ਉਸਨੂੰ ਕਿਤੇ ਮੌਕਾ ਮਿਲਦਾ ਤਾਂ ਉਸਨੇ ਪੰਜਾਬ ਦੀ ਮਾਤ ਭਾਸ਼ਾ ਅੰਗਰੇਜੀ ਕਰ ਦੇਣੀ ਸੀ ਤਾਂ ਜੋ ਖੇਤਾਂ ਚ ਫਿਰਦੇ ਜੱਟ ਤੇ ਮਜਦੂਰ ਵੀ ਉਨ੍ਹਾਂ ਲੀਡਰਾਂ ਦੀ ਬਰਾਬਰੀ ਕਰ ਸਕਦੇ ਜਿਹੜੇ ਉਸ ਸਮੇਂ ਪੰਜਾਬੀ ਮਾਤ ਭਾਸ਼ਾ ਦੇ ਹੱਕ ਚ ਨਾਹਰੇ ਤਾਂ ਮਾਰ ਰਹੇ ਸਨ,ਪਰ ਅੰਗਰੇਜੀ ਵਿੱਚ । ਜਿਹੜੇ ਖੁਦ ਤਾਂ ਪੰਜਾਬੀ ਮਾਤ ਭਾਸ਼ਾ ਦੇ ਝੰਡੇ ਲੈ ਕੇ ਪੰਜਾਬ ਦੀ ਗਲੀ ਗਲੀ ਫਿਰ ਰਹੇ ਸਨ ਪਰ ਆਪਣੇ ਜਵਾਕਾਂ ਨੂੰ ਨਿਊਯਾਰਕ,ਲੰਡਨ ਦੇ ਕਾਲਜ,ਯੂਨੀਵਰਸਿਟੀਆਂ ਚ ਪੜ੍ਹਾ ਰਹੇ ਸਨ। ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣ ਚੁੱਕਾ ਸੀ ਕਿ ਇਹ ਲੀਡਰ ਇਸ ਲਈ ਮਾਤ ਭਾਸ਼ਾ ਦੇ ਹੱਕ ਚ ਨਾਹਰੇ ਮਾਰ ਰਹੇ ਹਨ ਤਾਂ ਜੋ ਉਨ੍ਹਾਂ ਦੇ ਆਪਣੇ ਬੱਚੇ ਹੀ ਅੰਗਰੇਜੀ ਪੜ੍ਹ ਸਕਣ ਤੇ ਪੰਜਾਬੀ ਬੋਲਦੇ ਇਨ੍ਹਾਂ ਲੋਕਾਂ ਤੇ ਰਾਜ ਕਰ ਸਕਣ।

ਅਕਸਰ ਲੋਕ ਤਰੱਕੀ ਦੇ ਸਿਖਰ ਤੇ ਪਹੁੰਚ ਕੇ ਸੋਚਦੇ ਨੇ ਕਿ ਲੋਕ ਹੁਣ ਉਨ੍ਹਾਂ ਬਾਰੇ ਸਿਰਫ਼ ਚੰਗਾ ਹੀ ਜਾਨਣ ਪਰ ਪੰਜਾਬੀ ਸਾਹਿਤ ਦੇ ਸਿਖਰ ਤੇ ਪੁੱਜ ਕੇ ਜੇ ਕੋਈ ਸਾਹਿਤ ਨੂੰ ਆਪਣੀ ਰਖੇਲ ਆਖ ਸਕਦਾ ਸੀ ਤਾਂ ਉਹ ਗਾਰਗੀ ਹੀ ਸੀ । ਉਸਨੇ ਆਪਣੇ ਪੰਜਾਬੀ ਸਾਹਿਤ ਨਾਲ ਜੁੜਨ ਦੀ ਤੁਲਨਾ ਕੁਝ ਇਸ ਤਰ੍ਹਾਂ ਕੀਤੀ ਜਿਵੇਂ ਕੋਈ ਆਪਣੇ ਮਹਿਬੂਬ ਨੂੰ ਛੱਡ ਕੇ ਕਿਸੇ ਹੋਰ ਦੂਜੇ ਨਾਲ ਵਿਆਹ ਕਰ ਲਵੇ ਪਰ ਦੂਸਰੇ ਪਾਸੇ ਉਸਦਾ ਪੰਜਾਬੀ ਨਾਲ ਪਿਆਰ ਉਸ ਵਕਤ ਝਲਕਦਾ ਹੈ ਜਦ ਖੁਸ਼ਵੰਤ ਸਿੰਘ ਉਸਦੇ ਪੰਜਾਬੀ ਚ ਲਿਖਣ ਕਰਕੇ ਉਸਨੂੰ ਤਾਅਨਾ ਮਾਰਦਾ ਹੈ ਕਿ ਉਹ ਪੰਜਾਬੀ ਚ ਲਿਖਣ ਨਾਲ ਲੁਧਿਆਣੇ ਤੇ ਰੋਪੜ ਤੱਕ ਹੀ ਸੀਮਿਤ ਰਹਿ ਜਾਵੇਗਾ ,ਗਾਰਗੀ ਨੂੰ ਉਸਦੇ ਇਨ੍ਹਾਂ ਸ਼ਬਦਾਂ ਤੇ ਖਿਝ ਚੜ੍ਹ ਜਾਂਦੀ ਹੈ । ਗਾਰਗੀ ਖੁਸ਼ਵੰਤ ਸਿੰਘ ਦੀ ਇਸ ਗੱਲ ਨੂੰ ਆਖਿਰ ਝੂਠਿਆਂ ਪਾ ਹੀ ਦਿੰਦਾ ਹੈ ਤੇ ਤਪਦੇ ਤੇ ਰੇਤਲੇ ਟਿੱਬਿਆਂ ਦੀ ਪੈਦਾਇਸ਼ ਬਲਵੰਤ ਗਾਰਗੀ ਬਰਫ਼ ਪੈਂਦੇ ਦੇਸ਼ਾਂ ਅੰਦਰ ਮਕਬੂਲ ਹੋ ਕੇ ਮਰਦਾ ਹੈ ।

# "ਬਿਰਹੋਂ ਦੀ ਲੂਣਾ"

ਲਿਖਤ : ਕੁਲਦੀਪ ਸਿੰਘ ਰਾਮਨਗਰ, 9417990040

ਬਿਰਹੋਂ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਦਾ ਲਿਖਿਆ ਕਵਿ ਨਾਟਕ "ਲੂਣਾ" ਔਰਤ ਦੀ ਅਜਾਦੀ, ਹੱਕ , ਬਰਾਬਰਤਾ, ਅਤੇ ਔਰਤ ਨੂੰ ਸਤਿਕਾਰ ਦੇਣ ਦੀ ਵਕਾਲਤ ਕਰਦਾ ਹੈ। ਸਮਾਜ ਵਿੱਚ ਕਿਸੇ ਵੇਲੇ ਉਚੇ ਅਤੇ ਸ਼ਾਤਿਰ ਲੋਕਾਂ ਵਲੋਂ ਆਪਣੇ ਹਿਸਾਬ ਨਾਲ ਕੀਤੀ ਦਰਜਾਬੰਦੀ ਵਿੱਚ ਜ਼ਾਤ ਪਾਤ, ਨਫ਼ਰਤ, ਭੇਦ ਭਾਵ, ਸਰਮਾਏਦਾਰੀ, ਅਤੇ ਰੂੜ੍ਹੀਵਾਦੀ ਰਵਾਇਤਾਂ ਖ਼ਿਲਾਫ਼ ਬਗ਼ਾਵਤ ਦਾ ਐਲਾਨ-ਨਾਮਾ ਸੀ ਜੋਂ ਬਿਰਹੋ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਨੇ ਆਪਣੇ ਕਾਵਿ ਨਾਟਕ 'ਲੂਣਾ' ਵਿਚ ਲਿਖਿਆ ਸੀ ਜਿਸਨੂੰ ਲਿਖਣ ਤੋਂ ਬਾਅਦ ਉਹ ਸਭ ਤੋਂ ਘੱਟ ਉਮਰ ਵਿਚ ਸਾਹਿਤ ਅਕਾਦਮੀ ਪੁਰਸਕਾਰ ਹਾਸਿਲ ਕਰਨ ਵਾਲੇ ਪਹਿਲੇ ਕਵੀ ਬਣ ਗਏ ਸਨ।

ਸ਼ਿਵ ਕੁਮਾਰ ਦਾ ਜਨਮ 23 ਜੁਲਾਈ 1936 ਈ. ਨੂੰ ਸਿਆਲਕੋਟ ਜ਼ਿਲ੍ਹੇ ਦੀ ਸ਼ਕਰਗੜ੍ਹ ਤਹਿਸੀਲ ਵਿਚ ਪੈਂਦੇ ਪਿੰਡ ਬੜਾ ਲੋਹਤੀਆਂ (ਮੌਜੂਦਾ ਪਾਕਿਸਤਾਨ) ਵਿਚ ਪੰਡਿਤ ਕ੍ਰਿਸ਼ਨ ਗੋਪਾਲ ਅਤੇ ਸ਼ਾਂਤੀ ਦੇਵੀ ਦੇ ਘਰ ਹੋਇਆ ਸੀ। ਉਨ੍ਹਾਂ ਦੇ ਪਿਤਾ ਤਹਿਸੀਲਦਾਰ ਸਨ। 1947 ਵਿਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਉਨ੍ਹਾਂ ਦਾ ਪਰਿਵਾਰ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਵਿਖੇ ਆ ਵਸਿਆ। ਜਿੱਥੇ ਉਨ੍ਹਾਂ ਦੇ ਪਿਤਾ ਨੇ ਪਟਵਾਰੀ ਵਜੋਂ ਕੰਮ ਕੀਤਾ। 1953 ਵਿਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਮੈਟ੍ਰੀਕੁਲੇਸ਼ਨ ਦੀ ਵਿਦਿਆ ਹਾਸਿਲ ਕੀਤੀ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਵਿਚ ਐੱਫ.ਐੱਸ.ਸੀ ਲਈ ਦਾਖਲਾ ਲਿਆ ਅਤੇ ਪੜ੍ਹਾਈ ਪੂਰੀ ਕਰਨ ਤੋਂ ਪਹਿਲਾਂ ਹੀ ਉਨ੍ਹਾਂ ਨੇ ਐੱਸ ਐੱਨ ਕਾਲਜ ਕਾਦੀਆਂ ਵਿਚ ਦਾਖ਼ਲਾ ਲੈ ਲਿਆ। ਉਸ ਤੋਂ ਬਾਅਦ ਫਿਰ ਉਹ ਪੜ੍ਹਾਈ ਵਿਚਕਾਰ ਛੱਡ ਕੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ ਕਰਨ ਲਈ ਹਿਮਾਚਲ ਪ੍ਰਦੇਸ਼ ਚਲੇ ਗਏ। ਉਸ ਤੋਂ ਬਾਅਦ ਉਨ੍ਹਾਂ ਨੇ ਨਾਭਾ ਵਿਖੇ ਸਰਕਾਰੀ ਰਿਪੁਦਮਨ ਕਾਲਜ ਵਿਚ ਦਾਖਲਾ ਲਿਆ। 1960 ਵਿਚ ਉਨ੍ਹਾਂ ਦੀ ਪਹਿਲੀ ਕਵਿਤਾ 'ਪੀੜਾਂ ਦਾ ਪਰਾਗਾ' ਪ੍ਰਕਾਸ਼ਤ ਹੋਈ।

ਪੰਜਾਬੀ ਕਾਵਿ ਜਗਤ ਵਿਚ ਸ਼ਿਵ ਨੂੰ 'ਬਿਰਹਾ ਦਾ ਸੁਲਤਾਨ' ਵਜੋਂ ਵੀ ਜਾਣਿਆ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਆਧੁਨਿਕ ਕਾਵਿ ਵਿਚ ਪਛਾਣ ਤੇ ਡੂੰਘੀ ਯਾਦ ਛੱਡ ਗਿਆ ਹੈ। ਥੋੜ੍ਹੇ ਅਰਸੇ ਵਿਚ ਹੀ ਉਸ ਨੇ ਆਪਣਾ ਰਚਨਾ ਪੰਧ ਮੁਕਾ ਲਿਆ। ਉਸ ਦੀ ਸਮੁੱਚੀ ਰਚਨਾ ਰੂਪ ਚੇਤਨਾ ਦੇ ਅਨੁਭਵ ਸੁਹਜਾਤਮਕ ਪਸਾਰਾਂ ਨਾਲ ਸਬੰਧ ਰੱਖਦੀ ਹੈ।

ਸ਼ਿਵ ਨੇ ਜਦੋਂ ਆਪਣੇ ਗੀਤਾਂ ਰਾਹੀਂ ਪੰਜਾਬੀ ਲੋਕ ਜੀਵਨ ਵਿਚ ਸਦੀਆਂ ਤੋਂ ਅਚੇਤ ਰੂਪ

ਵਿਚ ਮੌਜੂਦ ਉਦਾਸੀ ਨੂੰ ਉਭਾਰਿਆ ਤਾਂ ਸਾਉਣ ਦੇ ਬੱਦਲਾਂ ਵਾਂਗ ਉਹ ਗੀਤ ਲੋਕ ਮਨ 'ਚ ਰਚ ਗਏ।

ਸ਼ਿਵ ਦੀ ਕਥਾ ਕਾਵਿ, ਗੀਤ ਅਤੇ ਗ਼ਜ਼ਲ ਆਦਿ ਆਮ ਲੋਕਾਂ ਦੇ ਹਿਰਦੇ ਨਾਲ ਨੇੜਤਾ ਬਣਾਉਂਦੀ ਹੈ। ਉਸ ਦੀ ਕਾਵਿ ਰਚਨਾ ਮਨੁੱਖ ਦੀ ਮਨੋਗ੍ਰੰਥੀਆਂ ਨੂੰ ਅਜਿਹੀ ਕੁਸ਼ਲਤਾ ਨਾਲ ਪੇਸ਼ ਕਰਦੀ ਹੈ ਕਿ ਪੜ੍ਹਨ ਵਾਲਾ ਉਸ ਨੂੰ ਆਪਣੇ ਨਾਲ ਸਬੰਧਿਤ ਸਮਝਦਾ ਹੈ। ਸ਼ਿਵ ਨੇ ਆਪਣੇ ਗੀਤ ਅਤੇ ਕਾਵਿ ਵਿਚ ਫ਼ਰੀਦ-ਕਾਵਿ ਵਾਂਗ 'ਬਿਰਹਾ' ਨੂੰ 'ਸੁਲਤਾਨ' ਕਿਹਾ ਹੈ। ਬਿਰਹਾ ਸ਼ਬਦ ਉਸ ਨੇ ਸੂਫ਼ੀ ਕਾਵਿ ਤੋਂ ਲਿਆ ਹੈ :

''ਬਿਰਹਾ ਬਿਰਹਾ ਆਖੀਏ, ਬਿਰਹਾ ਤੂੰ ਸੁਲਤਾਨ
ਜਿਸ ਤਨ ਬਿਰਹਾ ਨਾ ਉਪਜੇ, ਸੋ ਤਨ ਜਾਣੁ ਮਸਾਨ
ਅਸੀਂ ਸਭ ਬਿਰਹਾ ਘਰ ਜੰਮਦੇ, ਅਸੀਂ ਬਿਰਹਾ ਦੀ ਸੰਤਾਨ



ਬਿਰਹਾ ਖਾਈਏ ਬਿਰਹਾ ਪਾਈਏ, ਬਿਰਹਾ ਆਏ ਹੰਢਾਣ।''

। ਸ਼ਿਵ ਦੀ ਜ਼ਿੰਦਗੀ ਵਿੱਚ ਦੋ ਦੋਸਤ ਕੁੜੀਆਂ ਵੀ ਆਈਆਂ ਜਿਨ੍ਹਾਂ ਚੋਂ ਇੱਕ ਦੀ ਭਰ ਜਵਾਨੀ ਮੌਤ ਹੋ ਗਈ ਸੀ ਅਤੇ ਦੂਜੀ ਕੁੜੀ ਕਿਸੇ ਹੋਰ ਦੇਸ਼ ਚਲੀ ਗਈ ਸੀ ਜਿਨ੍ਹਾਂ ਨੂੰ ਉਹ ਰੱਬੀ ਇਸ਼ਕ, ਅਤੇ ਪਵਿੱਤਰ ਪਿਆਰ ਮੰਨਦਾ ਸੀ ਉਨ੍ਹਾਂ ਦੇ ਪਿਆਰ ਵਿੱਚ ਲਿਖਦਾ-ਲਿਖਦਾ ਸ਼ਿਵ ਇੱਕ ਖ਼ੁਦ ਕਵਿਤਾ ਬਣ ਗਿਆ ਸੀ।

ਮਾਏ ! ਨੀ ਮਾਏ !
ਮੈਂ ਇਕ ਸ਼ਿਕਰਾ ਯਾਰ ਬਣਾਇਆ,
ਇਕ ਉਡਾਰੀ ਐਸੀ ਮਾਰੀ
ਉਹ ਮੁੜ ਵਤਨੀਂ ਨਹੀਂ ਆਇਆ।
ਇਕ ਕੁੜੀ ਜਿਦ੍ਹਾ ਨਾਂ ਮੁਹੱਬਤ
ਗੁੰਮ ਹੈ- ਗੁੰਮ ਹੈ- ਗੁੰਮ ਹੈ!
ਸਾਦ-ਮੁਰਾਦੀ ਸੁਹਣੀ ਫੱਬਤ ਗੁੰਮ ਹੈ- ਗੁੰਮ ਹੈ- ਗੁੰਮ ਹੈ।

ਬਿਰਹੋਂ ਦੇ ਗੀਤਾਂ ਤੋਂ ਇਲਾਵਾ ਸ਼ਿਵ ਨੇ 'ਲੂਣਾ' ਕਾਵਿ ਨਾਟਕ ਵਿੱਚ ਜਾਤ ,ਜਮਾਤ ,ਧਰਮਾ ਵਿੱਚ ਵੰਡੇ ਸਮਾਜ, ਔਰਤ ਦੇ ਸਥਾਨ, ਅਤੇ ਨੀਵੀਂ ਜਾਤ ਦੀ ਸਥਿਤੀ ਨੂੰ ਬਾਖ਼ੂਬੀ ਪੇਸ਼ ਕੀਤਾ ਹੈ।

ਔਰਤ ਮਨ ਦੀ ਵੇਦਨਾ, ਅਥਾਹ ਪੀੜਾ ਅਤੇ ਰੁਦਨ ਨੂੰ ਪੇਸ਼ਕਾਰੀ ਦੀ ਜੁਗਤ ਬਣਾ ਕੇ ਸ਼ਿਵ ਨੇ ਪ੍ਰਚਲਿਤ ਕਥਾ ਭਗਤ ਪੂਰਨ ਦੀ ਲੂਣਾ ਨੂੰ ਨਵਾਂ ਮੋੜ ਦਿੱਤਾ।

ਲੋਕ ਮਨਾਂ ਅੰਦਰ ਵਸਦੀ ਕਹਾਣੀ ਨੂੰ ਲੋਕ ਮੁਹਾਵਰੇ ਵਿੱਚ ਪੇਸ਼ ਕਰਕੇ ਉਸ ਨੇ ਲੋਕ ਮਾਨਸਿਕਤਾ ਨੂੰ ਵੀ ਬਦਲਣ ਦਾ ਉੱਦਮ ਕੀਤਾ। ਇੰਝ ਖ਼ਤਰਾ ਸਹੇੜਨ ਦਾ ਹੀਆ ਵਿਰਲਾ ਕਵੀ ਹੀ ਕਰਦਾ ਹੈ। ਉਹ ਵੀ ਉਦੋਂ ਜਦੋਂ ਉਹ ਲੋਕਾਂ ਅੰਦਰ ਖ਼ਾਸ ਕਿਸਮ ਦੀ ਕਵਿਤਾ ਕਾਰਨ ਮਕਬੂਲ ਹੋਵੇ। ਆਪਣੀ ਸ਼ੋਹਰਤ ਅਤੇ ਪ੍ਰਸਿੱਧੀ ਨੂੰ ਦਾਅ ਉੱਤੇ ਲਗਾ ਕੇ ਨਵੀਆਂ ਲੀਹਾਂ ਤੇ ਚਲਣਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। ਲੂਣਾ ਨਾਟਕ ਵਿੱਚ ਸ਼ਿਵ ਨੇ ਸਮਾਜ ਵਿੱਚ ਇੱਕ ਇਸਤਰੀ ਅਤੇ ਛੋਟੀ ਜ਼ਾਤੀ ਨਾਲ ਕੀਤੀ ਜਾਂਦੀ ਭੇਦ ਭਾਵ ਅਤੇ ਨਾ-ਬਰਾਬਰਤਾ ਦੀ ਸਥਿਤੀ ਬਾਖ਼ੂਬੀ ਪੇਸ਼ ਕੀਤਾ ਹੈ।

ਜੇ ਲੂਣਾ
ਸ਼ੂਦਰ ਦੀ ਧੀ ਹੈ
ਨਿਰਦੋਸ਼ੀ ਦਾ ਦੋਸ਼ ਵੀ ਕੀਹ ਹੈ?
ਅਤੇ
ਨਹੀਂ ਨਹੀਂ
ਕੁਝ ਦੋਸ਼ ਨਾ ਉਸ ਦਾ ...
ਦੋਸ਼ ਤਾਂ ਸਾਡੇ ਧਰਮਾਂ ਦਾ ਹੈ
ਧਰਮ,
ਜੋ ਸਾਨੂੰ ਇਹ ਕਹਿੰਦੇ ਨੇ
ਧਾਰਮਿਕ ਸਥਾਨਾਂ ਤੇ ਸੰਖ ਵਜਾਵੋ
ਵੱਟਿਆਂ ਦੇ ਵਿੱਚ ਸ਼ਰਧਾ ਰੱਖੋ
ਪੱਥਰਾਂ ਅੱਗੇ ਧੂਫ਼ ਧੁਖਾਵੋ
ਪਰ ਜੇ ਮਾਨਵ ਮਰਦਾ ਹੋਵੇ
ਮਰਦੇ ਮੂੰਹ ਵਿੱਚ ਬੂੰਦ ਨਾ ਪਾਵੋ ...
ਤਵਾਰੀਖ਼ ਦੀ ਛਾਤੀ ਉੱਤੇ
ਰੰਗਾਂ
ਨਾਗ ਲੜਾਵੋ (ਸਲਵਾਨ, ਲੂਣਾ)

ਪਰ ਜਦੋਂ ਸ਼ਿਵ ਇੰਗਲੈਂਡ ਤੋਂ ਸਤੰਬਰ 1972 'ਚ ਵਾਪਸ ਆਇਆ ਤਾਂ ਉਸ ਦੀ ਸਿਹਤ ਵਿਗੜਦੀ ਚਲੀ ਗਈ। ਇੰਗਲੈਂਡ ਵਾਪਸੀ ਤੋਂ ਕੁੱਝ ਮਹੀਨਿਆਂ ਬਾਅਦ ਹੀ ਉਸ ਦੀ ਸਿਹਤ ਬਹੁਤ ਜ਼ਿਆਦਾ ਵਿਗੜ ਗਈ ਅਤੇ ਉਸ ਕੋਲ ਪੈਸੇ ਦੀ ਵੀ ਕਮੀ ਸੀ। ਪਰ ਉਸ ਦੇ ਜ਼ਿਆਦਾਤਰ ਮਿੱਤਰਾਂ ਨੇ ਉਸ ਦੇ ਇਸ ਔਖੇ ਸਮੇਂ ਵਿੱਚ ਉਸ ਦਾ ਸਾਥ ਛੱਡ ਦਿਤਾ ਸੀ। ਉਸ ਦੀ ਪਤਨੀ ਅਰੁਣਾ ਨੇ ਉਸ ਨੂੰ ਕਿਸੇ ਤਰ੍ਹਾਂ ਚੰਡੀਗੜ੍ਹ ਦੇ ਸੈਕਟਰ 16 ਸਥਿਤ ਹਸਪਤਾਲ 'ਚ ਦਾਖ਼ਲ ਕਰਵਾਇਆ ਜਿਥੇ ਉਸ ਦਾ ਇਲਾਜ ਹੋਇਆ।ਕੁੱਝ ਮਹੀਨਿਆਂ ਬਾਅਦ ਉਸ ਨੂੰ ਮੁੜ ਅੰਮ੍ਰਿਤਸਰ ਦੇ ਇੱਕ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਪਰ ਉਹ ਨਹੀਂ ਚਾਹੁੰਦਾ ਸੀ ਕਿ ਉਹ ਹਸਪਤਾਲ 'ਚ ਮਰੇ ਇਸ ਲਈ ਉਸ ਨੇ ਡਾਕਟਰਾਂ ਦੀ ਸਲਾਹ ਦੇ ਉਲਟ ਹਸਪਤਾਲ ਛੱਡ ਦਿਤਾ ਅਤੇ ਬਟਾਲਾ ਅਪਣੇ ਘਰ ਚਲਾ ਗਿਆ। ਬਾਅਦ 'ਚ ਉਸ ਨੂੰ ਅਪਣੇ ਸੋਹਰੇ ਘਰ ਪਠਾਨਕੋਟ ,ਵਿਖੇ ਭੇਜ ਦਿਤਾ ਗਿਆ ਜਿਥੇ ਉਸ ਦੀ 6 ਮਈ 1973 ਨੂੰ ਮੌਤ ਹੋ ਗਈ। ਸ਼ਾਇਦ ਉਨ੍ਹਾਂ ਨੂੰ ਆਪਣੀ ਮੌਤ ਦਾ ਪਹਿਲਾ ਹੀ ਪਤਾ ਲੱਗ ਗਿਆ ਸੀ ਜੋਂ ਕਿ ਉਨ੍ਹਾਂ ਵੱਲੋਂ ਮੌਤ ਤੋਂ ਪਹਿਲਾਂ ਲਿਖੀ ਇੱਕ ਕਵਿਤਾ ਤੋਂ ਪਤਾ ਲੱਗਦਾ ਹੈ।

ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਿਕ ਮਰਦੇ
ਜਾਂ ਕੋਈ ਕਰਮਾਂ ਵਾਲਾ
ਜਾਂ ਉਹ ਮਰਨ
ਕਿ ਜਿਨ੍ਹਾਂ ਲਿਖਾਏ
ਹਿਜਰ ਧੁਰੋਂ ਵਿਚ ਕਰਮਾਂ
ਹਿਜਰ ਤੁਹਾਡਾ ਅਸਾਂ ਮੁਬਾਰਕ
ਨਾਲ ਬਹਿਸ਼ਤੀਂ ਖੜਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ

# ਸੋਸ਼ਲ ਮੀਡੀਆ ਅਤੇ ਮੀਡੀਆ ਸਾਖਰਤਾ

ਵਲੋਂ : ਅਮਨਦੀਪ ਸਿੰਘ
Gmail : amanysingh@gmail.com



*“ਇੱਕ ਇੰਟਰਵਿਊ ਵਿੱਚ ਡਾ. ਐਂਥਨੀ ਫੌਚੀ (ਅਮਰੀਕਾ ਦੇ ਰਾਸ਼ਟਰਪਤੀ ਦਾ ਸਾਬਕਾ ਮੁੱਖ ਮੈਡੀਕਲ ਸਲਾਹਕਾਰ ਅਤੇ ਨੈਸ਼ਨਲ ਇੰਸਟੀਚਿਊਟ ਆਫ ਐਲਰਜ਼ੀ ਅਤੇ ਛੂਤ ਦੀਆਂ ਬਿਮਾਰੀਆਂ ਦਾ ਡਾਇਰੈਕਟਰ) ਕਹਿੰਦਾ ਹੈ ਕਿ ਕੋਵਿਡ ਪ੍ਰਤੀ ਸਾਡੀ ਜਨਤਕ ਸਿਹਤ ਪ੍ਰਤੀਕਿਰਿਆ ਨੂੰ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੁਆਰਾ ਗ਼ਲਤ ਜਾਣਕਾਰੀ ਦੇ ਫੈਲਾਅ ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ ਸੰਸਾਰ ਵਿੱਚ ਕਿੰਨੀ ਗ਼ਲਤ ਜਾਣਕਾਰੀ ਭਰੀ ਪਈ ਹੈ ਤੇ ਬਦਕਿਸਮਤੀ ਨਾਲ ਲੋਕਾਂ ਦੀਆਂ ਜਾਨਾਂ ਵੀ ਲੈ ਰਹੀ ਹੈ। ਜਿਵੇਂ ਕਿ ਗ਼ਲਤ ਜਾਣਕਾਰੀ ਕਰਕੇ ਬਹੁਤ ਲੋਕ ਕੋਵਿਡ ਜਾਂ ਕੋਈ ਹੋਰ ਵੈਕਸੀਨ (ਟੀਕਾ) ਨਹੀਂ ਲਗਵਾਉਂਦੇ। ਇਸੇ ਤਰ੍ਹਾਂ ਹੀ ਕੋਵਿਡ-19 ਦੀ ਉਤਪਤੀ ਬਾਰੇ ਵੀ ਬਹੁਤ ਗ਼ਲਤ ਖ਼ਬਰਾਂ ਹਨ, ਜਿਵੇਂ ਕਿ ਕੋਵਿਡ ਵਾਇਰਸ ਇੱਕ ਚੀਨੀ ਪ੍ਰਯੋਗਸ਼ਾਲਾ ਵਿੱਚੋਂ ਲੀਕ ਹੋਇਆ ਸੀ, ਪਰ ਬਹੁਤੇ ਵਿਗਿਆਨਕਾਂ ਦਾ ਮੰਨਣਾ ਹੈ ਕਿ ਕੋਵਿਡ ਵਾਇਰਸ ਕੁਦਰਤੀ ਤੌਰ ’ਤੇ ਵਿਕਸਤ ਹੋਇਆ। ਫਿਰ ਵੀ ਸਾਨੂੰ ਆਪਣੇ ਆਪ ਨੂੰ ਨਿਰਪੱਖ ਰੱਖਣਾ ਚਾਹੀਦਾ ਹੈ ਜਦੋਂ ਤੱਕ ਅਸਲੀ ਅੰਕੜੇ, ਤੱਥ ਤੇ ਸਬੂਤ ਸਾਹਮਣੇ ਨਾ ਆ ਜਾਣ।”*

ਅੱਜ ਦੇ ਜਾਣਕਾਰੀ ਦੇ ਦਬਾਅ ਭਰਪੂਰ ਯੁੱਗ ਵਿੱਚ ਸਾਡੇ ਸਭ ਲਈ ਮੀਡੀਆ ਸਾਖਰਤਾ ਦੀ ਯੋਗਤਾ ਅਤਿ ਜ਼ਰੂਰੀ ਹੈ। ਇੱਕ ਲੋਕਤੰਤਰੀ ਸਮਾਜ ਵਿੱਚ ਵਿਭਿੰਨ ਦ੍ਰਿਸ਼ਟੀਕੋਣ ਮਹੱਤਵਪੂਰਨ ਹੁੰਦੇ ਹਨ ਅਤੇ ਮੀਡੀਆ ਸਾਖਰਤਾ ਆਲੋਚਨਾਤਮਕ ਸੋਚ ਨੂੰ ਸਮਰੱਥ ਬਣਾਉਂਦੀ ਹੈ। ਲੋਕਾਂ ਨੂੰ ਵਿਸ਼ਾਲ ਮੀਡੀਆ ਸਾਗਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤੈਰਨ ਵਿੱਚ ਮਦਦ ਕਰਦੀ ਹੈ। ਹਰ ਰੋਜ਼ ਅਸੀਂ ਇੰਨੀ ਜ਼ਿਆਦਾ ਜਾਣਕਾਰੀ ਸੁਣਦੇ-ਪੜ੍ਹਦੇ ਤੇ ਦੇਖਦੇ ਹਾਂ ਕਿ ਸਾਡੇ ਲਈ ਝੂਠ ਤੇ ਭਰੋਸੇਯੋਗ ਜਾਣਕਾਰੀ ਨੂੰ ਪਛਾਣਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਲੋਕ ਰੋਜ਼ਾਨਾ ਕਈ ਘੰਟੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਇਸ ਕਰਕੇ ਉਸ ਸਮੱਗਰੀ ਨੂੰ ਗੰਭੀਰਤਾ ਨਾਲ ਸਮਝਣ ਅਤੇ ਉਸ ਦਾ ਵਿਸ਼ਲੇਸ਼ਣ ਕਰਨਾ ਬਹੁਤ ਮਹੱਤਵਪੂਰਨ ਹੈ। ਇੰਨਾ ਜ਼ਿਆਦਾ ਮੀਡੀਆ ਦਾ ਉਪਭੋਗ ਕਰਨ ਨਾਲ ਸਾਡੇ ਦਿਲੋ-ਦਿਮਾਗ਼ ’ਤੇ ਅਸਰ ਹੋਣਾ ਸੁਭਾਵਿਕ ਹੈ ਜਿਸ ਨਾਲ ਅਸੀਂ ਹੋਰ ਵੀ ਜ਼ਿਆਦਾ ਭੰਬਲਭੂਸੇ ਵਿੱਚ ਪੈ ਜਾਂਦੇ ਹਾਂ। ਸਾਡੀ ਆਲੋਚਨਾਤਮਕ/ਤਰਕਸ਼ੀਲ ਸੋਚ ਰੁਕ ਜਾਂਦੀ ਹੈ ਤੇ ਸਾਡੇ ਲਈ ਸੱਚੀ ਤੇ ਝੂਠੀ ਜਾਣਕਾਰੀ ਵਿੱਚ ਫ਼ਰਕ ਕੱਢਣਾ ਮੁਸ਼ਕਿਲ ਹੋ ਜਾਂਦਾ ਹੈ ਜਿਸ ਨਾਲ ਸਹੀ ਫ਼ੈਸਲੇ ਲੈਣੇ ਮੁਸ਼ਕਿਲ ਹੋ ਸਕਦੇ ਹਨ।

ਮਨੁੱਖ ਇੱਕ ਸਮਾਜਿਕ ਜੀਵ ਹੈ ਤੇ ਮੀਡੀਆ ਇੱਕ ਮੁੱਖ ਸਾਧਨ ਹੈ ਜਿਸ ਨਾਲ ਅਸੀਂ ਇੱਕ-ਦੂਜੇ ਨਾਲ ਤਾਲਮੇਲ ਰੱਖਦੇ ਹਾਂ। ਮੀਡੀਆ ਸਾਡੀ ਸਵੈ ਦੀ ਭਾਵਨਾ, ਸਮਾਜ ਅਤੇ ਸੰਸਾਰ ਦੀ ਸਮਝ ਵਿੱਚ ਯੋਗਦਾਨ ਪਾਉਂਦਾ ਹੈ, ਪਰ ਮੀਡੀਆ ਦੇ ਸਕਾਰਾਤਮਕ ਅਤੇ ਨਕਾਰਾਤਮਕ, ਦੋਵੇਂ ਤਰ੍ਹਾਂ ਦੇ ਪ੍ਰਭਾਵ ਹੋ ਸਕਦੇ ਹਨ। ਇਹ ਗੱਲ ਗੌਰ ਕਰਨ ਵਾਲੀ ਹੈ ਕਿ ਲੋਕ ਆਪਣੇ ਸਮਾਜਿਕ ਗੁੱਟਾਂ ਤੋਂ ਮਿਲੀ ਜਾਣਕਾਰੀ ਜੋ ਉਨ੍ਹਾਂ ਦੇ ਪਹਿਲਾਂ ਤੋਂ ਮੌਜੂਦ ਵਿਸ਼ਵਾਸਾਂ ਅਤੇ ਡਰਾਂ ਨਾਲ ਮੇਲ ਖਾਂਦੀ ਹੈ, ’ਤੇ ਜ਼ਿਆਦਾ ਭਰੋਸਾ ਕਰਦੇ ਹਨ ਅਤੇ ਉਸ ਨੂੰ ਅੱਗੇ ਸਾਂਝਾ ਕਰਦੇ ਹਨ। ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਮੀਡੀਆ ਇੱਕ ਵਪਾਰ ਹੈ! ਮੀਡੀਆ ਕੰਪਨੀਆਂ ਤੇ ਉਨ੍ਹਾਂ ਦੇ ਮਾਲਕਾਂ ਦਾ ਮੁੱਖ ਮੰਤਵ ਉਸ ਵਿੱਚੋਂ ਮੁਨਾਫ਼ਾ ਲੈਣਾ ਹੀ ਹੁੰਦਾ ਹੈ। ਸਾਨੂੰ ਮੀਡੀਆ ਨੂੰ ਸਿਸਟਮ ਦੀ ਸੋਚ ਦੇ ਰੂਪ ਵਿੱਚ ਦੇਖਣਾ ਚਾਹੀਦਾ ਹੈ। ਜ਼ਿਆਦਾਤਰ ਮੀਡੀਆ ਵੱਡੇ ਪੱਧਰ ਦੀਆਂ ਮੀਡੀਆ ਕਾਰਪੋਰੇਸ਼ਨਾਂ ਨਾਲ ਜੁੜਿਆ ਹੋਇਆ ਹੈ।

ਅੱਜਕੱਲ੍ਹ ਸੋਸ਼ਲ ਮੀਡੀਆ ਦਾ ਬਹੁਤ ਜ਼ੋਰ ਹੈ। ਸੋਸ਼ਲ ਮੀਡੀਆ ਪਲੈਟਫਾਰਮ ਕਿਸੇ ਵੀ ਖ਼ਬਰ ਜਾਂ ਪੋਸਟ ਨੂੰ ਵਾਇਰਲ ਕਰਨ ਤੇ ਵਧਾਉਣ ਲਈ ਐਲਗੋਰਿਦਮ ਦੀ ਵਰਤੋਂ ਕਰਦੇ ਹਨ ਜੋ ਅਕਸਰ ਸਨਸਨੀਖੇਜ਼ ਜਾਂ ਭਾਵਨਾਤਮਕ ਸਮੱਗਰੀ ਨੂੰ ਉਤਸ਼ਾਹਿਤ ਕਰਦੇ ਹਨ ਜਿਸ ਵਿੱਚ ਜਾਅਲੀ ਖ਼ਬਰਾਂ ਸ਼ਾਮਲ ਹੁੰਦੀਆਂ ਹਨ। ਇਸ ਤਰ੍ਹਾਂ ਸੋਸ਼ਲ ਮੀਡੀਆ ’ਤੇ ਲੋਕਾਂ ਦਾ ਆਪਸੀ ਤਾਲਮੇਲ ਵਧਦਾ ਹੈ, ਪਰ ਇਹ ਵਰਤਾਰਾ ਗ਼ਲਤ ਜਾਣਕਾਰੀ ਨੂੰ ਵੀ ਵਧਾਉਂਦਾ ਹੈ। ਸਵੈਚਾਲਿਤ ਖਾਤੇ ਜਾਂ ਬੋਟ (ਭੋਟਸ) ਗ਼ਲਤ ਜਾਣਕਾਰੀ ਨੂੰ ਵਧੇਰੇ ਕੁਸ਼ਲਤਾ ਅਤੇ ਵਿਆਪਕ ਤੌਰ ’ਤੇ ਫੈਲਾ ਸਕਦੇ ਹਨ ਤੇ ਕਿਸੇ ਵੀ ਮੁੱਦੇ ਨੂੰ ਹੋਰ ਗੁੰਝਲਦਾਰ ਬਣਾ ਸਕਦੇ ਹਨ। ਚਲਾਕ ਤੇ ਖਤਰਨਾਕ ਲੋਕ ਉਨ੍ਹਾਂ ਦੀ ਵਰਤੋਂ ਸੋਸ਼ਲ ਮੀਡੀਆ ਪ੍ਰਣਾਲੀਆਂ ਅਤੇ ਮਨੁੱਖੀ ਮਨੋਵਿਗਿਆਨ ਦੀਆਂ ਕਮਜ਼ੋਰੀਆਂ ਦਾ ਸ਼ੋਸ਼ਣ ਕਰਨ ਲਈ ਕਰਦੇ ਹਨ।

ਅੱਜ ਮਸਨੂਈ ਬੁੱਧੀ (ਏ.ਆਈ.) ਦੇ ਯੁੱਗ ਵਿੱਚ ਤੱਥਾਂ ਨੂੰ ਚੈੱਕ ਕਰਨ ਦੇ ਤਰੀਕੇ ਵੀ ਬਦਲ ਗਏ ਹਨ। ਡੈਨ ਐਵਨ (ਸੀਨੀਅਰ ਮੈਨੇਜਰ, ਨਿਊਜ਼ ਲਿਟ ਡਾਟ ਓਰਗ) ਸਾਨੂੰ ਤੱਥਾਂ ਨੂੰ ਚੈੱਕ ਕਰਨ ਦੇ ਪੰਜ ਨਿਯਮ ਸੁਝਾਉਂਦਾ ਹੈ:

ਸੰਦਰਭ – ਝੂਠਾ ਜਾਂ ਪੁਰਾਣਾ ਜਿਸ ਦੀ ਅੱਜ ਕੋਈ ਅਹਿਮੀਅਤ ਨਹੀਂ। ਜਿਵੇਂ ਕਿ ਬਹੁਤ ਵਾਰੀ ਪੁਰਾਣੀ ਤੇ ਅਸਲੀ ਫੋਟੋ ਜਾਂ ਵੀਡੀਓ ਨੂੰ ਕਿਸੇ ਹੋਰ ਸੰਦਰਭ ਵਿੱਚ ਪੇਸ਼ ਕਰਨਾ ਤਾਂ ਜੋ ਝੂਠੀ ਜਾਣਕਾਰੀ ਸੱਚੀ ਦਿਖੇ। ਇਸ ਨੂੰ ਚੈੱਕ ਕਰਨ ਲਈ ਤੁਸੀਂ ਉਸ ਫੋਟੋ ਜਾਂ ਵੀਡੀਓ ਨੂੰ ਇੰਟਰਨੈੱਟ ’ਤੇ ਲੱਭ ਸਕਦੇ (ੑੲਵੲਰਸੲ ਿਮਓਗੲ ਸ਼ੲਓਰਚਹ) ਹੋ ਤੇ ਸਹੀ ਸੰਦਰਭ ਜਾਣ ਸਕਦੇ ਹੋ। ਇਹ ਔਨਲਾਈਨ ਗ਼ਲਤ ਜਾਣਕਾਰੀ ਫੈਲਾਉਣ ਲਈ ਵਰਤੀਆਂ ਜਾਣ ਵਾਲੀਆਂ ਸਭ ਤੋਂ ਆਮ ਚਾਲਾਂ ਹਨ।

ਪ੍ਰਮਾਣ – ਇਹ ਤੱਥ ਜਾਂਚ ਕਰਨ ਦੀ ਇੱਕ ਬੁਨਿਆਦੀ ਯੋਗਤਾ ਹੈ ਕਿ ਤੁਸੀਂ ਔਨਲਾਈਨ ਜੋ ਕੁਝ ਵੀ ਦੇਖਦੇ ਹੋ ਕੀ ਉਹ ਅਸਲੀ ਹੈ, ਬਦਲਿਆ ਹੋਇਆ ਜਾਂ ਮਨਘੜਤ ਤਾਂ ਨਹੀਂ ਹੈ। ਜਿਵੇਂ ਕਿ ਫੋਟੋ/ਵੀਡੀਓ ਏ.ਆਈ. ਨੇ ਬਣਾਇਆ ਹੈ ਜਾਂ ਮਨੁੱਖਾਂ ਨੇ। ਕੀ ਅਸਲੀ ਫੋਟੋ ਵਿੱਚ ਫੇਰ-ਬਦਲ ਤਾਂ ਨਹੀਂ ਕੀਤਾ ਗਿਆ? ਅਸੀਂ ਜਿੰਨੇ ਜ਼ਿਆਦਾ ਪ੍ਰਮਾਣ ਚੈੱਕ ਕਰੀਏ ਓਨਾ ਵਧੀਆ ਹੈ। ਉਦਾਹਰਨ ਦੇ ਤੌਰ ’ਤੇ ਜਨਵਰੀ 2024 ਵਿੱਚ ਸੋਸ਼ਲ ਮੀਡੀਆ ’ਤੇ ਇੱਕ ਨਕਲੀ ਫੋਟੋ ਵਿੱਚ ਆਈਫਲ ਟਾਵਰ ਨੂੰ ਅੱਗ ਦੀਆਂ ਲਪਟਾਂ ਵਿੱਚ ਸੜਦਾ ਦਿਖਾਇਆ ਗਿਆ ਸੀ, ਪਰ ਜੇ ਦੇਖਿਆ ਜਾਵੇ ਤਾਂ ਹੋਰ ਕੋਈ ਵੀ ਨਿਊਜ਼ ਏਜੰਸੀ ਜਾਂ ਚੈਨਲ ਉਸ ਖ਼ਬਰ ਨੂੰ ਨਹੀਂ ਦਿਖਾ ਰਿਹਾ ਸੀ ਕਿਉਂਕਿ ਉਹ ਖ਼ਬਰ ਸੱਚੀ ਨਹੀਂ ਸੀ। ਜੇ ਤੁਸੀਂ ਕਿਤੇ ਇਹੋ ਜਿਹੀ ਸਨਸਨੀਖ਼ੇਜ਼ ਖ਼ਬਰ ਦੇਖੋ-ਸੁਣੋ ਤਾਂ ਖ਼ਬਰਾਂ ਦੇ ਪ੍ਰਮਾਣਿਕ ਸਰੋਤ ਦੇਖੋ ਜਾਂ ਸੁਣੋ ਤੇ ਆਪਣੇ ਆਪ ਨੂੰ ਇਹ ਸਵਾਲ ਪੁੱਛੋ ਕਿ ਜੇ ਉਹ ਖ਼ਬਰ ਸੱਚ ਹੈ ਤਾਂ ਹੋਰ ਕੀ ਸੱਚ ਹੋ ਸਕਦਾ ਹੈ?

ਤਰਕ – ਗ਼ਲਤ ਜਾਣਕਾਰੀ ਅਕਸਰ ਸਾਡੇ ਬੋਧਾਤਮਕ ਪੱਖਪਾਤ/ਝੁਕਾ ਅਤੇ ਤਰਕਪੂਰਨ ਭੁਲੇਖਿਆਂ ਪ੍ਰਤੀ ਕਮਜ਼ੋਰੀ ਦਾ ਸ਼ੋਸ਼ਣ ਕਰਨ ਲਈ ਤਿਆਰ ਕੀਤੀ ਜਾਂਦੀ ਹੈ। ਜਿਵੇਂ ਕਿ ਪਿੱਛੇ ਜਿਹੇ ਜਦੋਂ ਇੱਕ ਅਮਰੀਕਨ ਫੁੱਟਬਾਲ ਖਿਡਾਰੀ ਖੇਡਦੇ ਹੋਏ ਡਿੱਗ ਪਿਆ ਤਾਂ ਮਿੰਟਾਂ ਵਿੱਚ ਲੋਕਾਂ ਨੇ ਸੋਸ਼ਲ ਮੀਡੀਆ ’ਤੇ ਅਫ਼ਵਾਹ ਫੈਲਾਉਣੀ ਸ਼ੁਰੂ ਕਰ ਦਿੱਤੀ ਕਿ ਉਹ ਕੋਵਿਡ-19 ਵੈਕਸੀਨ ਕਰਕੇ ਡਿੱਗ ਪਿਆ। ਜਦੋਂਕਿ ਅਜੇ ਉਹ ਹਸਪਤਾਲ ਵੀ ਨਹੀਂ ਪਹੁੰਚਿਆ ਸੀ ਤੇ ਡਾਕਟਰਾਂ ਨੇ ਉਸ ਨੂੰ ਚੈੱਕ ਵੀ ਨਹੀਂ ਸੀ ਕੀਤਾ। ਬਾਅਦ ਵਿੱਚ ਡਾਕਟਰਾਂ ਨੇ ਦੱਸਿਆ ਕਿ ਅਸਲ ਵਿੱਚ ਉਸ ਨੂੰ ਜ਼ੋਰ ਦੇਣੀ ਧੱਕਾ ਲੱਗਣ ’ਤੇ ਦਿਲ ਦਾ ਦੌਰਾ ਪੈ ਗਿਆ ਸੀ। ਇਸ ਤਰ੍ਹਾਂ ਚਲਾਕ ਲੋਕ ਇਹੋ ਜਿਹੀਆਂ ਸਨਸਨੀਖ਼ੇਜ਼ ਖ਼ਬਰਾਂ ਨੂੰ ਗ਼ਲਤ ਜਾਣਕਾਰੀ ਫੈਲਾਉਣ ਲਈ ਵਰਤਦੇ ਹਨ।

ਸਬੂਤ – ਜਿਵੇਂ ਕਿ ਕਹਿੰਦੇ ਹਨ ਕਿ ਝੂਠ ਦੇ ਪੈਰ ਨਹੀਂ ਹੁੰਦੇ, ਉਵੇਂ ਹੀ ਗ਼ਲਤ ਜਾਣਕਾਰੀ ਵਿੱਚ ਕੁਦਰਤੀ ਹੀ ਠੋਸ ਸਬੂਤਾਂ ਦੀ ਘਾਟ ਹੁੰਦੀ ਹੈ, ਪਰ ਉਹ ਅਕਸਰ ਲੋਕਾਂ ਨੂੰ ਜਾਂ ਤਾਂ ਉਸ ਤੱਥ ਨੂੰ ਨਜ਼ਰਅੰਦਾਜ਼ ਕਰਨ ਜਾਂ ਝੂਠੇ ਸਬੂਤ ਨੂੰ ਮੰਨਣ ਲਈ ਉਕਸਾਉਂਦੀ ਹੈ। ਦਾਅਵੇ ਲਈ ਸਬੂਤ ਦਾ ਮੁਲਾਂਕਣ ਕਰਨਾ ਤੱਥ-ਜਾਂਚ ਕਰਨ ਦੀ ਇੱਕ ਪ੍ਰਮੁੱਖ ਯੋਗਤਾ ਹੈ।

ਸਰੋਤ – ਕਿਸੇ ਵੀ ਖ਼ਬਰ ਦੇ ਸਾਰੇ ਸਰੋਤ ਇੱਕੋ ਜਿਹੇ ਨਹੀਂ ਹੁੰਦੇ, ਪਰ ਜਦੋਂ ਅਸੀਂ ਔਨਲਾਈਨ ਸਮੱਗਰੀ ਫਟਾ-ਫਟ ਦੇਖਦੇ ਹਾਂ ਤਾਂ ਆਸਾਨੀ ਨਾਲ ਮਹੱਤਵਪੂਰਨ ਅੰਤਰ ਅੱਖੋਂ-ਪਰੋਖੇ ਕਰ ਸਕਦੇ ਹਾਂ। ਖ਼ਾਸ ਤੌਰ ਤੇ ਜਦੋਂ ਉਹ ਖ਼ਬਰਾਂ ਸਾਡੀਆਂ ਭਾਵਨਾਵਾਂ ਨੂੰ ਉਕਸਾਉਂਦੀਆਂ ਹਨ।

ਉੱਪਰ ਦਿੱਤੇ ਨਿਯਮ ਸਾਨੂੰ ਥੋੜ੍ਹਾ ਠਹਿਰ ਕੇ, ਠਰੰਮੇ ਨਾਲ ਸੰਦਰਭ ਬਾਰੇ ਸੋਚਣ ਲਈ ਪ੍ਰੇਰਿਤ ਕਰਦੇ ਹਨ ਤਾਂ ਕਿ ਅਸੀਂ ਹੇਠਾਂ ਦਿੱਤੇ ਸਵਾਲ ਪੁੱਛ ਸਕੀਏ:

ਕੀ ਇਹ ਪ੍ਰਮਾਣਿਕ ਹੈ?

ਕੀ ਇਹ ਠੋਸ ਤਰਕ ’ਤੇ ਆਧਾਰਿਤ ਹੈ।

ਇਸ ਦਾ ਸਬੂਤ ਕੀ ਹੈ?

ਜਦੋਂ ਅਸੀਂ ਇਨ੍ਹਾਂ ਸਵਾਲਾਂ ਨੂੰ ਹਮੇਸ਼ਾ ਆਪਣੇ ਮਨ ਵਿੱਚ ਰੱਖਦੇ ਹਾਂ ਤਾਂ ਕਿਸੇ ਜਾਣਕਾਰੀ/ਪੋਸਟ/ਤਸਵੀਰ ਨੂੰ ਬਿਨਾਂ ਸੋਚੇ ਸਮਝੇ ਸੱਚ ਮੰਨਣ ਦੀ ਬਜਾਏ ਅਸੀਂ ਥੋੜ੍ਹਾ ਰੁਕ ਕੇ ਆਲੋਚਨਾਤਮਕ ਤੌਰ ’ਤੇ ਸੋਚ ਸਕਦੇ ਹਾਂ ਕਿ ਸਾਡੇ ਅੱਗੇ ਪੇਸ਼ ਕੀਤੀ ਗਈ ਸਮੱਗਰੀ ਅਸਲ ਵਿੱਚ ਕੀ ਹੈ? ਅਤੇ ਹੋ ਸਕਦਾ ਹੈ ਕਿ ਸਾਨੂੰ ਪਤਾ ਲੱਗ ਜਾਵੇ ਕਿ ਉਹ ਸਮੱਗਰੀ ਪ੍ਰਮਾਣਿਕ ਨਹੀਂ ਹੈ।

ਇੱਕ ਇੰਟਰਵਿਊ ਵਿੱਚ ਡਾ. ਐਂਥਨੀ ਫੌਚੀ (ਅਮਰੀਕਾ ਦੇ ਰਾਸ਼ਟਰਪਤੀ ਦਾ ਸਾਬਕਾ ਮੁੱਖ ਮੈਡੀਕਲ ਸਲਾਹਕਾਰ ਅਤੇ ਨੈਸ਼ਨਲ ਇੰਸਟੀਚਿਊਟ ਆਫ ਐਲਰਜ਼ੀ ਅਤੇ ਛੂਤ ਦੀਆਂ ਬਿਮਾਰੀਆਂ ਦਾ ਡਾਇਰੈਕਟਰ) ਕਹਿੰਦਾ ਹੈ ਕਿ ਕੋਵਿਡ ਪ੍ਰਤੀ ਸਾਡੀ ਜਨਤਕ ਸਿਹਤ ਪ੍ਰਤੀਕਿਰਿਆ ਨੂੰ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੁਆਰਾ ਗ਼ਲਤ ਜਾਣਕਾਰੀ ਦੇ ਫੈਲਾਅ ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ ਸੰਸਾਰ ਵਿੱਚ ਕਿੰਨੀ ਗ਼ਲਤ ਜਾਣਕਾਰੀ ਭਰੀ ਪਈ ਹੈ ਤੇ ਬਦਕਿਸਮਤੀ ਨਾਲ ਲੋਕਾਂ ਦੀਆਂ ਜਾਨਾਂ ਵੀ ਲੈ ਰਹੀ ਹੈ। ਜਿਵੇਂ ਕਿ ਗ਼ਲਤ ਜਾਣਕਾਰੀ ਕਰਕੇ ਬਹੁਤ ਲੋਕ ਕੋਵਿਡ ਜਾਂ ਕੋਈ ਹੋਰ ਵੈਕਸੀਨ (ਟੀਕਾ) ਨਹੀਂ ਲਗਵਾਉਂਦੇ। ਇਸੇ ਤਰ੍ਹਾਂ ਹੀ ਕੋਵਿਡ-19 ਦੀ ਉਤਪਤੀ ਬਾਰੇ ਵੀ ਬਹੁਤ ਗ਼ਲਤ ਖ਼ਬਰਾਂ ਹਨ, ਜਿਵੇਂ ਕਿ ਕੋਵਿਡ ਵਾਇਰਸ ਇੱਕ ਚੀਨੀ ਪ੍ਰਯੋਗਸ਼ਾਲਾ ਵਿੱਚੋਂ ਲੀਕ ਹੋਇਆ ਸੀ, ਪਰ ਬਹੁਤੇ ਵਿਗਿਆਨਕਾਂ ਦਾ ਮੰਨਣਾ ਹੈ ਕਿ ਕੋਵਿਡ ਵਾਇਰਸ ਕੁਦਰਤੀ ਤੌਰ ’ਤੇ ਵਿਕਸਤ ਹੋਇਆ। ਫਿਰ ਵੀ ਸਾਨੂੰ ਆਪਣੇ ਆਪ ਨੂੰ ਨਿਰਪੱਖ ਰੱਖਣਾ ਚਾਹੀਦਾ ਹੈ ਜਦੋਂ ਤੱਕ ਅਸਲੀ ਅੰਕੜੇ, ਤੱਥ ਤੇ ਸਬੂਤ ਸਾਹਮਣੇ ਨਾ ਆ ਜਾਣ।


ਹਿਡਨ ਬ੍ਰੇਨ ਰੇਡੀਓ ਪੌਡਕਾਸਟ ਵਿੱਚ ਅਰਥਸ਼ਾਸਤਰੀ ਐਲੈਕਸ ਐਡਮਨਜ਼ ਦੱਸਦਾ ਹੈ ਕਿ ਆਸਟਰੇਲੀਆ ਵੱਸਦੀ ਇੱਕ ਠੱਗ ਤੇ ਨਕਲੀ-ਵਿਗਿਆਨ ਦੀ ਸਲਾਹਕਾਰ ਬੈੱਲ ਗਿਬਸਨ ਨੇ 2014 ਵਿੱਚ ਆਪਣੇ ਬਲਾਗ ਰਾਹੀਂ ਇਹ ਦਾਅਵਾ ਕੀਤਾ ਕਿ ਸਾਫ਼-ਸੁਥਰੇ ਖਾਣੇ ਤੇ ਕੁਦਰਤੀ ਉਪਚਾਰ ਨਾਲ ਉਸ ਦਾ ਕੈਂਸਰ ਠੀਕ ਹੋ ਗਿਆ ਹੈ ਜੋ ਕਿ ਕੀਮੋਥੈਰੇਪੀ ਤੇ ਹੋਰ ਡਾਕਟਰੀ ਇਲਾਜ ਨਾਲ ਠੀਕ ਨਹੀਂ ਹੋ ਰਿਹਾ ਸੀ। ਉਸ ਦੀ ਇਹ ਕਹਾਣੀ ਵਾਇਰਲ ਹੋ ਗਈ ਤੇ ਪੂਰੀ ਦੁਨੀਆ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਸਿੱਟੇ ਵਜੋਂ ਹੋ ਸਕਦਾ ਹੈ ਕਿ ਅਨੇਕਾਂ ਲੋਕਾਂ ਨੇ ਆਪਣੀਆਂ ਬਿਮਾਰੀਆਂ ਦਾ ਡਾਕਟਰੀ ਇਲਾਜ ਛੱਡ ਕੇ ਕੁਦਰਤੀ ਇਲਾਜ ਤੇ ਸਾਫ਼-ਸੁਥਰਾ ਭੋਜਨ ਖਾਣਾ ਸ਼ੁਰੂ ਕਰ ਦਿੱਤਾ ਹੋਵੇ। ਬੈੱਲ ਗਿਬਸਨ ਨੂੰ ਪੈਂਗੁਇਨ ਆਸਟਰੇਲੀਆ ਵੱਲੋਂ ਕੈਂਸਰ ਖਤਮ ਕਰਨ ਵਾਲੇ ਖਾਣੇ ਬਣਾਉਣ ਦੇ ਨੁਸਖਿਆਂ ਦੀ ਕਿਤਾਬ ਛਾਪਣ ਦੀ ਪੇਸ਼ਕਸ਼ ਵੀ ਹੋਈ। ਉਸ ਨੇ ਇੱਕ ਐਪ ਵੀ ਲਾਂਚ ਕੀਤੀ, ਜਿੱਥੇ ਬਿਮਾਰੀਆਂ ਨੂੰ ਜੜ੍ਹ ਤੋਂ ਖਤਮ ਕਰਨ ਵਾਲੇ ਕੁਦਰਤੀ ਨੁਸਖ਼ੇ ਦੱਸੇ ਗਏ ਸਨ। ਪਰ ਇਸ ਸਭ ਕਾਸੇ ਵਿੱਚ ਇਸ ਗੱਲ ਦਾ ਲੁਕਾ ਸੀ ਕਿ ਉਸ ਨੂੰ ਕਦੇ ਕੈਂਸਰ ਸੀ ਹੀ ਨਹੀਂ। ਉਸ ਨੇ ਝੂਠ ਬੋਲਿਆ ਸੀ ਕਿ ਉਸ ਨੂੰ ਕੈਂਸਰ ਸੀ ਜੋ ਕੁਦਰਤੀ ਤਰੀਕੇ ਨਾਲ ਬਿਨਾਂ ਡਾਕਟਰੀ ਇਲਾਜ ਦੇ ਠੀਕ ਹੋ ਗਿਆ ਸੀ। ਇਹ ਕਹਾਣੀ ਉਨ੍ਹਾਂ ਲੋਕਾਂ ਬਾਰੇ ਵੀ ਹੈ ਜੋ ਬਿਨਾਂ ਤੱਥਾਂ ਦੀ ਪਰਖ ਕੀਤਿਆਂ ਮੰਨ ਲੈਂਦੇ ਹਨ ਕਿ ਅਜਿਹਾ ਸੱਚ ਹੋ ਸਕਦਾ ਹੈ ਕਿ ਕਹਾਣੀ ਓਹੀ ਦੱਸਦੀ ਹੈ ਜੋ ਅਸੀਂ ਸੁਣਨਾ ਚਾਹੁੰਦੇ ਹਾਂ। ਇਹ ਪੁਸ਼ਟੀਕਰਨ ਝੁਕਾ (ਛੋਨਡਿਰਮਓਟਿਨ ਭਿਓਸ) ਦੀ ਉਦਾਹਰਨ ਹੈ – ਪੁਸ਼ਟੀਕਰਨ ਝੁਕਾ ਮਨੋਵਿਗਿਆਨ ਅਨੁਸਾਰ ਇੱਕ ਤਰ੍ਹਾਂ ਦਾ ਤਰਕਦੋਸ਼ ਹੈ ਜਿਸ ਵਿੱਚ ਕੋਈ ਵਿਅਕਤੀ ਅਚੇਤ ਹੀ ਅਜਿਹੀ ਜਾਣਕਾਰੀ ਨੂੰ ਮਹੱਤਵ ਦਿੰਦਾ ਹੈ ਜੋ ਉਸ ਦੀਆਂ ਆਪਣੀਆਂ ਧਾਰਨਾਵਾਂ ’ਤੇ ਵਿਸ਼ਵਾਸਾਂ ਨਾਲ ਮੇਲ ਖਾਂਦੀ ਹੈ ਤੇ ਅਜਿਹੀ ਜਾਣਕਾਰੀ ਨੂੰ ਰੱਦ ਕਰ ਦੇਣਾ ਜੋ ਉਸ ਦੇ ਵਿਸ਼ਵਾਸਾਂ ’ਤੇ ਖਰੀ ਨਹੀਂ ਉਤਰਦੀ। ਚਲਾਕ ਲੋਕ ਮੀਡੀਆ ਰਾਹੀਂ ਲੋਕਾਂ ਦੇ ਪੁਸ਼ਟੀਕਰਨ ਝੁਕਾ ਦਾ ਫ਼ਾਇਦਾ ਉਠਾਉਂਦੇ ਹਨ। ਲੋਕ ਬੈੱਲ ਗਿਬਸਨ ਵਰਗੀਆਂ ਕਹਾਣੀਆਂ ਨੂੰ ਪਸੰਦ ਕਰਦੇ ਹਨ ਕਿਉਂਕਿ ਅਜਿਹਾ ਉਹ ਬਚਪਨ ਤੋਂ ਹੀ ਸੁਣਦੇ ਆਏ ਹਨ ਕਿ ਕੁਦਰਤੀ ਇਲਾਜ ਵਧੀਆ ਹੈ ਤੇ ਦਵਾਈਆਂ ਤੇ ਟੀਕਿਆਂ ਰਾਹੀਂ ਵੱਡੀਆਂ ਮੈਡੀਕਲ ਕੰਪਨੀਆਂ ਉਨ੍ਹਾਂ ਦੇ ਸਰੀਰਾਂ ਵਿੱਚ ਖ਼ਤਰਨਾਕ ਰਸਾਇਣਕ ਪਦਾਰਥਾਂ ਦਾ ਜ਼ਹਿਰ ਪਾ ਰਹੀਆਂ ਹਨ। ਸਾਨੂੰ ਆਪਣੇ ਪੁਸ਼ਟੀਕਰਨ ਝੁਕਾ ਸਮਝ ਕੇ ਤੇ ਇਹ ਜਾਣ ਕੇ ਕਿ ਕਿਵੇਂ ਚਲਾਕ ਲੋਕ, ਸੋਸ਼ਲ ਮੀਡੀਆ ਐਲਗਰੋਰਿਥਮ ਤੇ ਬੋਟ (ਭੋਟਸ) ਸਾਨੂੰ ਭਰਮਾਉਂਦੇ ਹਨ, ਅਸੀਂ ਝੂਠ ਨੂੰ ਪਹਿਚਾਨਣ ਦੇ ਯੋਗ ਬਣ ਸਕਦੇ ਹਾਂ।

ਇਨ੍ਹਾਂ ਪ੍ਰਤੀ ਸੁਚੇਤ ਰਹਿੰਦੇ ਹੋਏ ਤੁਸੀਂ ਤਰਕਸ਼ੀਲ ਸੋਚ ਵਿਕਸਤ ਕਰ ਸਕਦੇ ਹੋ, ਜਿਸ ਨਾਲ ਤੁਸੀਂ ਵਧੇਰੇ ਜਾਗਰੂਕਤਾ ਅਤੇ ਸਮਝ ਨਾਲ ਸੋਸ਼ਲ ਮੀਡੀਆ ਦੇ ਸੈਲਾਬ ਵਿੱਚ ਤੈਰ ਸਕਦੇ ਹੋ। ਜਿਸ ਤਰ੍ਹਾਂ ਸੋਸ਼ਲ ਮੀਡੀਆ ਨੂੰ ਡਿਜ਼ਾਇਨ ਕੀਤਾ ਗਿਆ ਹੈ ਉਸ ਦਾ ਮੰਤਵ ਸਾਨੂੰ ਜਾਣਕਾਰੀ ਨਾਲ ਭਰਨਾ ਹੈ। ਸਿਰਫ਼ ਸੋਸ਼ਲ ਮੀਡੀਆ ਸੁਰਖੀਆਂ ਨੂੰ ਪੜ੍ਹਨਾ ਅਤੇ ਖ਼ਬਰਾਂ ਦੀਆਂ ਸੁਰਖੀਆਂ ਦੀ ਵਰਤੋਂ ਕਰਨਾ ਬਹੁਤ ਆਸਾਨ ਹੈ, ਪਰ ਜੇਕਰ ਅਸੀਂ ਸੂਚਿਤ ਤੇ ਸੁਚੇਤ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਕੰਮ ਕਰਨਾ ਪਵੇਗਾ ਅਤੇ ਖ਼ਬਰਾਂ ਦੇ ਇੱਕ ਸਰਗਰਮ ਖਪਤਕਾਰ ਬਣਨਾ ਪਵੇਗਾ। ਜਦੋਂ ਅਸੀਂ ਖ਼ਬਰਾਂ ਨੂੰ ਆਲੋਚਨਾਤਮਕ ਤੌਰ ’ਤੇ ਦੇਖਣ-ਪਰਖਣ ਦੀ ਤਕਨੀਕ ਜਾਣ ਜਾਂਦੇ ਹਾਂ ਤਾਂ ਸਾਡੀ ਝੂਠੀਆਂ ਖ਼ਬਰਾਂ ਤੇ ਔਨਲਾਈਨ ਧੋਖਾਧੜੀ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਬਹੁਤ ਘਟ ਜਾਂਦੀ ਹੈ।



# ਸਿਹਤ ਸੰਸਾਰ

## ਡਿਪਰੈਸ਼ਨ ਕਿਉਂ ਤੇ ਕੀ ਹੈ ਇਲਾਜ?



ਲਿਖਤ
ਡਾ. ਸਵਰਨਜੀਤ ਕੌਰ ਗਰੇਵਾਲ



ਮੈਂ ਕੋਈ ਭਿਸ਼ਸ ਡਾਕਟਰ ਤਾਂ ਨਹੀਂ ਪਰ ਜ਼ਿੰਦਗੀ ਦੇ ਸੰਘਰਸ਼ ਅਤੇ ਤਜ਼ੁਰਬੇ ਦੇ ਆਧਾਰ 'ਤੇ ਆਪਣੀ ਗੱਲ ਕਹਿਣ ਲੱਗੀ ਹਾਂ ਜਿਸ ਕਾਰਨ ਮੈਂ ਆਪਣੇ ਜੀਵਨ ਦੇ ਸਾਢੇ ਛੇ ਦਹਾਕਿਆਂ ਤੋਂ ਉੱਪਰ ਦਾ ਸਮਾਂ ਬਤੀਤ ਕੀਤਾ ਹੈ।

ਅੱਜ ਕੱਲ੍ਹ ਆਮ ਹੀ ਅਸੀਂ ਦੇਖਦੇ ਹਾਂ ਕਿ ਲੋਕ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਇਹ ਨਾਮੁਰਾਦ ਬਿਮਾਰੀ ਹੁਣ ਸਾਡੇ ਤਕਰੀਬਨ ਹਰ ਘਰ ਵਿਚ ਦਾਖ਼ਲ ਹੋ ਚੁੱਕੀ ਹੈ। ਇਹਦੇ ਨਾਲ ਅਸੀਂ ਚੁੱਪ ਚਾਪ ਰਹਿਣ ਲੱਗ ਪਏ ਹਾਂ, ਕਿਸੇ ਨਾਲ ਮਿਲਵਰਤਣ ਤੋਂ ਗੁਰੇਜ਼ ਕਰਨ ਲੱਗੇ ਹਾਂ। ਮੋਬਾਇਲਾਂ ਨੇ ਏਸ ਬਿਮਾਰੀ ਵਿਚ ਵੱਡਾ ਰੋਲ ਨਿਭਾਇਆ ਹੈ।

ਇਹ ਉਦਾਸੀ ਸਾਡੇ ਉੱਤੇ ਓਸ ਵੇਲੇ ਹਾਵੀ ਹੁੰਦੀ ਹੈ ਜਦ ਅਸੀਂ ਆਪਣੇ ਆਪ ਨੂੰ ਆਲੇ ਦੁਆਲੇ ਤੋਂ ਪੂਰੀ ਤਰ੍ਹਾਂ ਕੱਟ ਲੈਂਦੇ ਹਾਂ। ਘਰ ਵਿਚ ਵੀ ਕੋਈ ਗੱਲ ਕਰੇ ਤਾਂ ਸਾਨੂੰ ਬੁਰਾ ਲੱਗਦਾ ਹੈ। ਕਿਸੇ ਵੀ ਕੰਮ ਵਿਚ, ਕਿਸੇ ਵੀ ਗੱਲ ਵਿਚ ਸਾਡੀ ਰੁਚੀ ਨਹੀਂ ਰਹਿੰਦੀ। ਬੀਬੀਆਂ ਭੈਣਾਂ ਬਿਨਾਂ ਗੱਲੋਂ ਰੋਂਦੀਆਂ ਦਿਸ ਜਾਣਗੀਆਂ। ਮਰਦ ਲੋਕ ਬਿਨਾਂ ਵਜ੍ਹਾ ਕਿਸੇ ਨਾ ਕਿਸੇ ਨਾਲ ਔਖੇ ਭਾਰੇ ਹੁੰਦੇ ਰਹਿਣਗੇ। ਅਜਿਹੇ ਲੋਕ ਗੱਲ ਗੱਲ 'ਤੇ ਚਿੜ੍ਹ ਜਾਣਗੇ।

ਪਰ ਕੀ ਅਜਿਹੇ ਲੋਕਾਂ ਨੂੰ ਉਹਨਾਂ ਦੀ ਇਸ ਹਾਲਤ ਵਿਚ ਛੱਡ ਦੇਣਾ ਚਾਹੀਦਾ ਹੈ? ਕੀ ਉਹ ਸਾਡੇ ਵਾਸਤੇ ਸਿਰਦਰਦੀ ਤੋਂ ਵੱਧ ਹੋਰ ਕੁਝ ਨਹੀਂ?

ਨਹੀਂ, ਅਜਿਹਾ ਨਹੀਂ ਹੈ। ਉਹਨਾਂ ਨੂੰ ਬਿਮਾਰੀ ਵਿਚੋਂ ਕੱਢਣਾ ਸਾਡੀ ਜ਼ਿੰਮੇਵਾਰੀ ਹੈ। ਉਹਨਾਂ ਦਾ ਜੀਵਨ ਨੀਰਸ ਕਿਉਂ ਹੋਇਆ? ਇਹ ਪਤਾ ਲਾਉਣਾ ਸਾਡਾ ਫ਼ਰਜ਼ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਤੇ ਜੇ ਉਹ ਸਮਾਜ ਵਿਚ ਵਿਚਰਨ ਤੋਂ ਕੰਨੀਂ ਕਤਰਾਉਂਦਾ ਹੈ ਤਾਂ ਸਮਾਂ ਰਹਿੰਦੇ ਉਸ ਨੂੰ ਏਸ ਪਾਸੇ ਤੋਂ ਮੋੜਨਾ ਸਾਡਾ ਹੀ ਜ਼ਿੰਮਾ ਹੈ।

ਇਹੋ ਜਿਹੇ ਲੋਕਾਂ ਨੂੰ ਜਾਂ ਤਾਂ ਕੋਈ ਬਹੁਤ ਗਹਿਰੀ ਮਾਨਸਿਕ ਪੀੜਾ ਨੇ ਇਸ ਤਰ੍ਹਾਂ ਦੀ ਹਾਲਤ ਵਿਚ ਲੈ ਆਂਦਾ ਹੈ ਜਾਂ ਫਿਰ ਉਸਦੇ ਆਪਣਿਆਂ ਦੀ ਬੇ ਰੁਖੀ ਉਸਦੀ ਇਸ ਨਿਰਾਸ਼ਾ ਦਾ ਕਾਰਨ ਬਣੀ ਹੋ ਸਕਦੀ ਹੈ। ਕੋਈ ਅਸਫ਼ਲਤਾ ਵੀ ਉਹਨੂੰ ਇਸ ਪਾਸੇ ਧੱਕ ਸਕਦੀ ਹੈ।

ਜੇ ਅਸੀਂ ਕਹੀਏ ਕਿ ਇਹਦੇ ਵਾਸਤੇ ਡਾਕਟਰੀ ਇਲਾਜ ਹੀ ਕਰਵਾਇਆ ਜਾ ਸਕਦਾ ਹੈ, ਉਸਤੋਂ ਬਿਨਾਂ ਇਹ ਰੋਗ ਠੀਕ ਨਹੀਂ ਹੋ ਸਕਦਾ ਤਾਂ ਇਹ ਸਾਡੀ ਗਲਤ ਫ਼ਹਿਮੀ ਹੈ। ਇਹਦੇ ਲਈ ਦਵਾਈ ਤੋਂ ਵੱਧ ਉਸ ਡਿਪਰੈਸ਼ਨ ਦੇ ਸ਼ਿਕਾਰ ਵੀਰ/ਭੈਣ ਜਾਂ ਬੱਚੇ ਨੂੰ ਸਾਡੇ ਸਾਥ ਦੀ ਵੱਧ ਲੋੜ ਹੁੰਦੀ ਹੈ। ਬਿਨਾਂ ਸ਼ੱਕ ਇਹਦੇ ਵਾਸਤੇ ਸਾਨੂੰ ਬਹੁਤ ਵੱਡੇ ਜੇਰੇ ਦੀ ਤੇ ਠਰ੍ਹਮੇ ਦੀ ਲੋੜ ਪਵੇਗੀ ਕਾਰਨ ਕਿ ਪਹਿਲਾਂ ਪਹਿਲ ਅਜਿਹਾ ਰੋਗੀ ਸਾਡੇ ਉੱਤੇ ਗਾਲ੍ਹਾਂ ਦੀ ਬੁਛਾੜ ਵੀ ਕਰ ਸਕਦਾ ਹੈ ਤੇ ਮਾਰ ਕੁਟਾਈ ਤੱਕ ਵੀ ਜਾ ਸਕਦਾ ਹੈ। ਇਹਦੇ ਬਾਵਜੂਦ ਜੇ ਅਸੀਂ ਉਹਦੇ ਨਾਲ ਪਿਆਰ ਨਾਲ ਪੇਸ਼ ਆਉਂਦੇ ਰਹੇ ਤੇ ਉਹਨੂੰ ਇਹ ਮਹਿਸੂਸ ਕਰਵਾਉਣ ਵਿਚ ਕਾਮਯਾਬ ਰਹੇ ਕਿ ਉਹ ਇਕੱਲਾ/ਇਕੱਲੀ ਨਹੀਂ ਅਸੀਂ ਹਰ ਹਾਲ ਉਹਦੇ ਨਾਲ ਹਾਂ ਤਾਂ ਉਹ ਏਸ ਨਿਰਾਸ਼ਾ ਦੇ ਆਲਮ ਵਿਚੋਂ ਬਹੁਤ ਛੇਤੀ ਬਾਹਰ ਨਿੱਕਲ ਆਵੇਗਾ/ਆਵੇਗੀ। ਜੇ ਅਸੀਂ ਲਾਪਰਵਾਹੀ ਵਰਤਦੇ ਰਹੇ ਤਾਂ ਇਕ ਦਿਨ ਹੋ ਸਕਦੈ ਕਿ ਉਹ ਜ਼ਿੰਦਗੀ ਹੀ ਸਾਡੇ ਹੱਥਾਂ ਵਿਚੋਂ ਕਿਰ ਜਾਵੇ।

ਇਹ ਤਾਂ ਸੀ ਕਿ ਜੇ ਕੋਈ ਇਸ ਰੋਗ ਦਾ ਸ਼ਿਕਾਰ ਹੋ ਹੀ ਜਾਵੇ ਤਾਂ ਉਹਨੂੰ ਕਿਵੇਂ ਠੀਕ ਕਰੀਏ?

ਹੁਣ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਕਰੀਏ ਕੀ? ਜਿਸ ਨਾਲ ਅਸੀਂ ਅਜਿਹੀ ਸਥਿਤੀ ਵਿਚ ਪਹੁੰਚੀਏ ਹੀ ਨਾ !

ਇਹਦੇ ਵਾਸਤੇ ਇਕ ਅਮਰੀਕਨ ਡਾਕਟਰ ਨੇ ਇਕ ਵਾਰ ਸਾਡੀ ਕਿਸੇ ਸਾਹਿਤ ਸਭਾ ਵਿਚ ਬੜਾ ਹੀ ਗੁਣਕਾਰੀ ਖੁਲਾਸਾ ਕੀਤਾ। ਸਾਰੇ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਉਹਨਾਂ ਦੀਆਂ ਰਚਨਾਵਾਂ ਉੱਤੇ ਚਰਚਾ ਹੋਈ ਤੇ ਆਪਸ ਵਿਚ ਮਿਲ ਬੈਠ ਕੇ ਸਾਹਿਤਕਾਰਾਂ ਨੇ ਹਾਸਾ-ਠੱਠਾ ਵੀ ਕੀਤਾ। ਗੋਰਾ ਭਾਵੇਂ ਪੰਜਾਬੀ ਬਹੁਤੀ ਨਹੀਂ ਸੀ ਸਮਝਿਆ ਪਰ ਸਾਡੀਆਂ ਗਤੀਵਿਧੀਆਂ ਤੋਂ ਉਹਨੇ ਅੰਦਾਜ਼ਾ ਲਾ ਲਿਆ ਤੇ ਫੇਰ ਉਹਨੇ ਸਾਨੂੰ ਸਭ ਨੂੰ ਇਕ ਭਾਸ਼ਣ ਦਿੱਤਾ ਜਿਸ ਦਾ ਸੰਖੇਪ ਸਾਰ ਇਹ ਸੀ ਕਿ ਤੁਸੀਂ ਸਾਰੇ ਜਿਵੇਂ ਮਿਲ ਕੇ ਬੈਠੇ, ਹੱਸੇ ਖੇਡੇ, ਉਹ ਸਭ ਤੁਹਾਡੀ ਜ਼ਿੰਦਗੀ ਨੂੰ ਵਧਾਉਣ ਦਾ ਇਕ ਕਾਮਯਾਬ ਸਾਧਨ ਹੈ। ਜੇ ਤੁਸੀਂ ਜ਼ਿੰਦਗੀ ਵਿਚ ਖ਼ੁਸ਼ ਰਹਿਣਾ ਚਾਹੁੰਦੇ ਹੋ ਤਾਂ ਪਰਿਵਾਰ ਵਿਚ ਹਮੇਸ਼ਾ ਖ਼ੁਸ਼ੀ ਦੇ ਪਲ ਲੱਭਦੇ ਰਹੋ। ਇਕ ਦੂਜੇ ਨੂੰ ਥੱਲੇ ਲਾਉਣ ਦੀ ਜਗ੍ਹਾ ਇਕ ਦੂਜੇ ਦਾ ਹੌਸਲਾ ਵਧਾਓ। ਜੇ ਘਰ ਵਿਚ ਲੜਾਈ ਝਗੜੇ ਦਾ ਮਾਹੌਲ ਬਣਿਆ ਰਹੇ ਤੇ ਘਰ ਦਾ ਕੋਈ ਮੈਂਬਰ ਜਿਸ ਦੀ ਮਾਨਸਿਕ ਸਥਿਤੀ ਮਜ਼ਬੂਤ ਨਹੀਂ ਤਾਂ ਉਹ ਇਸ ਹਾਲਤ ਵਿਚ ਪੁੱਜ ਸਕਦਾ ਹੈ। ਉਸ ਗੋਰੇ ਨੇ ਇਕ ਗੱਲ ਹੋਰ ਕਹੀ ਕਿ ਆਪਣੇ ਅੰਦਰਲੇ ਬੱਚੇ ਨੂੰ ਕਦੇ ਨਾ ਮਰਨ ਦਿਓ। ਬੱਚੇ ਹਮੇਸ਼ਾ ਨਿਰਛਲ ਹੁੰਦੇ ਹਨ ਇਸ ਕਰਕੇ ਉਹਨਾਂ ਵਰਗੀ ਮਾਨਸਿਕਤਾ ਨਾਲ ਰਹੋਗੇ ਤਾਂ ਹਮੇਸ਼ਾ ਖ਼ੁਸ਼ ਰਹੋਗੇ।

ਤੇ ਓਸ ਡਾਕਟਰ ਦੀ ਗੱਲ ਨੂੰ ਮੈਂ ਪ੍ਰੈਕਟੀਕਲੀ ਜਿਉਂਦੀ ਹਾਂ। ਮੈਂ ਆਪਣੇ ਆਪ ਨੂੰ ਵਧੇਰੇ ਕਰਕੇ ਬੱਚੇ ਦੇ ਰੂਪ ਵਿਚ ਹੀ ਰੱਖਦੀ ਹਾਂ। ਘਰ ਵਿਚ ਤਕਰੀਬਨ ਕਿਸੇ ਨਾਲ ਵੀ ਬੱਚੇ ਦੀ ਆਵਾਜ਼ ਵਿਚ ਬੋਲ ਕੇ ਮਾਹੌਲ ਨੂੰ ਖ਼ੁਸ਼ਨੁਮਾ ਕਰ ਦਿੰਦੀ ਹਾਂ। ਉਸ ਸਮੇਂ ਜੇ ਕੋਈ ਔਖਾ ਭਾਰਾ ਵੀ ਹੋਵੇ ਤਾਂ ਉਹ ਵੀ ਖ਼ੁਸ਼ ਹੋ ਕੇ ਤਣਾਓ ਮੁਕਤ ਹੋ ਜਾਂਦਾ ਹੈ।

ਮੈਂ ਆਪਣੇ ਦੋਹਤੀ ਦੋਹਤੇ ਦਾ ਬੱਚਾ ਬਣ ਜਾਂਦੀ ਰਹੀ ਹਾਂ! ਜਦ ਦੋਹਤੀ ਤਿੰਨ ਚਾਰ ਸਾਲ ਦੀ ਸੀ ਤਾਂ ਉਹ ਮੈਨੂੰ ਬੱਚਾ ਮੰਨ ਕੇ ਓਸੇ ਤਰ੍ਹਾਂ ਡਾਂਟਦੀ ਜਿਵੇਂ ਉਹਦੀ ਮਾਂ ਉਹਨੂੰ ਡਾਂਟਦੀ ਹੁੰਦੀ ਤੇ ਜਦ ਦੋਹਤਾ ਤਿੰਨ ਚਾਰ ਸਾਲ ਦਾ ਸੀ ਤਾਂ ਉਹ ਮੇਰਾ ਪਾਪਾ ਬਣ ਜਾਂਦਾ ਤੇ ਮੇਰੇ ਨਾਲ ਓਦਾਂ ਹੀ ਪੇਸ਼ ਆਉਂਦਾ ਜਿਵੇਂ ਕੋਈ ਪਿਓ ਆਪਣੇ ਬੱਚੇ ਨਾਲ ਆਉਂਦਾ ਹੈ। ਸੱਚ ਜਾਣਿਓ, ਏਨੀ ਸੰਘਰਸ਼ਾਂ ਭਰੀ ਜ਼ਿੰਦਗੀ ਨੂੰ ਜੇ ਮੈਂ ਸਹਿਜ ਨਾਲ ਜਿਉਂ ਸਕੀ ਹਾਂ ਤਾਂ ਉਹਦੇ ਪਿੱਛੇ ਮੇਰੀ ਏਸੇ ਜੁਗਤ ਦਾ ਹੱਥ ਹੈ ਕਿ ਮੈਂ ਦੁੱਖਾਂ ਦੇ ਪਹਾੜਾਂ ਨੂੰ ਪਾਸੇ ਧੱਕ ਕੇ ਇਕ ਬੱਚੇ ਦੇ ਰੂਪ ਵਿਚ ਜਿਉਣ ਲੱਗਦੀ ਹਾਂ ਜਿਸ ਨੂੰ ਕਿਸੇ ਚੜ੍ਹੀ ਲੱਥੀ ਦੀ ਕੋਈ ਪ੍ਰਵਾਹ ਨਹੀਂ ਹੁੰਦੀ।




## ਡਾਇਬਟੀਜ਼ ਰੋਗ
### ਕਿਸੇ ਚੈਲੇਂਜ ਤੋਂ ਘੱਟ ਨਹੀਂ ਹੈ

ਲਿਖਤ : ਅਨਿਲ ਧੀਰ, 647.853.5800

ਵਿਸ਼ਵ ਡਾਇਬਟੀਜ਼ ਦਿਵਸ 14 ਨਵੰਬਰ, 2022 ਦੇ ਮੌਕੇ 'ਤੇ ਲਾਈਫ ਸਟਾਇਲ ਨਾਲ ਜੁੜੀ ਆਮ ਬਿਮਾਰੀ ਸ਼ੂਗਰ ਰੋਗੀਆਂ ਦੇ ਵੱਧ ਰਹੇ ਆਂਕੜੇ 'ਤੇ ਚਿੰਤਾ ਜ਼ਾਹਿਰ ਕੀਤੀ ਗਈ। ਮਕਸਦ, ਸ਼ੂਗਰ ਰੋਗੀ-ਪਰਿਵਾਰ ਦੀ ਭਾਵਨਾਤਮਕ, ਦੇਖਭਾਲ ਅਤੇ ਜਾਗਰੂਕਤਾ ਪੈਦਾ ਕਰਨ ਵਿਚ ਮਦਦ ਕਰਨਾ ਹੈ। ਚੁਣੌਤੀਆਂ ਦਾ ਸਾਹਮਣਾ ਕਰ ਰਹੇ ਸ਼ੂਗਰ ਰੋਗੀਆਂ ਨੂੰ ਬਿਮਾਰੀ ਦੇ ਨਾਲ ਜੀਊਣ ਲਈ ਐਜੂਕੇਟ ਵੀ ਕੀਤਾ ਗਿਆ।

ਇਨਸੁਲਿਨ ਦੀ ਖੋਜ ਤੋਂ ਕਰੀਬਨ 100 ਸਾਲ ਬਾਅਦ ਵੀ ਅੱਜ ਵਿਸ਼ਵਭਰ ਵਿੱਚ ਪ੍ਰੀ-ਡਾਇਬਟੀਜ਼ ਅਤੇ ਸ਼ੂਗਰ ਰੋਗ ਹਰ ਉਮਰ ਵਾਲਿਆਂ ਨੂੰ ਆਪਣੇ ਘੇਰੇ ਵਿੱਚ ਲੈ ਰਿਹਾ ਹੈ। ਸ਼ੂਗਰ ਰੋਗੀਆਂ ਦੀ ਸਹੀ ਸਮੇਂ 'ਤੇ ਲਗਾਤਾਰ ਦੇਖਭਾਲ, ਪਹੁੰਚ ਅਤੇ ਬਿਮਾਰੀ ਦੌਰਾਨ ਪ੍ਰਬੰਧਨ ਯਾਨਿ ਮੇਨੇਜਮੈਂਟ ਬਾਰੇ ਚਰਚਾ ਕਰਨਾ ਹੈ। ਇਸ ਨਾਮੁਰਾਦ ਬਿਮਾਰੀ ਤੋਂ ਹੋਣ ਵਾਲੀਆਂ ਮੁਮਕਿਨ ਪਰੇਸ਼ਾਨਿਆਂ ਤੋਂ ਬਚਾਉਣਾ ਦੇ ਨਾਲ ਮਦਦ ਕਰਨਾ ਵੀ ਹੈ।

ਵਿਸ਼ਵ ਭਰ ਵਿਚ 19 ਤੋਂ 79 ਤੱਕ ਦੀ ਉਮਰ ਦੇ ਲੋਕ ਸ਼ੂਗਰ ਰੋਗ ਨਾਲ ਜ਼ਿੰਦਗੀ ਬਿਤਾ ਰਹੇ ਹਨ, ਜੋ 2045 ਤੱਕ ਕਰੀਬਨ 700 ਮਿਲੀਅਨ ਦਾ ਆਂਕੜਾ ਹੋ ਜਾਣ ਦੀ ਸੰਭਾਵਨਾ ਹੈ। ਲਗਭਗ 79% ਬਾਲਗ ਰੋਗੀ ਘੱਟ 'ਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਰਹਿ ਰਹੇ ਹਨ। 65 ਤੋਂ ਵੱਧ ਉਮਰ ਦੇ ਲੋਕਾਂ ਵਿਚ 5 ਵਿਚੋਂ 1 ਨੂੰ ਬਿਮਾਰੀ ਹੈ। ਬੱਚੇ ਅਤੇ ਨੌਜਵਾਨ 1.1 ਮਿਲੀਅਨ ਤੋਂ ਵੱਧ ਟਾਈਪ-1 ਡਾਇਬਟੀਜ਼ ਨਾਲ ਜੀ ਰਹੇ ਹਨ। ਕਰੀਬਨ 20 ਮਿਲੀਅਨ ਤੋਂ ਵੱਧ ਗਰਭ ਅਵਸਥਾ ਦੌਰਾਨ ਸ਼ੂਗਰ ਪ੍ਰਭਾਵਿਤ ਹੁੰਦੇ ਹਨ। ਅੱਜ ਬਦਲ ਰਹੇ ਲਾਈਫ ਸਟਾਇਲ ਨੇ 374 ਮਿਲੀਅਨ ਲੋਕਾਂ ਵਿਚ ਟਾਈਪ-2 ਡਾਇਬਟੀਜ਼ ਦਾ ਖਤਰਾ ਵਧਾ ਦਿੱਤਾ ਹੈ।

ਟਾਈਪ-1 ਡਾਇਬਟੀਜ਼ ਵਿਚ ਵਿਚ ਪੀੜਿਤ ਇਨਸੁਲਿਨ 'ਤੇ ਨਿਰਭਰ ਹੁੰਦਾ ਹੈ, ਜੋ ਇੱਕ ਲੰਬੇ ਸਮੇਂ ਦੀ ਹਾਲਤ ਵਿਚ ਪਾਚਕ ਘੱਟ ਜਾਂ ਕੋਈ ਇਨਸੁਲਿਨ ਪੈਦਾ ਕਰਦੇ। ਇਨਸੁਲਿਨ ਇਕ ਐਨਾਬੋਲਿਕ ਹਾਰਮੋਨ ਹੈ ਜੋ ਟਾਇਰੋਸਾਈਨ ਕਿਨੇਸ ਰੀਸੈਪਟਰ ਰਸਤੇ ਰਾਹੀਂ ਗਲੁਕੋਜ਼ ਦੀ ਮਾਤਰਾ, ਗਲਾਈਕੋਜੇਨੇਸਿਸ, ਲਿਪੋਜੀਨੇਸਿਸ ਅਤੇ ਪਿੰਜਰ ਮਾਸਪੇਸ਼ੀ 'ਤੇ ਚਰਬੀ ਦੇ ਟਿਸ਼ੂ ਦੇ ਪ੍ਰੋਟੀਨ ਸੰਸਲੇਸ਼ਣ ਨੂੰ ਉਤਸ਼ਾਹਤ ਕਰਦਾ ਹੈ। ਲਗਾਤਾਰ ਖੋਜ ਦੇ ਬਾਵਜੂਦ ਟਾਈਪ-1 ਸ਼ੂਗਰ ਦਾ ਨਿਸ਼ਚਿਤ ਇਲਾਜ ਨਹੀਂ ਹੈ। ਇਲਾਜ ਪੇਚੀਦਗੀਆਂ ਨੂੰ ਰੋਕਣ ਲਈ ਇਨਸੁਲਿਨ, ਖੁਰਾਕ ਅਤੇ ਜੀਵਨ ਸ਼ੈਲੀ ਦੇ ਨਾਲ ਬਲੱਡ ਸ਼ੂਗਰ ਦੇ ਲੈਵਲ ਨੂੰ ਮੈਨੇਜ ਕਰਨ 'ਤੇ ਧਿਆਨ ਦਿੱਤਾ ਜਾ ਰਿਹਾ ਹੈ।

ਟਾਈਪ-1 ਡਾਇਬਟੀਜ਼ ਦੇ ਲੱਛਣ ਅਚਾਨਕ ਪੈਦਾ ਹੋ ਸਕਦੇ ਹਨ ਜਿਵੇਂ: ਪਿਆਸ ਦਾ ਵੱਧ ਜਾਣਾ, ਬਾਰ-ਬਾਰ ਪਿਸ਼ਾਬ ਆਉਣਾ, ਭੁੱਖ ਵਿਚ ਵਾਧਾ, ਵਜਨ ਘਟਣਾ, ਸਰੀਰ 'ਤੇ ਮਾਨਸਿਕ ਥਕਾਵਟ ਰਹਿਣਾ, ਮੂਡ ਬਦਲਣਾ, ਵਿਅਕਤੀ ਚਿੜਚੜੇਪਨ ਦਾ ਸ਼ਿਕਾਰ ਹੋਣ ਦਾ ਨਾਲ ਧੁੰਦਲਾ ਦਿਸਣਾ ਸ਼ੁਰੂ ਹੋ ਜਾਂਦਾ ਹੈ। ਸੀਨੀਅਰਜ਼ ਵਿਚ ਬਿਸਤਰੇ 'ਤੇ ਵੀ ਪਿਸ਼ਾਬ ਨਿਕਲ ਜਾਂਦਾ ਹੈ। ਟਾਈਪ-1 ਸ਼ੂਗਰ ਦੇ ਸਹੀ ਕਾਰਨ 'ਤੇ ਖੋਜ ਚਲ ਰਹੀ ਹੈ। ਸੰਭਾਵਿਤ ਕਾਰਨਾਂ ਵਿਚ ਕਮਜ਼ੋਰ ਇਮੀਊਨ ਸਿਸਟਮ, ਜੈਨੇਟਿਕਸ ਦੇ ਨਾਲ, ਵਾਤਾਵਰਣ ਅਤੇ ਵਾਇਰਸਾਂ ਨੂੰ ਮੰਨਿਆ ਜਾ ਰਿਹਾ ਹੈ।

ਟਾਈਪ-2 ਸ਼ੂਗਰ ਦੇ ਲੱਛਣਾਂ ਹੌਲੀ-ਹੌਲੀ ਵਿਕਸਿਤ ਹੁੰਦੇ ਹਨ। ਜਿਵੇਂ- ਜ਼ਖਮ ਦੇਰ ਨਾਲ ਠੀਕ ਹੋਣਾ, ਵਾਰ-ਵਾਰ ਇਨਫੈਕਸ਼ ਦਾ ਹੋਣਾ, ਧੁੰਦਲੀ ਨਜ਼ਰ, ਪਿਆਸ ਵੱਧ ਜਾਣਾ, ਵਾਰ-ਵਾਰ ਪਿਸ਼ਾਬ ਆਉਣਾ, ਭੁੱਖ ਵਿਚ ਵਾਧਾ, ਵਜ਼ਨ ਦਾ ਘਟਣਾ, ਸਰੀਰ ਥੱਕਿਆ ਰਹਿਣਾ, ਵਗੈਰਾ ਵਿਅਕਤੀ ਵਿਚ ਦੇਖਣ ਨੂੰ ਮਿਲਦੇ ਹਨ। ਟਾਈਪ-2 ਸ਼ੂਗਰ ਦੇ ਵਿਕਾਸ ਵੇਲੇ ਸਰੀਰ ਇਨਸੁਲਿਨ ਪ੍ਰਤੀਰੋਧਕ ਬਣ ਜਾਂਦਾ ਹੈ ਜਾਂ ਜਦੋਂ ਪੈਨਕ੍ਰੀਅਸ ਇੰਸੁਲਿਨ ਪੈਦਾ ਕਰਨ ਵਿਚ ਅਸਮਰਥ ਹੁੰਦਾ। ਇਸਦੇ ਅਸਲ ਕਾਰਨ ਦੀ ਖੋਜ ਜਾਰੀ ਹੈ। ਟਾਈਪ-2 ਡਾਇਬਟੀਜ਼ ਦੀ ਪ੍ਰਕਿਰਿਆ ਚੰਗੀ ਤਰਾਂ ਕੰਮ ਨਹੀਂ ਕਰਦੀ, ਸ਼ੈਲਾਂ ਵਿਚ ਜਾਣ ਦੀ ਬਜਾਏ ਸ਼ੂਗਰ ਖੂਨ ਦੇ ਪ੍ਰਵਾਹ ਵਿਚ ਵੱਧ ਜਾਂਣ ਨਾਲ ਬਲੱਡ ਸ਼ੂਗਰ ਦਾ ਪੱਧਰ ਵੱਧਦਾ ਜਾਂਦਾ ਹੈ। ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ। ਪੈਨਕ੍ਰੀਅਸ ਵਿਚ ਇਨਸੁਲਿਨ ਪੈਦਾ ਕਰਨ ਵਾਲੇ ਬੀਟਾ ਸੈਲ ਜਿਅਦਾ ਇਨਸੁਲਿਨ ਛੱਡਦੇ ਹਨ, ਲੇਕਿਨ ਅੰਤ ਵਿਚ ਇਹ ਸੈਲ ਕਮਜ਼ੋਰ ਹੋ ਜਾਣ ਨਾਲ ਸਰੀਰ ਦੀ ਲੋੜ ਮੁਤਾਬਿਕ ਇਨਸੁਲਿਨ ਨਹੀਂ ਬਣਾਉਂਦੇ।

ਕੇਅਰ ਹਰ ਉਮਰ 'ਚ ਜਰੂਰੀ ਹੈ :

- ਡਾਇਬਟੀਜ਼-1 ਨੂੰ ਡਾਇਬਟੀਜ਼ ਕਲੀਨਿਕਾਂ ਅਤੇ ਫੇਮਿਲੀ ਡਾਕਟਰ ਦੀ ਸਲਾਹ ਨਾਲ ਯਾਨਿ ਹੈਲਦੀ ਲਾਈਫ ਸਟਾਇਲ, ਕੰਪਲੀਟ ਬਲੱਡ ਵਰਕ, ਹਰ 3 ਮਹੀਨੇ ਬਾਅਦ ਏ1ਸੀ ਸ਼ੂਗਰ ਲੈਵਲ ਚੈਕ, ਡੇਲੀ ਖਾਣੇ ਤਂ ਪਹਿਲਾਂ ਅਤੇ ਭੋਜਨ ਤੋਂ ਬਾਅਦ, ਸ਼ੂਗਰ ਦੀ ਸਵੈ-ਪ੍ਰਬੰਧਨ ਸਿੱਖਿਆ, ਵਗੈਰਾ ਬਿਮਾਰੀ ਨਾਲ ਲੌਂਗ ਲਾਈਫ ਦਾ ਮੌਕਾ ਦੇ ਸਕਦਾ ਹੈ।
- ਆਮ ਏ1ਸੀ ਦਾ 5.7% ਤੋਂ 6.4% ਲੈਵਲ ਪ੍ਰੀ-ਡਾਇਬਟੀਜ਼ ਅਤੇ 6.5 ਤੋਂ ਵੱਧ ਦਾ ਲੈਵਲ ਡਾਇਬਟੀਜ਼ ਦਾ ਸੰਕੇਤ ਦਿੰਦਾ ਹੈ। ਸਰੀਰ ਅੰਦਰ ਏ1ਸੀ ਦਾ ਲੈਵਲ ਜਿੰਨਾਂ ਜ਼ਿਆਦਾ ਹੋਵੇਗਾ, ਟਾਈਪ 2 ਡਾਇਬਟੀਜ਼ ਦਾ ਖਤਰਾ ਵੀ ਵੱਧ ਹੋਵੇਗਾ।
- ਆਪਣੇ ਸਰੀਰ ਦੇ ਵਜ਼ਨ ਨੂੰ ਕੰਟਰੋਲ ਕਰਨ ਲਈ ਡੇਲੀ ਵਰਕ-ਆਊਟ, 30 ਮਿਨਟ ਸੈਰ, ਦੌੜ, ਯੋਗਾ, ਸਟ੍ਰੈਚਿੰਗ, ਜਰੂਰ ਕਰੋ। ਕਸਰਤ ਇਨਸੁਲਿਨ ਦੀ ਸੰਵੇਦਨਸ਼ੀਲਤਾ ਨੂੰ ਵਧਾਉਣ ਦੇ ਨਾਲ ਸਰੀਰ ਦੀ ਮਾਂਸਪੇਸ਼ੀਆਂ ਨੂੰ ਖੂਨ ਵਿੱਚੋਂ ਸ਼ੱਕਰ ਚੁੱਕਣ ਵਿਚ ਮਦਦ ਕਰਕੇ ਬਲੱਡ ਸ਼ੂਗਰ ਦਾ ਲੈਵਲ ਘੱਟ ਜਾਂਦਾ ਹੈ।
- ਔਰਤਾਂ ਦੀ 35 ਇੰਚ ਤੋਂ ਵੱਧ ਕਮਰ ਅਤੇ ਪੁਰਸ਼ਾਂ ਦੀ 40 ਇੰਚ ਤੋਂ ਵੱਧ ਦਾ ਘੇਰਾ ਡਾਬਿਟੀਜ਼ ਨੂੰ ਸੱਦਾ ਦੇ ਸਕਦਾ ਹੈ।
- ਫੈਮਿਲੀ ਸ਼ੂਗਰ ਹਿਸਟਰੀ ਵਾਲਿਆਂ ਨੂੰ ਆਪਣੀ ਜੀਵਨ ਸ਼ੈਲੀ 'ਤੇ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਸਾਊਥ-ਏਸ਼ਿਅਨਸ ਨੂੰ ਬਿਮਾਰੀ ਦਾ ਵੱਧ ਖਤਰਾ ਬਣਿਆ ਰਹਿੰਦਾ ਹੈ। ਸਰੀਰ ਦੀ ਹਿਲਡੁੱਲ ਦੀ ਵੱਧ ਲੋੜ ਰਹਿੰਦੀ ਹੈ।
- ਜੰਕ-ਫੂਡ ਦਾ ਵੱਧ ਸੇਵਨ, ਲਗਾਤਾਰ ਬੈਠੇ ਰਹਿਣਾ, ਕਸਰਤ ਦੀ ਘਾਟ, ਵਾਰ-ਵਾਰ ਖਾਣ-ਪੀਣ ਦੀ ਆਦਤ, ਕਿਸੇ ਵੀ ਕੰਮ ਨੂੰ ਅੱਗੇ ਪਾ ਦੇਣਾ ਯਾਨਿ ਆਲਸੀਪਨ ਕਿਸੇ ਨੂੰ ਵੀ ਡਾਇਬਟੀਜ਼ ਦਾ ਸ਼ਿਕਾਰ ਬਣਾ ਸਕਦਾ ਹੈ।
- ਕਾਰਬਜ਼ ਨੂੰ ਡਲੁਕੋਜ਼ ਵਿਚ ਵੰਡਿਆ ਜਾਂਦਾ ਹੈ, ਜੋ ਬਲੱਡ ਸ਼ੂਗਰ ਦੇ ਪੱਧਰ ਵਧਾ ਦਿੰਦਾ ਹੈ। ਡੇਲੀ ਖੁਰਾਕ ਵਿਚ ਕਾਰਬਜ਼ ਦਾ ਇਸਤੇਮਾਲ ਘੱਟ ਕਰਕੇ ਸਰੀਰ ਅੰਦਰ ਬਲੱਡ ਸ਼ੂਗਰ ਨੂੰ ਕੰਟਰੋਲ ਕਰੋ। ਆਪਣੀ ਖੁਰਾਕ ਵਿਚ ਮੌਸਮੀ ਤਾਜ਼ੇ ਫੱਲ-ਸਬਜ਼ੀਆਂ, ਮੀਟ, ਮੱਛੀ, ਅੰਡੇ, ਗਲੁਟਿਨ ਫ੍ਰੀ ਪਦਾਰਥ, ਪੰਪਕਿਨ ਸੀਡਜ਼, ਬਦਾਮ ਗਿਰੀ, ਆਲਿਵ ਤੇਲ, ਵਗੈਰਾ ਸ਼ਾਮਿਲ ਕਰੋ।
- ਸ਼ੂਗਰ ਦੇ ਰੋਗੀ ਅਤੇ ਡਾਇਬਟੀਜ਼ ਤੋਂ ਬਚਣ ਲਈ ਸਾਫਟ ਡਰਿੰਕ, ਆਈਸ ਕਰੀਮ, ਚੀਨੀ, ਰਿਫਾਂਇੰਡ ਅਨਾਜ, ਚਾਵਲ, ਪਾਸਤਾ, ਹਾਈਡ੍ਰੋਜਨੇਟਿਡ ਤੇਲ, ਬੇਕਰੀ- ਪ੍ਰੋਡਕਟਸ, ਮਿੱਠੇ ਸੀਰੀਅਲ, ਸਟਾਰਚ ਦੇ ਇਸਤੇਮਾਲ ਤੋਂ ਬਚੋ।
- ਔਰਤਾਂ ਅੰਦਰ ਪੋਲੀਸਿਸਟਿਕ ਅੰਡਾਸ਼ਯ ਸਿੰਡਰੋਮ ਪੀਰੀਅਡਸ ਨੂੰ ਅੱਗੇ-ਪਿੱਛੇ ਕਰ ਦਿੰਦਾ ਹੈ। ਜੋ ਸ਼ੂਗਰ ਦਾ ਖਤਰਾ ਵਧਾ ਸਕਦਾ ਹੈ। ਪ੍ਰੈਗਨੈਂਸੀ ਦੌਰਾਨ ਤੰਦਰੁਸਤ ਬੱਚੇ ਲਈ ਔਰਤਾਂ ਆਪਣੀ ਸਿਹਤ ਦਾ ਖਾਸ ਧਿਆਨ ਰੱਖਣ ਅਤੇ ਸਮੇਂ-ਸਮੇਂ 'ਤੇ ਡਾਕਟਰੀ ਸਲਾਹ ਲਵੋ।

ਨੋਟ : ਹੈਲਦੀ ਭਵਿੱਖ ਲਈ ਆਪਣੀ ਖੁਰਾਕ ਵਿੱਚੋਂ ਖੰਡ ਅਤੇ ਰੀਫਾਇੰਡ ਕਾਰਬੋਹਾਈਡਰੇਟ ਬਾਹਰ ਕਰ ਦਿਓ। ਛੋਟੀ ਉਮਰ ਤੋਂ ਹੀ ਡੇਲੀ ਵਰਕ ਆਊਟ ਨੂੰ ਜ਼ਿੰਦਗੀ ਦਾ ਹਿੱਸਾ ਬਣਾ ਲਵੋ।

# ਪਰਿਵਾਰਵਾਦ ਅਤੇ ਦਲ ਬਦਲੂ ਸਿਆਸਤ

**ਵਲੋਂ : ਗੁਰਮੀਤ ਸਿੰਘ ਪਲਾਹੀ**
**ਸੰਪਰਕ :** 98158 – 02070



ਪੰਜਾਬ ਦਾ ਦੁਖਾਂਤ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਸਾਫ਼-ਸੁਥਰੀ, ਦਿਆਨਤਦਾਰੀ ਵਾਲੀ ਸਿਆਸਤ ਦੇ ਦਿਨ ਹੀ ਪੁੱਗ ਗਏ ਹਨ। ਪੰਜਾਬ ਵਿੱਚ ਚੋਣ ਜਿੱਤਣ ਲਈ ਲਗਭਗ ਹਰੇਕ ਸਿਆਸੀ ਧਿਰ ਦਲ ਬਦਲੂ ਅਤੇ ਪਰਿਵਾਰਵਾਦ ਵਾਲੀ ਸਿਆਸਤ ਨੂੰ ਹੁਲਾਰਾ ਦੇ ਰਹੀ ਹੈ। ਮਕਸਦ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨ ਦਾ ਨਹੀਂ, ਪੰਜਾਬ ਹਿਤੈਸ਼ੀ ਸਿਆਸਤ ਕਰਨ ਦਾ ਵੀ ਨਹੀਂ, ਮਕਸਦ ਤਾਂ ਪੰਜਾਬ ਵਿੱਚ ਸਿਆਸੀ ਤਾਕਤ ਹਥਿਆਉਣ ਦਾ ਹੈ।

ਪੰਜਾਬ ਦੀਆਂ ਜ਼ਿਮਨੀ ਚੋਣਾਂ ਦੇ ਹਾਲਾਤ ਵਾਚ ਲਵੋ। ਚਾਰ ਸੀਟਾਂ, ਗਿੱਦੜਵਾਹਾ ਅਤੇ ਬਰਨਾਲਾ (ਮਾਲਵਾ), ਡੇਰਾ ਬਾਬਾ ਨਾਨਕ (ਮਾਝਾ), ਚੱਬੇਵਾਲ (ਦੁਆਬਾ) ਵਿੱਚ ਚੋਣਾਂ ਹਨ। ਅਜ਼ਾਦ ਉਮੀਦਵਾਰਾਂ ਵਿੱਚੋਂ ਬਹੁਤੇ ਸਿਆਸੀ ਪਾਰਟੀਆਂ ਤੋਂ ਰੁੱਸੇ ਹੋਏ ਹਨ। ਚਾਰੇ ਸੀਟਾਂ ਉੱਤੇ ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ ਨੇ ਜੋ 12 ਅਧਿਕਾਰਤ ਉਮੀਦਵਾਰ ਖੜ੍ਹੇ ਕੀਤੇ ਹਨ, ਉਹਨਾਂ ਵਿੱਚੋਂ 6 ਦਲ ਬਦਲੂ, 3 ਸੰਸਦ ਮੈਂਬਰਾਂ ਦੀਆਂ ਪਤਨੀਆਂ, ਬੇਟਾ ਚੋਣ ਲੜ ਰਹੇ ਹਨ। ਪਰਿਵਾਰ ਦਾ ਸ਼ਿਕਾਰ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਇਹਨਾਂ ਜ਼ਿਮਨੀ ਚੋਣਾਂ ਵਿੱਚ ਮੈਦਾਨੋਂ ਭੱਜ ਤੁਰੀ ਹੈ। ਕਾਂਗਰਸ ਨੂੰ ਕੀ ਐੱਮ.ਪੀ. ਸੁਖਜਿੰਦਰ ਸਿੰਘ ਦਿ ਪਤਨੀ ਜਤਿੰਦਰ ਕੌਰ ਤੋਂ ਬਿਨਾਂ ਜਾਂ ਐੱਮ.ਪੀ. ਕਾਂਗਰਸ ਸੂਬਾ ਪ੍ਰਧਾਨ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਤੋਂ ਬਿਨਾਂ ਜਾਂ ਆਮ ਆਦਮੀ ਪਾਰਟੀ ਦੇ ਐੱਮ.ਪੀ. ਰਾਜ ਕੁਮਾਰ ਚੱਬੇਵਾਲ ਨੂੰ ਆਪਣੇ ਪੁੱਤਰ ਤੋਂ ਬਿਨਾਂ ਪਾਰਟੀ ਵਿੱਚ ਚੋਣ ਲੜਨ ਲਈ ਕੋਈ ਆਮ ਉਮੀਦਵਾਰ ਜਾਂ ਨੇਤਾ ਹੀ ਨਹੀਂ ਮਿਲਿਆ ਜਾਂ ਭਾਜਪਾ ਨੂੰ ਆਪਣੇ ਸਿੱਕੇਬੰਦ ਵਰਕਰਾਂ ਵਿੱਚੋਂ ਕੋਈ ਚਿਹਰਾ ਪਸੰਦ ਹੀ ਨਹੀਂ ਆਇਆ ਕਿ ਉਹ ਵਿਧਾਨ ਸਭਾ ਚੋਣ ਲੜ ਸਕੇ। ਭਾਜਪਾ ਨੇ ਤਾਂ ਲਗਭਗ ਸਾਰੀਆਂ ਸੀਟਾਂ ਉੱਤੇ ਟੇਕ ਦਲ ਬਦਲੂਆਂ 'ਤੇ ਰੱਖ ਛੱਡੀ ਹੈ। ਚੋਣਾਂ ਦੀ ਨਾਮਜ਼ਦਗੀ ਤੋਂ ਇੱਕ ਦਿਨ ਪਹਿਲਾਂ ਹੀ ਚੱਬੇਵਾਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ 'ਸੋਹਣ ਸਿੰਘ ਠੰਡਲ' ਨੂੰ ਭਾਜਪਾ ਵਿੱਚ ਸ਼ਾਮਲ ਕਰਕੇ ਚੋਣ ਲੜਾਈ ਜਾ ਰਹੀ ਹੈ। ਸਿਮਰਨਜੀਤ ਸਿੰਘ ਮਾਨ ਦਾ ਦੋਹਤਰਾ ਬਰਨਾਲਾ ਤੋਂ ਗੋਬਿੰਦ ਸਿੰਘ ਸੰਧੂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਉਮੀਦਵਾਰ ਹੈ।

ਕਾਂਗਰਸ 2027 ਦੀਆਂ ਵਿਧਾਨ ਸਭਾ ਚੋਣਾਂ ਉੱਤੇ ਅੱਖ ਟਿਕਾਈ ਬੈਠੀ ਹੈ। ਲੋਕ ਸਭਾ ਚੋਣਾਂ ਵਿੱਚ 7 ਸੀਟਾਂ ਜਿੱਤ ਕੇ ਉਤਸ਼ਾਹਿਤ ਹੈ। ਪਾਰਟੀ ਵਿੱਚ ਸਿਰੇ ਦੀ ਧੜੇਬੰਦੀ ਹੈ। ਪਰ ਫਿਰ ਵੀ ਸਰਕਾਰੀ ਧਿਰ ਦੇ ਵਿਰੋਧ ਵਿੱਚ ਖੜ੍ਹੀ ਕਾਂਗਰਸ ਆਪਣੀ ਕਾਰਗੁਜ਼ਾਰੀ ਨੂੰ ਸੁਧਾਰਨ ਦੇ ਯਤਨ ਵਿੱਚ ਹੈ। ਪਰ ਕਾਂਗਰਸ ਦੀ ਹਾਈਕਮਾਂਡ ਜੋ ਸਾਫ਼-ਸੁਥਰੀ ਸਿਆਸਤ ਕਰਨ ਦਾ ਦਾਅਵਾ ਕਰਦੀ ਹੈ, ਉਹ ਪਰਿਵਾਰਵਾਦ ਉੱਤੇ ਟੇਕ ਰੱਖ ਕੇ ਚੋਣਾਂ ਜਿੱਤਣ ਲਈ ਆਪਣੇ ਸੂਬਾ ਪ੍ਰਧਾਨ ਰਾਜਾ ਵੜਿੰਗ ਜੋ ਪਹਿਲਾ ਵਿਧਾਨ ਸਭਾ ਮੈਂਬਰ ਸੀ ਤੇ ਫਿਰ ਐੱਮ.ਪੀ. ਚੁਣਿਆ ਗਿਆ, ਉਸ ਦੀ ਪਤਨੀ ਨੂੰ ਹੀ ਵਿਧਾਨ ਸਭਾ ਦੀ ਟਿਕਟ ਦੇਣ ਲਈ ਮਜਬੂਰ ਹੈ, ਇਹੋ ਹਾਲ ਐੱਮ.ਪੀ. ਸੁਖਜਿੰਦਰ ਸਿੰਘ ਰੰਧਾਵਾ ਦਾ ਹੈ, ਜਿਸਦੀ ਪਤਨੀ ਨੂੰ ਡੇਰਾ ਬਾਬਾ ਨਾਨਕ ਤੋਂ ਟਿਕਟ ਮਿਲੀ ਹੈ। ਕੀ ਹਾਈ ਕਮਾਂਡ ਆਮ ਵਰਕਰਾਂ 'ਤੇ ਭਰੋਸਾ ਨਹੀਂ ਕਰ ਰਹੀ? ਕੀ ਉਸ ਦੇ ਮਨ ਵਿੱਚ ਆਪਣੇ ਨੇਤਾਵਾਂ ਦੀ ਦਲ ਬਦਲੀ ਦਾ ਡਰ ਹੈ, ਜੋ ਪਰਿਵਾਰਾਂ ਵਿੱਚੋਂ ਹੀ ਟਿਕਟਾਂ ਦੀ ਚੋਣ ਕਰ ਰਹੀ ਹੈ।

ਆਮ ਆਦਮੀ ਪਾਰਟੀ ਹੁਣ ਆਮ ਲੋਕਾਂ ਦੀ ਪਾਰਟੀ ਨਹੀਂ ਰਹੀ, ਇਹ ਵੀ ਖ਼ਾਸਮ-ਖ਼ਾਸ ਪਾਰਟੀ ਬਣ ਚੁੱਕੀ ਜਾਪਦੀ ਹੈ। ਇਸ ਪਾਰਟੀ ਵਿੱਚ ਕਲਾ ਕਲੇਸ਼ ਕਾਫੀ ਹੱਦ ਤਕ ਵੱਧ ਚੁੱਕਾ ਹੈ। ਮੌਜੂਦਾ ਮੁੱਖ ਮੰਤਰੀ ਉੱਤੇ ਦਿੱਲੀ ਦੀ ਹਾਈ ਕਮਾਂਡ ਭਰੋਸਾ ਨਹੀਂ ਕਰ ਰਹੀ। ਉਮੀਦਵਾਰਾਂ ਦੀ ਚੋਣ ਉੱਪਰੋਂ ਹੁੰਦੀ ਹੈ। ਆਮ ਆਦਮੀ ਪਾਰਟੀ ਦਾ ਕਾਡਰ ਨਿਰਾਸ਼ਤਾ ਦੇ ਆਲਮ ਵਿੱਚ ਹੈ। ਫਿਰ ਵੀ ਪਾਰਟੀ, ਸਰਕਾਰੀ ਸਹਾਇਤਾ ਨਾਲ ਹਰ ਹਰਬਾ ਵਰਤ ਕੇ ਚਾਰੋਂ ਸੀਟਾਂ ਉੱਤੇ ਕਬਜ਼ਾ ਜਮਾਉਣਾ ਚਾਹੁੰਦੀ ਹੈ। ਜਿਸ ਢੰਗ ਨਾਲ ਜਲੰਧਰ ਪੱਛਮੀ ਜ਼ਿਮਨੀ ਵਿਧਾਨ ਸਭਾ ਚੋਣ ਵੇਲੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਨੇ ਸਾਮ-ਦਾਮ-ਦੰਡ ਦੀ ਵਰਤੋਂ ਕਰਕੇ ਸੀਟ ਹਥਿਆਈ ਸੀ, ਉਸ ਕਿਸਮ ਦਾ ਮਾਹੌਲ ਸ਼ਾਇਦ ਇਹਦਾ 4 ਜ਼ਿਮਨੀ ਚੋਣਾਂ ਵਿੱਚ ਨਾ ਬਣ ਸਕੇ। ਪਰ ਭਗਵੰਤ ਮਾਨ ਆਪਣੀ ਐੱਮ.ਪੀ. ਚੋਣ ਵੇਲੇ ਹੋਈ ਹਾਰ ਨੂੰ ਕੁਝ ਹੱਦ ਤਕ ਜਿੱਤ ਵਿੱਚ ਬਦਲਣ ਲਈ ਯਤਨ ਜ਼ਰੂਰ ਕਰੇਗਾ, ਭਾਵੇਂ ਕਿ ਇਸ ਗੱਲ ਦਾ ਖਦਸ਼ਾ ਹੈ ਕਿ ਮੁੱਖ ਮੰਤਰੀ ਵਿਰੋਧੀ ਲਾਬੀ ਉਸ ਨੂੰ ਠਿੱਬੀ ਲਾਉਣ ਦੇ ਯਤਨਾਂ ਵਿੱਚ ਹੈ ਤਾਂ ਕਿ ਉਹਨਾਂ ਤੋਂ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਮੰਗਿਆ ਜਾ ਸਕੇ। ਆਮ ਆਦਮੀ ਪਾਰਟੀ ਨੇ ਜ਼ਿਮਨੀ ਚੋਣ ਵਿੱਚ ਪਾਰਟੀ ਵਿੱਚ ਬਾਹਰੋਂ ਆਏ ਲੋਕਾਂ ਨੂੰ ਟਿਕਟਾਂ ਤਾਂ ਦਿੱਤੀਆਂ ਹੀ ਹਨ। ਰਾਜ ਕੁਮਾਰ ਚੱਬੇਵਾਲ ਐੱਮ.ਪੀ. ਹੁਸ਼ਿਆਰਪੁਰ ਦੇ ਬੇਟੇ ਇਸ਼ਾਂਤ ਚੱਬੇਵਾਲ ਨੂੰ ਟਿਕਟ ਦੇ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਪਰਿਵਾਰਵਾਦ ਨੂੰ ਗਲਤ ਨਹੀਂ ਸਮਝਦੀ। ਚੋਣ ਜਿੱਤਣ ਲਈ 'ਬਾਹਰੋਂ ਆਇਆਂ ਦਾ ਤਾਂ ਸਵਾਗਤ ਹੀ ਹੈ, ਪਰਿਵਾਰ ਦੇ ਮੈਂਬਰਾਂ ਦੀ ਪੁਸ਼ਤਪਨਾਹੀ ਵੀ ਗਲਤ ਨਹੀਂ ਹੈ।'

ਭਾਜਪਾ ਤਾਂ ਪਿਛਲੇ ਲੰਮੇ ਸਮੇਂ ਤੋਂ ਢੇਰਾਂ ਦੇ ਢੇਰ ਨੇਤਾਵਾਂ ਨੂੰ ਆਪਣੇ ਪਾਰਟੀ ਵਿੱਚ ਢੋਅ ਰਹੀ ਹੈ। ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ, ਭਾਜਪਾ ਦੇ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਅਤੇ ਅਨੇਕਾਂ ਸਾਬਕਾ ਮੰਤਰੀ, ਵਿਧਾਨ ਸ਼ੋਕ ਦੇ ਭਾਅ ਭਾਜਪਾ ਵਿੱਚ ਸ਼ਾਮਲ ਕੀਤੇ ਹੋਏ ਹਨ ਅਤੇ ਉਹਨਾਂ ਨੂੰ ਹੀ ਚੋਣਾਂ ਵਿੱਚ ਅੱਗੇ ਕੀਤਾ ਜਾ ਰਿਹਾ ਹੈ। ਪਰਿਵਾਰਵਾਦ ਦਾ ਵਿਰੋਧ ਕਰਨ ਵਾਲੀ ਭਾਜਪਾ ਆਖ਼ਰ ਪੰਜਾਬ ਵਿੱਚ ਦੋਹਰੇ ਮਾਪਦੰਡ ਕਿਉਂ ਅਪਣਾ ਰਹੀ ਹੈ? ਉਸ ਨੂੰ ਐੱਮ.ਪੀ. ਚੋਣ ਵੇਲੇ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਦੇ ਪਰਿਵਾਰ ਵਿੱਚੋਂ ਉਹਨਾਂ ਦੀ ਪਤਨੀ ਪ੍ਰਨੀਤ ਕੌਰ ਹੀ ਚੋਣ ਲੜਨ ਲਈ ਕਿਉਂ ਦਿਸਦੀ ਹੈ? ਹੁਸ਼ਿਆਰਪੁਰ ਤੋਂ ਐੱਮ.ਪੀ. ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼ ਨੂੰ ਹੀ ਕਿਉਂ ਚੋਣ ਲੜਾਈ ਜਾਂਦੀ ਹੈ। ਪਾਰਟੀ ਦੇ ਸਿੱਕੇਬੰਦ ਵਰਕਰਾਂ ਦੀ ਥਾਂ 'ਅਕਾਲੀ ਠੰਡਲ' ਹੀ ਚੱਬੇਵਾਲ ਤੋਂ ਉਮੀਦਵਾਰ ਕਿਉਂ ਹੈ? ਬਰਨਾਲੇ ਤੋਂ ਕੇਵਲ ਸਿੰਘ ਢਿੱਲੋਂ ਹੀ ਪਾਰਟੀ ਦੀ ਪਹਿਲ ਕਿਉਂ ਹੈ, ਜੋ ਕਦੇ ਕਾਂਗਰਸ ਦਾ ਧੁਰਾ ਗਿਣਿਆ ਜਾਂਦਾ ਸੀ।

ਅਸਲ ਵਿੱਚ ਭਾਜਪਾ 'ਪੰਜਾਬ' ਉੱਤੇ ਕਬਜ਼ਾ ਕਰਨਾ ਚਾਹੁੰਦੀ ਹੈ। ਪੰਜਾਬ ਦੇ ਲੋਕਾਂ ਦੀ, ਜੋ ਜੁਝਾਰੂ ਹਨ, ਦੀ ਸੋਚ ਖੁੰਢੀ ਕਰਨਾ ਚਾਹੁੰਦੀ ਹੈ ਤਾਂ ਕਿ ਪੂਰੇ ਦੇਸ਼ ਉੱਤੇ ਆਰਾਮ ਨਾਲ ਰਾਜ ਕਰ ਸਕੇ। ਪੰਜਾਬ ਵਿੱਚ ਉਹਦੀ ਇਸ ਆਸ ਦੀ ਪੂਰਤੀ ਉਸ ਦਾ ਪੁਰਾਣਾ ਭਾਈਵਾਲ ਸ਼੍ਰੋਮਣੀ ਅਕਾਲੀ ਦਲ (ਬ) ਪੂਰੀ ਕਰ ਰਿਹਾ ਹੈ, ਜਿਸ ਨੇ ਇਸ ਵੇਲੇ ਆਪਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਈਆ ਕਰਾਰ ਦਿੱਤੇ ਜਾਣ ਉਪਰੰਤ ਪੈਦਾ ਹੋਈ ਹਾਲਾਤ ਦੇ ਮੱਦੇਨਜ਼ਰ ਜ਼ਿਮਨੀ ਚੋਣਾਂ ਦਾ ਬਾਈਕਾਟ ਹੀ ਕਰ ਦਿੱਤਾ ਹੈ। ਇਸਦਾ ਸਿੱਧਾ ਲਾਭ ਭਾਜਪਾ ਉਠਾਉਣਾ ਚਾਹ ਰਹੀ ਹੈ। ਯਾਦ ਰਹੇ ਐੱਮ.ਪੀ. ਚੋਣਾਂ ਵੇਲੇ ਗਿੱਦੜਬਾਹਾ ਅਤੇ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਅਕਾਲੀ ਦਲ ਦੂਜੇ ਨੰਬਰ 'ਤੇ ਸੀ, ਤਾਂ ਫਿਰ ਇਹ ਜਿੱਤਣ ਵਾਲੀਆਂ ਸੀਟਾਂ ਕਿਉਂ ਛੱਡੀਆਂ ਜਾ ਰਹੀਆਂ ਹਨ?

ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ, ਜੋ ਪਰਿਵਾਰਵਾਦ ਦਾ ਸ਼ਿਕਾਰ ਹੋਈ ਹੈ, ਉਸ ਦੇ ਨੇਤਾ ਸੁਖਬੀਰ ਸਿੰਘ ਬਾਦਲ ਦੀ ਇਸ ਅੜੀ ਕਿ ਉਹ ਹੀ ਪ੍ਰਧਾਨ ਵਜੋਂ ਪਾਰਟੀ ਵਿੱਚ ਵਿਚਰਨਗੇ, ਨੇ ਅਕਾਲੀ ਸਫ਼ਾ ਵਿੱਚ ਧੜੇਬੰਦੀ ਤਾਂ ਪੈਦਾ ਕੀਤੀ ਹੀ ਹੈ, ਵਿਧਾਨ ਸਭਾ ਚੋਣਾਂ ਵਿੱਚ ਮੈਦਾਨ ਛੱਡਣ ਕਾਰਨ ਵਰਕਰਾਂ ਵਿੱਚ ਮਾਯੂਸੀ ਵੀ ਪੈਦਾ ਕੀਤੀ ਹੈ। ਚਾਹੇ ਇਹਨਾਂ ਹਲਕਿਆਂ ਦੇ ਪੱਕੇ ਅਕਾਲੀ ਵੋਟਰ ਚੋਣ ਲੜ ਰਹੀਆਂ ਸਿਆਸੀ ਪਾਰਟੀਆਂ ਦੇ ਪਾਲੇ ਵਿੱਚ ਜਾਣ ਦੀ ਤਿਆਰੀ ਵਿੱਚ ਹਨ। ਸਭ ਤੋਂ ਮਜ਼ਬੂਤ ਰਹਿ ਰਹੀ ਖੇਤਰੀ ਪਾਰਟੀ ਅਕਾਲੀ ਦਲ (ਬ) ਦਾ ਭਵਿੱਖ ਪਰਿਵਾਰਵਾਦ ਦੀ ਭੇਟ ਚੜ੍ਹ ਗਿਆ ਹੈ ਅਤੇ ਇਸਦੇ ਭਵਿੱਖ ਵਿੱਚ ਹਾਸ਼ੀਏ ਵਿੱਚ ਜਾਣ ਦੇ ਆਸਾਰ ਹਨ। ਪਿਛਲੀ ਲੋਕ ਸਭਾ ਚੋਣਾਂ ਵਿੱਚ ਇਸ ਪਾਰਟੀ ਨੇ 13 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ, ਉਹ ਵੋਟਰ ਹੁਣ ਕਿੱਧਰ ਜਾਣਗੇ? ਕੀ ਆਪਣੇ ਪੁਰਾਣੇ ਭਾਈਵਾਲ ਭਾਜਪਾ ਨੂੰ ਭੁਗਤਣਗੇ ਜਾਂ ਕੋਈ ਹੋਰ ਰਾਹ ਇਖਤਿਆਰ ਕਰਨਗੇ? ਜਦੋਂ 2027 ਵਿੱਚ ਸ਼੍ਰੋਮਣੀ ਅਕਾਲੀ ਦਲ (ਬ) ਮੁੜ ਚੋਣਾਂ ਲੜੇਗਾ ਤਾਂ ਕੀ ਇਹ ਪਾਰਟੀ ਹਮਾਇਤੀ ਮੁੜ ਅਕਾਲੀ ਦਲ (ਬ) ਦੀ ਸਫ਼ਾ ਵਿੱਚ ਪਰਤਣਗੇ? ਅਸਲ ਵਿੱਚ ਇਹ ਸਭ ਕੁਝ ਬਾਦਲ ਪਰਿਵਾਰ ਦੀ ਹੋਂਦ ਨੂੰ ਬਚਾਉਣ ਦੀ ਕੀਮਤ ਉੱਤੇ ਕੀਤਾ ਜਾ ਰਿਹਾ ਹੈ, ਜੋ ਪਾਰਟੀ ਲਈ ਵੱਡਾ ਨੁਕਸਾਨ ਸਾਬਤ ਹੋਏਗਾ। ਐੱਮ.ਪੀ. ਚੋਣਾਂ ਵੇਲੇ ਸ਼੍ਰੋਮਣੀ ਅਕਾਲੀ ਦਲ ਨੂੰ ਗਿੱਦੜਬਾਹਾ ਵਿੱਚ 49053, ਬਰਨਾਲਾ ਵਿੱਚ 26990, ਚੱਬੇਵਾਲ ਵਿੱਚ 19229, ਡੇਰਾ ਬਾਬਾ ਨਾਨਕ ਵਿੱਚ 50089 ਵੋਟਾਂ ਭਾਵ ਕੁੱਲ 80 ਹਜ਼ਾਰ ਦੇ ਕਰੀਬ ਦੋਹਾਂ ਹਲਕਿਆਂ ਵਿੱਚ ਮਿਲੀਆਂ ਸਨ। ਕੀ ਇਹ ਵੋਟਾਂ ਪਰਿਵਾਰਵਾਦ ਦੀ ਭੇਟ ਨਹੀਂ ਚੜ੍ਹਨਗੀਆਂ, ਜਦੋਂ ਅਕਾਲੀ ਦਲ ਆਰਾਮ ਕਰਨ ਲਈ ਚੋਣਾਂ ਤੋਂ ਪਿੱਛੇ ਹਟ ਕੇ ਬੈਠ ਗਿਆ ਹੈ? ਇੱਕ ਸਵਾਲ ਇਹ ਵੀ ਸਿਆਸੀ ਹਲਕਿਆਂ ਵਿੱਚ ਉੱਠਦਾ ਹੈ ਕਿ ਕੀ ਇਹ ਅੰਦਰੋਗਤੀ ਭਾਜਪਾ ਨਾਲ ਪੁਰਾਣੀ ਭਾਈਵਾਲੀ ਪੁਗਾਉਣ ਦਾ ਯਤਨ ਤਾਂ ਨਹੀਂ ਹੈ?

ਆਓ ਜਾਂਦੇ-ਜਾਂਦੇ ਇੱਕ ਝਾਤ ਪੰਜਾਬ ਦੇ ਇਹਨਾਂ ਚਾਰੇ ਵਿਧਾਨ ਸਭਾ ਹਲਕਿਆਂ ਵਿੱਚ ਖੜ੍ਹੇ ਉਮੀਦਵਾਰਾਂ ਦੀ ਅਮੀਰੀ ਉੱਤੇ ਮਾਰੀਏ। ਭਾਜਪਾ ਦੇ ਉਮੀਦਵਾਰ ਇਹਨਾਂ ਜ਼ਿਮਨੀ ਚੋਣਾਂ ਵਿੱਚ ਸਭ ਤੋਂ ਵੱਧ ਅਮੀਰ ਹਨ। ਇਹਨਾਂ ਚੋਣਾਂ ਵਿੱਚ 60 ਉਮੀਦਵਾਰ ਹਨ। ਭਾਜਪਾ ਦਾ ਰਵੀਕਰਨ ਕਾਹਲੋਂ (ਦਲ ਬਦਲੂ), ਮਨਪ੍ਰੀਤ ਸਿੰਘ ਬਾਦਲ (ਦਲ ਬਦਲੂ), ਆਮ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ (ਦਲ ਬਦਲੂ), ਕੇਵਲ ਸਿੰਘ ਢਿੱਲੋਂ (ਦਲ ਬਦਲੂ) ਸਭ ਤੋਂ ਅਮੀਰ ਉਮੀਦਵਾਰ ਹਨ। ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ, ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਅਮੀਰ ਉਮੀਦਵਾਰਾਂ ਵਿੱਚ ਸ਼ਾਮਲ ਹਨ। ਜਿਹੜੇ ਵੀ ਦਲ-ਬਦਲੂ ਜਾਂ ਪਰਿਵਾਰਕ ਮੈਂਬਰ ਇਹਨਾਂ ਚੋਣਾਂ ਵਿੱਚ ਵਿਧਾਨ ਸਭਾ ਚੋਣ ਹਲਕਿਆਂ ਵਿੱਚ ਜਿੱਤਣਗੇ, ਉਹ ਕੀ ਆਪੋ-ਆਪਣੀ ਪਾਰਟੀ ਦੀਆਂ ਨੀਤੀਆਂ 'ਤੇ ਪਹਿਰਾ ਦੇਣਗੇ ਜਾਂ ਆਪਣੇ ਹਿਤਾਂ ਦੀ ਪੂਰਤੀ ਕਰਨਗੇ? ਜਾਂ ਕੀ ਉਹ ਔਖਿਆਈਆਂ ਨਾਲ ਜੂਝ ਰਹੇ ਪੰਜਾਬ ਦੀ ਬਾਂਹ ਫੜਨਗੇ ਜਾਂ ਫਿਰ ਰਾਸ਼ਟਰੀ ਪੰਜਾਬ ਉਜਾੜੂ ਨੀਤੀਆਂ ਦਾ ਸਾਥ ਦੇਣਗੇ।

ਪੰਜਾਬ ਦਾ ਕਿਸਾਨ ਸੜਕਾਂ 'ਤੇ ਹੈ। ਪ੍ਰਮੁੱਖ ਸੜਕਾਂ 'ਤੇ ਪੱਕੇ ਮੋਰਚੇ ਲੱਗੇ ਹੋਏ ਹਨ। ਕਿਸਾਨ ਦਾ ਝੋਨਾ ਰੁਲ ਰਿਹਾ ਹੈ। ਕਿਸਾਨ ਪ੍ਰਤੀ ਕੁਇੰਟਲ 100 ਤੋਂ ਲੈ ਕੇ 200 ਮਣ ਤਕ ਝੋਨਾ ਘੱਟ ਰੇਟ 'ਤੇ ਵੇਚਣ ਲਈ ਮਜਬੂਰ ਹਨ। ਸਰਕਾਰਾਂ ਉੱਪਰਲੀ, ਹੇਠਲੀ, ਆਪੋ-ਆਪਣੀਆਂ ਗੋਟੀਆਂ ਖੇਡ ਰਹੀਆਂ ਹਨ, ਮਸਲਿਆਂ ਦਾ ਹੱਲ ਨਹੀਂ ਕਰ ਰਹੀਆਂ। ਪੰਜਾਬ ਗੰਭੀਰ ਸੰਕਟ ਵੱਲ ਵਧ ਰਿਹਾ ਹੈ। ਇਹੋ ਜਿਹੇ ਸਮੇਂ ਜ਼ਿਮਨੀ ਚੋਣਾਂ ਪੰਜਾਬ ਦੇ ਲੋਕਾਂ ਲਈ ਬਿਲਕੁਲ ਉਵੇਂ ਹੀ ਠੋਸੀਆਂ ਗਈਆਂ ਜਾਪਦੀਆਂ ਹਨ, ਜਿਵੇਂ ਝੋਨੇ ਦੇ ਸੀਜ਼ਨ ਵਿੱਚ ਪੰਚਾਇਤ ਚੋਣਾਂ ਠੋਸੀਆਂ ਗਈਆਂ ਸਨ ਤੇ ਜਿਹੜੀਆਂ ਪੰਜਾਬ ਦੇ ਪਿੰਡਾਂ ਵਿੱਚ ਸਥਾਨਕ ਸਰਕਾਰਾਂ ਚੁਣਨ ਦੀ ਥਾਂ 'ਧਨਾਢਾਂ' ਵੱਲੋਂ ਪੈਸੇ ਦੀ ਵਰਤੋਂ, ਧੌਂਸ-ਧੱਕੇ ਨਾਲ ਚੋਣਾਂ ਜਿੱਤਣ ਦਾ ਸਾਧਨ ਬਣੀਆਂ। ਬਿਲਕੁਲ ਇਹੀ ਹਾਲ ਪੰਜਾਬ ਵਿੱਚ ਜ਼ਿਮਨੀ ਚੋਣਾਂ ਵਿੱਚ ਵੇਖਣ ਨੂੰ ਮਿਲਦਾ ਦਿਸਦਾ ਹੈ।

ਪਰਿਵਾਰਵਾਦ ਦੀਆਂ ਜੜ੍ਹਾਂ ਪੰਜਾਬ ਵਿੱਚ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ। ਕੁਝ ਪਰਿਵਾਰ ਆਪਣੇ ਹਿਤਾਂ ਦੀ ਪੂਰਤੀ ਲਈ ਅਤੇ ਬਾਲਕਿਆਂ, ਬਾਲਕੀਆਂ ਨੂੰ ਸਿਆਸਤ ਵਿੱਚ ਪੇਸ਼ੇ ਵਜੋਂ ਲਿਆਉਣ ਲਈ ਪੱਬਾਂ ਭਾਰ ਹਨ ਕਿਉਂਕਿ ਪੰਜਾਬ ਵਿੱਚ ਵੀ ਹੁਣ ਸਿਆਸਤ ਪੈਸੇ ਤੇ ਤਾਕਤ ਦੀ ਖੇਡ ਬਣ ਗਈਹੈ। ਕੋਈ ਐੱਮ.ਪੀ. ਜਾਂ ਐੱਮ.ਐੱਲ.ਏ. ਬਣਿਆ ਵਿਅਕਤੀ ਆਪਣੇ ਰਿਟਾਇਰ ਹੋਣ 'ਤੇ ਜਾਂ ਉੱਚ ਅਹੁਦੇ 'ਤੇ ਜਾਣ 'ਤੇ ਆਪਣੇ ਕੁਨਬੇ ਵਿੱਚੋਂ ਹੀ ਕਿਸੇ ਨੂੰ ਅੱਗੇ ਲਿਆਉਂਦਾ ਹੈ। ਪ੍ਰਕਾਸ਼ ਸਿੰਘ ਬਾਦਲ, ਅਮਰਿੰਦਰ ਸਿੰਘ ਕੈਪਟਨ ਤਾਂ ਹੁਣ ਦੇ ਸਮੇਂ ਦੀਆਂ ਵੱਡੀਆਂ ਉਦਾਹਰਣਾਂ ਹਨ, ਪਰ ਛੋਟੇ ਨੇਤਾ ਵੀ ਘੱਟ ਨਹੀਂ। ਇਹ ਵਰਤਾਰਾ ਪਹਿਲਾਂ ਕੁਝ ਪਾਰਟੀਆਂ ਵਿੱਚ ਸੀ, ਪਰ ਹੁਣ ਇਹ ਲਗਭਗ ਸਭ ਪਾਰਟੀਆਂ ਵਿੱਚ ਹੈ। ਆਪਣੀ ਕੁਰਸੀ ਕਾਇਮ ਰੱਖਣ ਲਈ ਆਪਣੀ ਪਾਰਟੀ ਵਿੱਚ ਵਿਰੋਧੀਆਂ ਨੂੰ ਖੂੰਜੇ ਜਾਂ ਖੁੰਡੇ ਲਾਉਣ ਦਾ ਵਰਤਾਰਾ ਅਮਰਿੰਦਰ ਸਿੰਘ ਵੇਲੇ ਵੀ ਵੇਖਣ ਨੂੰ ਮਿਲਿਆ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਆਪਣੇ ਵਿਰੋਧੀ ਚੁਣ-ਚੁਣ ਕੇ ਪੰਥਕ ਪਾਰਟੀ ਸਫ਼ਾਂ ਵਿੱਚੋਂ ਕੱਢ ਦਿੱਤੇ ਸਨ। ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ ਆਦਿ ਉਦਾਹਰਣਾਂ ਹਨ। ਇਸ ਗੱਲ 'ਤੇ ਮੌਜੂਦਾ ਪੰਜਾਬ ਮੁੱਖ ਮੰਤਰੀ ਭਗਵਾਨ ਸਿੰਘ ਮਾਨ ਨੇ ਵੀ ਘੱਟ ਨਹੀਂ ਕੀਤੀ। ਸੁੱਚਾ ਸਿੰਘ ਛੋਟੇਪੁਰ, ਕਲਾਕਾਰ ਘੁੱਗੀ, ਸੁਖਪਾਲ ਖਹਿਰਾ ਅਤੇ ਅੱਧੀ ਦਰਜਨ ਤੋਂ ਵੱਧ ਉਦਾਹਰਣਾਂ ਆਮ ਆਦਮੀ ਪਾਰਟੀ ਵਿੱਚ ਵੀ ਹਨ। ਇਹਨਾਂ ਨੇਤਾਵਾਂ ਦੇ ਪਾਰਟੀਆਂ ਵਿੱਚੋਂ ਰੁਖ਼ਸਤ ਹੋਣ ਨਾਲ ਪੰਜਾਬ ਹਿਤੈਸ਼ੀ ਲੋਕਾਂ ਵਿੱਚੋਂ ਬਹੁਤਿਆਂ ਨੂੰ ਸਿਆਸਤ ਤੋਂ ਕਿਨਾਰਾ ਕਰਨਾ ਪਿਆ। ਜ਼ਿਮਨੀ ਚੋਣਾਂ ਵਿੱਚ ਜਿੱਤ ਭਾਵੇਂ ਪਰਿਵਾਰਵਾਦ ਨੂੰ ਉਤਸ਼ਾਹਿਤ ਕਰਨ ਵਾਲਿਆਂ ਦੀ ਹੋ ਜਾਵੇ ਜਾਂ ਦਲ ਬਦਲੂਆਂ ਦੀ, ਪਰ ਪੰਜਾਬ ਦੇ ਸੂਝਵਾਨ ਵੋਟਰ ਪਰਿਵਾਰਵਾਦ ਅਤੇ ਦਲ ਬਦਲੂ ਸਿਆਸਤ ਕਰਨ ਵਾਲੇ ਲੋਕਾਂ ਦੇ ਵਿਰੋਧ ਵਿੱਚ ਖੜ੍ਹੇ ਦਿਸਣਗੇ, ਉਵੇਂ ਹੀ ਜਿਵੇਂ ਪੰਜਾਬ ਦੇ ਲੋਕਾਂ ਨੇ ਬਾਦਲ ਪਰਿਵਾਰ ਦੀ ਪਰਿਵਾਰਵਾਦ ਸਿਆਸਤ ਨੂੰ ਨਕਾਰਿਆ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਦਲ ਬਦਲੂ ਸਿਆਸਤ ਨੂੰ ਸਬਕ ਸਿਖਾਇਆ ਹੈ। ਪੰਜਾਬ ਦੇ ਦੋ ਵਾਰ ਮੁੱਖ ਮੰਤਰੀ, ਇੱਕ ਵਾਰ ਵਜ਼ੀਰ, ਦੋ ਵਾਰ ਐੱਮ.ਪੀ. ਅਤੇ ਸੱਤ ਵਾਰ ਦੇ ਵਿਧਾਇਕ ਕੈਪਟਨ ਅਮਰਿੰਦਰ ਸਿੰਘ, ਜੋ ਉੱਘੇ ਕਾਂਗਰਸੀ ਨੇਤਾ ਸਨ, ਭਾਜਪਾ ਵਾਲੇ ਪਾਸੇ ਚਲੇ ਗਏ ਹਨ। ਉਨ੍ਹਾਂ ਵੱਲੋਂ ਇੱਕ ਅਖ਼ਬਾਰ ਨੂੰ ਦਿੱਤਾ 'ਸਿਆਸੀ ਹਾਉਕਾ' ਸਮਝਣ ਵਾਲਾ ਹੈ, ਜਿਸ ਵਿੱਚ ਉਹਨਾਂ ਭਾਜਪਾ 'ਤੇ ਗਿਲਾ ਕੀਤਾ ਹੈ ਕਿ ਕਿਸੇ ਵੀ ਮਾਮਲੇ ਵਿੱਚ ਭਾਜਪਾ ਉਹਨਾਂ ਦੀ ਸਲਾਹ ਨਹੀਂ ਲੈਂਦੀ।

ਦਲ ਬਦਲੂ ਸਿਆਸਤ ਨੇ ਤਾਂ ਸਾਰੀਆਂ ਪਾਰਟੀਆਂ ਦੇ ਆਮ ਵਰਕਰਾਂ ਦਾ ਮਨੋਬਲ ਡੇਗਿਆ ਹੈ ਪਰ ਪੈਰਾਸ਼ੂਟ ਰਾਹੀਂ ਆਏ ਨੇਤਾਵਾਂ ਵਿੱਚੋਂ ਬਹੁਤਿਆਂ ਨੂੰ ਪਾਰਟੀਆਂ ਦੇ ਸਿੱਕੇਬੰਦ ਨੇਤਾਵਾਂ, ਵਰਕਰਾਂ ਪ੍ਰਵਾਨ ਨਹੀਂ ਕੀਤਾ। ਪ੍ਰਧਾਨ ਭਾਜਪਾ ਸੁਨੀਲ ਜਾਖੜ ਇਸਦੀ ਵੱਡੀ ਉਦਾਹਰਣ ਹੈ। ਪਰ ਕੁਝ ਇੱਕ ਨੇਤਾਵਾਂ ਦੀਆਂ ਬਹੁਤੀਆਂ ਪਾਰਟੀਆਂ ਵਿੱਚ ਪੈਸੇ ਦੇ ਜ਼ੋਰ ਅਤੇ ਉੱਪਰਲੇ ਕੁਨੈਕਸ਼ਨਾਂ ਨਾਲ ਦਲ ਬਦਲੂਆਂ ਦੀ ਤੂਤੀ ਬੋਲਦੀ ਹੈ।

ਪਰ ਇਹ ਇੱਕ ਵੱਡੀ ਸਚਾਈ ਹੈ ਕਿ ਸਮਾਂ ਆਉਣ 'ਤੇ ਪੰਜਾਬ ਹਿਤੈਸ਼ੀ ਸੋਚ ਵਾਲੇ ਲੋਕ ਹੀ ਸਿਆਸਤ ਅਤੇ ਸੇਵਾ ਵਿੱਚ ਅੱਗੇ ਆਉਣਗੇ ਤੇ ਪੰਜਾਬ ਦਾ ਭਵਿੱਖ ਸੁਧਾਰਨਗੇ, ਇਹੋ ਪੰਜਾਬ ਦੇ ਲੋਕਾਂ ਦੀ ਉਮੀਦ ਅਤੇ ਆਸ਼ਾ ਬਨਣਗੇ।



# ਕੀਮਤ





ਲਿਖਤ
ਪਰਵੀਨ ਕੌਰ ਸਿੱਧੂ
8146536200

ਬਾਲ ਦਿਵਸ ਵਾਲੇ ਦਿਨ ਸਭ ਬੱਚਿਆਂ ਵਿੱਚ ਉਤਸ਼ਾਹ ਹੁੰਦਾ ਹੈ। ਪਿਛਲੇ ਦੋ ਸਾਲਾਂ ਵਿੱਚ ਕਰੋਨਾ ਮਹਾਂਮਾਰੀ ਕਾਰਨ ਬੱਚਿਆਂ ਨਾਲ ਰਾਪਤਾ ਘੱਟ ਗਿਆ ਸੀ। ਇਸ ਦਿਨ ਬੱਚਿਆਂ ਦੇ ਉਤਸ਼ਾਹ ਨੂੰ ਮੱਦੇਨਜ਼ਰ ਰੱਖ ਕੇ ਟਾਫੀਆਂ ਅਤੇ ਪੈੱਨ ਦਿੰਦੀ ਹਾਂ। ਉਂਝ ਜਿਸ ਕੋਲੋਂ ਕਲਾਸ ਵਿੱਚ ਪੈੱਨ ਨਾ ਹੋਵੇ ਉਸੇ ਨੂੰ ਹੀ ਪੈੱਨ ਦੇ ਦਿੰਦੀ ਹਾਂ, ਪਰ ਫਿਰ ਵੀ ਇਸ ਦਿਨ ਨੂੰ ਉਹਨਾਂ ਦੀ ਨਜ਼ਰ ਨਾਲ ਵੇਖ ਕੇ ਪਿਆਰ ਵਜੋਂ ਪੈਨ ਅਤੇ ਟਾਫੀਆਂ ਜ਼ਰੂਰ ਦਿੰਦੀ ਹਾਂ। ਇਸ ਵਾਰ ਫਿਰ ਮੌਕਾ ਮਿਲਿਆ ਕਿ ਬੱਚਿਆਂ ਨੂੰ ਕੁਝ ਪਿਆਰ ਦੇ ਸਕਾਂ।

ਆਪਣੀ ਕਲਾਸ ਦੇ ਵਿਦਿਆਰਥੀਆਂ ਤੋਂ ਬਾਅਦ ਮੈਂ ਜਿਸ ਕਲਾਸ ਵਿਚ ਗਈ ਟਾਫੀਆਂ ਦਿੱਤੀਆਂ ਗਿਆਰ੍ਹਵੀਂ ਕਲਾਸ ਵਿੱਚ ਵੀ ਟਾਫੀਆਂ ਅਤੇ ਪੈੱਨ ਦਿੱਤੇ ਗਏ। ਸਾਰੇ ਬੱਚੇ ਖੁਸ਼ ਸਨ। ਥੋੜ੍ਹਾ ਬਹੁਤ ਪੜ੍ਹਿਆ ਵੀ ਅਤੇ ਫਿਰ ਦਿਨ ਦੇ ਬੀਤਣ ਤੋਂ ਬਾਅਦ ਅੱਜ ਜਦੋਂ ਕਲਾਮ ਵਿੱਚ ਗਈ ਤਾਂ ਮੇਰੇ ਕੁਝ ਬੱਚਿਆਂ ਨੇ ਬੜਾ ਪਿਆਰ ਜਿਤਾਇਆ। ਸ਼ਾਇਦ ਉਹਨਾਂ ਨੂੰ ਵੀ ਲੰਮੇ ਸਮੇਂ ਬਾਅਦ ਕਿਸੇ ਅਧਿਆਪਕ ਨੇ ਪਿਆਰ ਨਾਲ ਕੁਝ ਦਿੱਤਾ ਸੀ।

ਗਿਆਰ੍ਹਵੀਂ ਕਲਾਸ ਦੇ ਬਾਹਰ ਮੇਰੇ ਤੋਂ ਪਹਿਲਾਂ ਪੀਰੀਅਡ ਲ਼ੈ ਰਹੇ ਅਧਿਆਪਕ ਜੀ ਦੇ ਬਾਹਰ ਆਉਣ ਦਾ ਇੰਤਜ਼ਾਰ ਕਰ ਰਹੀ ਸੀ। ਮੇਰੇ ਕੋਲ਼ ਇੱਕ ਵਿਦਿਆਰਥੀ ਆਇਆ , ਪੈਰਾਂ ਨੂੰ ਛੂੰਹਦਾ ਹੋਇਆ ਨਾ਼ਲ ਹੀ ਮਿਲ ਗਿਆ। ਮੈਂ ਹੱਸ ਕੇ ਕਿਹਾ, "ਅੱਜ ਬੜਾ ਪਿਆਰ ਆ ਰਿਹਾ ਹੈ।" ਮੁਸਕੁਰਾ ਕੇ ਧੰਨਵਾਦ ਕਰਦਾ ਕਹਿੰਦਾ ਮੈਡਮ ਮੈਂ ਘਰ ਜਾ ਕੇ ਤੁਹਾਡੇ ਵੱਲੋਂ ਦੱਸਿਆ, ਤਾਂ ਮੰਮੀ ਜੀ ਨੇ ਕਿਹਾ ਇਹ ਪੈੱਨ ਸੰਭਾਲ ਹੈ ਰੱਖੀ ਇਸ ਵਿੱਚ ਬੜਾ ਪਿਆਰ ਅਤੇ ਦੁਆਵਾਂ ਹਨ। ਇੰਨਾ ਸੁਣ ਕੇ ਮੈਂ ਹੈਰਾਨ ਹੋ ਗਈ। ਮੈਂ ਕਿਹਾ ਪੁੱਤ ਪੈੱਨ ਵਰਤ ਲੈ ਮੈਂ ਹੋਰ ਪੈੱਨ ਲ਼ੈ ਦੇਵਾਂਗੀ। ਤੁਸੀਂ ਪੜ੍ਹਨ ਵਾਲੇ ਬਣੋ, ਮੈਂ ਤਾਂ ਪੈੱਨ ਤੁਹਾਡੇ ਤੋਂ ਵਾਰ ਕੇ ਵੰਡ ਦਿਆਂਗੀ। ਇਸ ਦੀ ਤਾਕਤ ਨੂੰ ਸਮਝੋ। ਆਪਣੀ ਜ਼ਿੰਦਗੀ ਵਿੱਚ ਇਸ ਦੀ ਸਹੀ ਵਰਤੋਂ ਕਰਨੀ ਸਿੱਖੋ। ਮੇਰੇ ਬੱਚੇ ਮੈਨੂੰ ਬੜੇ ਪਿਆਰ ਨਾਲ ਸੁਣਦੇ ਹਨ।

ਇਵੇਂ ਹੀ ਪੰਜ-ਛੇ ਸਾਲ ਪਹਿਲਾਂ ਦੀ ਗੱਲ ਹੈ , ਆਪਣੀ ਆਦਤ ਮੁਤਾਬਕ ਬੱਚਿਆਂ ਨੂੰ ਕਲਾਸ ਵਿੱਚ ਟਾਫੀਆਂ ਅਤੇ ਪੈੱਨ ਦਿੱਤੇ ਗਏ। ਇੱਕ ਲੜਕੀ ਖੜ੍ਹੀ ਹੋ ਕੇ ਕਹਿੰਦੀ ਮੈਡਮ ਜੀ ਮੈਂ ਕੁਝ ਕਹਿਣਾ ਚਾਹੁੰਦੀ ਹਾਂ। ਮੈਂ ਸੋਚਿਆ ਬਾਲ ਦਿਵਸ ਕਰਕੇ ਆਪਣੇ ਵਿਚਾਰ ਖੁਲ੍ਹ ਕੇ ਦੱਸਣਾ ਚਾਹੁੰਦੀ ਹੋਵੇਗੀ। ਇਸ ਦਿਨ ਮੈਂ ਇਹ ਵੀ ਕਿਹਾ ਹੁੰਦਾ ਹੈ ਕਿ ਜੇਕਰ ਮੇਰੇ ਵਿੱਚ ਕਮੀ ਹੈ ਤਾਂ ਮੇਰੇ ਮੂੰਹ 'ਤੇ ਕਹਿ ਦਿਉ। ਮੈਂ ਸੁਧਾਰ ਕਰ ਲਵਾਂਗੀ।


ਉਸ ਲੜਕੀ ਨੇ ਜਿਉਂ ਹੀ ਬੋਲਣਾ ਸ਼ੁਰੂ ਕੀਤਾ, ਤਾਂ ਮੈਂ ਸੁਣ ਕੇ ਅਚੰਭਿਤ ਹੋ ਗਈ। ਉਸ ਨੇ ਧੰਨਵਾਦ ਕਰਦਿਆਂ ਕਿਹਾ ਕਿ ਮੈਡਮ ਜੀ ਮੈਂ ਜਦੋਂ ਵੀ ਕਿਤੇ ਨੌਕਰੀ 'ਤੇ ਲੱਗਾਗੀ ਤਾਂ ਪਹਿਲਾਂ ਸਾਈਨ ਇਸ ਪੈੱਨ ਨਾ਼ਲ ਕਰਾਂਗੀ। ਮੈਂ ਕਈ ਵਾਰ ਇਥੋਂ ਤੱਕ ਸੋਚਿਆ ਵੀ ਨਹੀਂ ਹੁੰਦਾ ਜਿੱਥੋਂ ਤੱਕ ਉਹ ਸਮਝ ਜਾਂਦੇ ਹਨ। ਮੇਰੇ ਵੱਲੋਂ ਦਿੱਤੇ ਮਾਮੂਲੀ ਪੈੱਨ ਨੂੰ ਵੀ ਕੀਮਤੀ ਬਣਾ ਦਿੰਦੇ ਹਨ ਮੇਰੇ ਪਿਆਰੇ ਤੇ ਨਿਆਰੇ ਬੱਚੇ। ਪਰਮਾਤਮਾ ਇਹਨਾਂ ਨਵੀਂਆਂ ਫੁੱਟ ਰਹੀਆਂ ਕਰੂੰਬਲਾਂ 'ਤੇ ਬਹਾਰ ਲਿਆਵੇ। ਇਹ ਕਾਮਯਾਬੀ ਅਤੇ ਤਰੱਕੀ ਦੇ ਨਾਲ ਵਧੀਆ ਇਨਸਾਨ ਬਣ ਕੇ ਵਧੀਆ ਸਮਾਜ ਸਿਰਜਣਾ ਵਿੱਚ ਸਹਾਈ ਹੋਣ।

ਮੈਂ ਜਦੋਂ ਵੀ ਕਲਾਸ ਵਿੱਚ ਜਾਵਾਂ ਮੇਰੇ ਕੋ਼ਲ ਇੱਕ ਪੈੱਨ ਪਾਕਟ ਵਿੱਚ ਹਮੇਸ਼ਾ ਚਾਰ-ਪੰਜ ਪੈੱਨ ਜ਼ਰੂਰ ਹੁੰਦੇ ਹਨ, ਕਿਉਂਕਿ ਮੈਂ ਕਦੀ ਵੀ ਬੱਚਿਆਂ ਨੂੰ ਪੈੱਨ ਦਾ ਬਹਾਨਾ ਨਹੀਂ ਮਾਰਨ ਦਿੱਤਾ। ਫਿਰ ਕੰਮ ਕਰਾ ਕੇ ਕਦੀ ਵਾਪਸ ਵੀ ਨਹੀਂ ਲਿਆ। ਇਵੇਂ ਹੀ ਇੱਕ ਬੱਚੇ ਨੇ ਸੋਚਿਆ ਕਿ ਮੈਂ ਪੈੱਨ ਵਾਪਸ ਤਾਂ ਨਹੀਂ ਲਿਆ ਕਿ ਇਹ ਘੱਟ ਗਿਆ ਹੈ। ਉਸ ਦੇ ਭੋਲੇਪਨ 'ਤੇ ਬੜਾ ਹਾਸਾ ਆਇਆ। ਉਹ ਅਗਲੇ ਦਿਨ ਨਵਾਂ ਪੈੱਨ ਲਿਆ ਕੇ ਮੈਨੂੰ ਵਾਪਸ ਕਰਨ ਆਇਆ। ਮੈਂ ਕਿਹਾ ਪੁੱਤਰਾਂ ਇਸ ਪੈੱਨ ਨਾ਼ਲ ਸਹੀ ਲਿਖ ਕੇ ਕਾਮਯਾਬ ਹੋ ਜਾਉ। ਇਹੀ ਮੇਰੇ ਪੈੱਨ ਦੀ ਅਸਲੀ ਕੀਮਤ ਹੈ। ਪਰਮਾਤਮਾ ਕਰੇ ਹਰ ਬੱਚੇ ਨੂੰ ਇਹਨਾਂ ਪੈੱਨਾਂ ਦੀ ਸਹੀ ਕੀਮਤ ਸਮੇਂ ਸਿਰ ਪਤਾ ਲੱਗ ਜਾਵੇ। ਇਹ ਪੈੱਨ ਦੀ ਸਹੀ ਵਰਤੋਂ ਕਰਕੇ ਸਮਾਜ ਵਿਚਲੇ ਕੋਹੜਾਂ ਨੂੰ ਦੂਰ ਕਰਨ। ਸੰਸਾਰ ਦੇ ਸਾਰੇ ਬੱਚਿਆਂ ਨੂੰ ਮੇਰੇ ਵੱਲੋਂ ਬਹੁਤ ਪਿਆਰ ਅਤੇ ਦੁਆਵਾਂ। ਰੱਬ ਜੀ ਇਹਨਾਂ 'ਤੇ ਮਿਹਰਬਾਨ ਰਹਿਣ। ਸਦਾ ਖੁਸ਼ ਰਹਿਣ। ਹੱਸਦੇ ਵੱਸਦੇ ਰਹਿਣ ਮੇਰੇ ਸਿਤਾਰੇ।

## ਰਸਤਾ ਲੱਭੋ



## ਬਿੰਦੂ ਮਿਲਾਓ



# ਦੁਨੀਆ ਦੀ ਸਭ ਤੋਂ ਉੱਚੀ ਇਮਾਰਤ 'ਬੁਰਜ ਖਲੀਫ਼ਾ'


**ਲਿਖਤ : ਕੇ. ਐਸ. ਅਮਰ, ਮੋਬਾਈਲ : 94653-69343**


ਪਿਆਰੇ ਬੱਚਿਓ, ਧਰਤੀ ਸਾਡਾ ਗ੍ਰਹਿ ਹੈ, ਜਿਸ ਉੱਪਰ ਕਰੋੜਾਂ ਸਾਲਾਂ ਤੋਂ ਜੀਵਨ ਧੜਕ ਰਿਹਾ ਹੈ। ਇਸ ਗ੍ਰਹਿ 'ਤੇ ਆ ਕੇ ਮਨੁੱਖ ਨੇ ਬੇਮਿਸਾਲ ਤਰੱਕੀ ਕੀਤੀ ਹੈ। ਆਦਿ ਸਮੇਂ ਤੋਂ ਮਨੁੱਖ ਦੁਆਰਾ ਬਣਾਈਆਂ ਇਮਾਰਤਾਂ ਚਰਚਾ ਦਾ ਵਿਸ਼ਾ ਰਹੀਆਂ ਹਨ। ਅਜਿਹੀ ਹੀ ਇਕ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਹੈ, ਬੁਰਜ ਖਲੀਫ਼ਾ, ਜੋ ਸੰਯੁਕਤ ਅਰਬ ਅਮੀਰਾਤ ਵਿਚ ਸੁਸ਼ੋਭਿਤ ਹੈ। ਬੁਰਜ ਖਲੀਫ਼ਾ ਦੀ ਅਸਲੀ ਪਹਿਚਾਣ ਉਸ ਦੀ ਉਚਾਈ ਹੈ। ਇਸ ਗਗਨ ਚੁੰਬੀ ਇਮਾਰਤ ਦੀ ਉਚਾਈ 828 ਮੀਟਰ ਅਰਥਾਤ 2716.5 ਫੁੱਟ ਹੈ। 209 ਮੰਜ਼ਿਲਾ ਇਸ ਇਮਾਰਤ ਨੂੰ ਬਣਾਉਣ ਲਈ 12000 ਮਜ਼ਦੂਰਾਂ ਨੇ ਹਰ ਰੋਜ਼ ਕੰਮ ਕੀਤਾ ਸੀ। ਇਸ ਇਮਾਰਤ ਦਾ ਕੰਮ ਜਨਵਰੀ 2004 ਤੋਂ ਸ਼ੁਰੂ ਹੋ ਕੇ ਅਕਤੂਬਰ 2009 ਤੱਕ ਚੱਲਿਆ ਸੀ।


4 ਜਨਵਰੀ, 2010 ਨੂੰ ਇਸ ਇਮਾਰਤ ਨੂੰ ਅਧਿਕਾਰਤ ਤੌਰ 'ਤੇ ਲੋਕਾਂ ਲਈ ਖੋਲ੍ਹਿਆ ਗਿਆ ਸੀ। ਇਸ ਅਦਭੁੱਤ ਇਮਾਰਤ ਦੇ ਨਾਂਅ 'ਤੇ ਦੁਨੀਆ ਦੀ ਸੱਤ ਵਿਸ਼ਵ ਰਿਕਾਰਡ ਦਰਜ ਹਨ। ਜਿਵੇਂ ਇਹ ਦਰਜ ਹਨ। ਜਿਵੇਂ ਕਿ ਇਹ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਹੈ। ਇਸ ਦੀ ਸਭ ਤੋਂ ਉੱਚੀ ਲਿਫਟ ਹੈ। ਇਸ ਦੀਆਂ ਸਭ ਤੋਂ ਵੱਧ ਮੰਜ਼ਿਲਾਂ ਹਨ। 'ਬੁਰਜ ਖਲੀਫ਼ਾ' ਨੂੰ 95 ਕਿਲੋਮੀਟਰ ਦੀ ਦੂਰੀ ਤੋਂ ਦੇਖਿਆ ਜਾ ਸਕਦਾ ਹੈ। ਇਸ ਇਮਾਰਤ ਦੇ 163 ਫਲੋਰ ਹਨ, ਜਿਸ ਵਿਚ 58 ਲਿਫਟਾਂ, 2957 ਪਾਰਕਿੰਗ, 304 ਹੋਟਲ, 37 ਆਫ਼ਿਸ ਅਤੇ 900 ਅਪਾਰਟ ਹਨ। ਇਸ ਗਗਨ ਚੁੰਬੀ ਇਮਾਰਤ ਦੀ ਜਾਣਕਾਰੀ ਸਾਡੀ ਆਮ ਜਾਣਕਾਰੀ ਵਿਚ ਢੇਰ ਸਾਰਾ ਵਾਧਾ ਕਰੇਗੀ।



*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?*








# ਕਾਵਿ-ਲਹਿਰਾਂ

## ਧੀ ਦੀ ਆਵਾਜ਼

ਸ਼ਰਮ ਹਯਾ ਦੀ ਲੋਈ ਅੰਦਰ,
ਕੁੱਝ ਚਾਅ ਲਕੋਈ ਬੈਠੀ ਆਂ!
ਆਪ ਪੁਰਖਾਂ ਦੀਆਂ ਪੱਗਾਂ ਦਾ,
ਇੱਕ ਕਰਜ ਲਕੋਈ ਬੈਠੀ ਆਂ!

ਤੇਰਾ ਆਂਗਨ ਬਾਬਲਾ ਚਿੱਟਾ ਕੋਰਾ,
ਤਾਇਓ , ਪਤ ਸਮੋਈ ਬੈਠੀ ਆਂ!
ਅਕਾਰਨ ਰਾਤਾਂ ਵੈਣ ਮੈਂ ਪਾਵਾਂ,
ਇੱਕ ਦਰਦ ਲਕੋਈ ਬੈਠੀ ਆਂ!

ਵਿੱਚ ਜਵਾਨੀ, ਕਦਮ ਨਾ ਥਿਰਕਣ ,
ਇੱਕ ਅਣਖ ਬੁਣਾਈ ਬੈਠੀ ਆਂ!
ਇੱਜਤ ਦੇਵੇ; ਮਾਣ ਕਰੇ ਜੋ,
ਇੱਕ ਰਾਹ ਸੁਲਝਾਈ ਬੈਠੀ ਆਂ!

ਰੰਗ ਜੋਤ ਦੇ ਰੰਗ 'ਚ ਸੱਚੀ;
ਦੁਨੀਆਂ ਰੰਗਦੀ ਦੇਖ ਲਵਾਂ,
ਵੇ ਮਾਹੀ, ਤੇਰੇ ਨਾਮ 'ਚ ਝੱਲੀ ,
ਇੱਕ ਹਠ ਬਣਾਈ ਬੈਠੀ ਆਂ!

ਖ਼ਵਾਬਾਂ ਅੰਦਰ ਜਾਨ ਕਦ ਪਾਵਾਂ,
ਇੱਕ ਤਾਂਘ ਲਗਾਈ ਬੈਠੀ ਆਂ!
ਰੋੜੇ ਬਾਬੇ ਦੀ ਪੀੜ੍ਹੀ ਦਾ,
ਇੱਕ ਮੂਲ ਮੈਂ ਕੱਜੀ ਬੈਠੀ ਆਂ!

ਭੋਲੀ ਬੀਬੀ ਦੀ ਕਹਾਣੀ ਦਾ,
ਸ਼ੁਕਰ ਕਰਾਂ ਉਸ ਮਹਾਂਰਾਣੀ ਦਾ,
ਇੱਕ ਲਿਖਤ ਲਿਖਾਈ ਬੈਠੀ ਆਂ!
ਇੱਕ ਲਿਖਤ ਲਿਖਾਈ ਬੈਠੀ ਆਂ!!

**ਲਿਖਤ : ਮਨਜੋਤ ਕੌਰ ਸਹੋਤਾ**

## ਕਿਰਦਾਰ

ਸੱਚਾ-ਸੁੱਚਾ ਰੱਖੀਂ ਕਿਰਦਾਰ ਦੋਸਤਾ।
ਜ਼ਿੰਦਗੀ 'ਚ ਮੰਨੀਂ ਨਾ ਤੂੰ ਹਾਰ ਦੋਸਤਾ।

ਖੁਸ਼ੀ ਨਾਲ ਚਾਹੁੰਨੈ ਜੇ ਬਿਤਾਣਾ ਜ਼ਿੰਦਗੀ,
ਰੱਖੀਂ ਨਾ ਤੂੰ ਕਿਸੇ ਨਾਲ ਖ਼ਾਰ ਦੋਸਤਾ।

ਰੁੜ੍ਹਦਾ ਤਾਂ ਭਾਵੇਂ ਘੜਾ ਰੁੜ੍ਹੇ ਘਿਓ ਦਾ,
ਕਰੀਂ ਨਾ ਤੂੰ ਕਦੇ ਯਾਰ ਮਾਰ ਦੋਸਤਾ।

ਖੁਸ਼ ਹੋਈਂ ਤਰੱਕੀ ਦੂਜਿਆਂ ਦੀ ਵੇਖਕੇ,
ਸਾਥ ਤੇਰਾ ਦਊ ਪਰਵਰਦਗਾਰ ਦੋਸਤਾ।

ਲੜ ਲੱਗਾ ਰਹੀਂ ਤੂੰ ਹਮੇਸ਼ਾ ਇੱਕ ਦੇ,
ਬਹੁਤਿਆਂ ਦਾ ਹੋਈਂ ਨਾ ਸਵਾਰ ਦੋਸਤਾ।
ਘਰੇ ਬੁੱਢੇ ਮਾਪਿਆਂ 'ਚੋਂ ਰੱਬ ਵੇਖ ਲਈਂ,
ਲੱਭਦਾ ਨਾ ਫਿਰੀਂ ਜਾ ਕੇ ਬਾਹਰ ਦੋਸਤਾ।

ਧਨ ਕਦੇ ਖਾਧਾ ਜੇ ਲਿਆਕੇ ਪੂਜਾ ਦਾ,
ਹੋਵੇਗੀ ਤਬਾਹੀ ਮਾਰੋ-ਮਾਰ ਦੋਸਤਾ।

ਚੰਗਾ ਹੀ ਨਤੀਜਾ ਹੁੰਦਾ ਚੰਗੇ ਕੰਮ ਦਾ,
ਹਰ ਥਾਂ ਹੀ ਮਿਲੇ ਸਤਿਕਾਰ ਦੋਸਤਾ।

ਚੰਗੀਆਂ ਹੀ ਗੱਲਾਂ ਉੰਝ ਲਿਖੇ 'ਨਾਗਰਾ'
ਯੱਭਲੀਆਂ ਜਾਂਦਾ ਕਦੇ ਮਾਰ ਦੋਸਤਾ।

**ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ',**
**ਫੋਨ: +1-360-448-1989**

## ਰੰਗੋਂ ਬਦਰੰਗ

ਬਾਣਾ ਪਹਿਣ ਗੁਰੂ ਦਸ਼ਮੇਸ਼ ਵਾਲਾ,
ਪ੍ਰਣ ਕਰਕੇ ਗਿਆ ਭੁੱਲ ਬਾਬਾ।

ਜਾ ਝੋਲੀ ਪਿਆ ਦੁਸ਼ਮਣਾਂ ਦੀ,
ਚੁੱਕ ਤੁਰਿਆ ਤੱਪੜ ਜੁੱਲ ਬਾਬਾ।

ਆ ਲਾਲਚ ਗਿਆ ਪਦਾਰਥਾਂ ਦੇ,
ਵੇਖ ਟੁਕੜ ਗਿਆ ਡੁੱਲ ਬਾਬਾ।

ਅੰਦਰ ਖਾਤੇ ਗਿਆ ਰਲਾ ਸੀਟੀ,
ਅਣਖ ਵੇਚ ਕੌਡੀਏਂ ਮੁੱਲ ਬਾਬਾ॥

ਬਿਨ ਸੋਚੇ ਸਮਝੇ ਮਾਰ ਬੈਠਾ,
ਮੂੰਹ ਜ਼ੁਬਾਨ ਫਰਕਾ ਬੁੱਲ੍ਹ ਬਾਬਾ।

ਝੱਟ ਰੰਗੋਂ ਹੋ ਬਦਰੰਗ ਗਿਆ
ਜਦ ਭਗਵਾਂ ਗਿਆ ਡੁੱਲ੍ਹ ਬਾਬਾ।

ਛੱਡ ਆਪਣਿਆਂ ਦਾ ਸਾਥ 'ਭਗਤਾ',
ਗਿਆ ਵਿੱਚ ਬਿਗਾਨਿਆਂ ਰੁਲ ਬਾਬਾ।

ਜੀਅ ਜਾਂਦਾ ਕਰਕੇ ਸਿਰ ਉੱਚਾ,
ਕਿਤੇ ਰਹਿੰਦਾ ਗੈਰਾਂ ਤੁੱਲ ਬਾਬਾ।

**ਲੇਖਕ : ਬਰਾੜ 'ਭਗਤਾ ਭਾਈ ਕਾ'**
+1-604-751-1113

## ਮਿੱਟੀ

ਮਿੱਟੀ ਨੂੰ ਹੀ ਖਾ ਗਈ ਮਿੱਟੀ,
ਮਿੱਟੀ ਵਿੱਚ ਸਮਾ ਗਈ ਮਿੱਟੀ।
ਮਿੱਟੀ ਹੱਸੇ, ਮਿੱਟੀ ਰੋਵੇ,
ਮਿੱਟੀ ਦੇ ਗੁਣ ਗਾ ਗਈ ਮਿੱਟੀ।

ਕਿਧਰੇ ਮਿੱਟੀ, ਮਿੱਟੀ ਖਤਾਰ,
ਵੈਰ ਵਿਰੋਧ ਕਮਾ ਗਈ ਮਿੱਟੀ।
ਕਿਧਰੇ ਮਿੱਟੀ ਮਿੱਟੀ ਬਦਲੇ,

ਥਾਂ ਥਾਂ ਅੱਗਾਂ ਲਾ ਗਈ ਮਿੱਟੀ।
ਖੇਡ ਨਿਰਾਲੀ ਇਸ ਮਿੱਟੀ ਦੀ,
ਕਈਆਂ ਨੂੰ ਭਰਮਾ ਗਈ ਮਿੱਟੀ।
ਮਿੱਟੀ ਸਾਕ -ਸੰਬੰਧੀ ਮਿੱਟੀ,

ਰਿਸ਼ਤੇ ਕਈ ਬਣਾ ਗਈ ਮਿੱਟੀ।
ਜਦ ਮਿੱਟੀ ਤੇ ਬਣੀ ਮੁਸੀਬਤ,
ਤਦ ਕੰਨੀ ਖਿਸਕਾ ਗਈ ਮਿੱਟੀ।
ਤੇਰੇ ਵਰਗੀ ਹੋਰ ਨਾ ਮਿੱਟੀ,

ਮਿੱਟੀ ਨੂੰ ਸਮਝਾ ਗਈ ਮਿੱਟੀ।
ਮਿੱਟੀ ਕੰਨੀਂ ਪਾ ਗਈ ਮਿੱਟੀ।
ਜਿਸ ਕਾਰੀਗਰ ਨੇ ਮਿੱਟੀ ਘੜੀ,
ਉਸਦਾ ਭੇਦ ਨਾ ਪਾ ਗਈ ਮਿੱਟੀ।

**ਲਿਖਤ : ਰਵੇਲ ਸਿੰਘ ਇਟਲੀ**

## ਬੋਲੀਆਂ

ਰੱਬ ਉਨ੍ਹਾਂ ਦੇ ਮਨਾਂ ਵਿੱਚ ਵੱਸਦਾ,
ਖੌਰੇ ਲੋਕੀਂ ਮੰਦਰਾਂ ਚੋਂ ਕੀ ਭਾਲਦੇ?
ਆਪ ਮਾਇਆ ਬਿਨਾਂ ਪੈਰ ਨਾ ਪੁੱਟਦੇ,
ਸਾਨੂੰ ਬਾਬੇ ਕਹਿੰਦੇ ਮਾਇਆ ਨਾਗਣੀ।
ਲੋਕਾਂ ਨੂੰ ਆਪਸ ਵਿੱਚ ਲੜਾ ਕੇ,
ਆਪ ਨੇਤਾ ਕੱਠੇ ਹੋ ਕੇ ਮਜ਼ੇ ਲੁੱਟਦੇ।
ਪਾਣੀ ਪੀਣ ਨੂੰ ਵੀ ਲੱਭਣਾ ਨਹੀਂ,
ਜੇ ਨਾ ਬੰਦੇ ਨੇ ਅਕਲ ਵਰਤੀ।
ਹੁਣ ਬੰਦਾ ਠੰਢੀ ਛਾਂ ਭਾਲਦਾ ਫਿਰੇ,
ਚਾਰੇ, ਪਾਸੇ ਰੁੱਖਾਂ ਨੂੰ ਜੜ੍ਹੋਂ ਪੁੱਟ ਕੇ।
ਲੋਕੀਂ ਇਸ ਨੂੰ ਖਰੀਦਣ ਤੋਂ ਡਰਦੇ,
ਘਰੇਲੂ ਗੈਸ ਸਲੰਡਰ ਦਾ ਮੁੱਲ ਸੁਣ ਕੇ।
ਲੋਕਾਂ ਦੇ ਦਿਲਾਂ 'ਚ ਪਿਆਰ ਨਾ ਰਿਹਾ,
ਹੁਣ ਨਾਂ ਦੇ ਰਹਿ ਗਏ ਰਿਸ਼ਤੇ।

**ਲਿਖਤ : ਮਹਿੰਦਰ ਸਿੰਘ ਮਾਨ**
**ਸੰਪਰਕ : 9915803554**

## ਫ਼ਿਕਰ ਨਹੀਂ

ਨਾ ਕਿਸੇ ਨੂੰ ਨਿਮਾਣਿਆਂ
ਨਿਤਾਣਿਆਂ ਦਾ ਫ਼ਿਕਰ ਹੈ।
ਉਨ੍ਹਾਂ ਨੂੰ ਤਾਂ ਬਸ
ਲੋਟੂ ਲਾਣਿਆਂ ਦਾ ਫ਼ਿਕਰ ਹੈ।
ਮਿਲੇ ਰੁਜ਼ਗਾਰ ਨਾ
ਪੰਜਾਬ 'ਚ ਪੰਜਾਬੀਆਂ ਨੂੰ
ਕਿਸੇ ਨੂੰ ਨਾ ਬਾਹਰ ਜਾਂਦੇ
ਨਿਆਣਿਆਂ ਦਾ ਫ਼ਿਕਰ ਹੈ।
ਕੱਖ ਖੇਤੋਂ ਮਿਲਦੇ ਨਾ
ਤੂੜੀ ਕਿੰਨੀ ਮਹਿੰਗੀ ਹੋ ਗਈ
ਕੰਮੀਆਂ ਨੂੰ ਖਾਣ ਜੋਗੇ
ਦਾਣਿਆਂ ਦਾ ਫ਼ਿਕਰ ਹੈ।
ਰੰਗਲੇ ਪੰਜਾਬ ਨੂੰ ਹਾਏ
ਚਿੱਟੇ ਦੀ ਸਿਉਂਕ ਖਾ ਗਈ
ਨਾ ਨਿੱਤ ਛੋਟੇ ਹੁੰਦੇ ਜਾਂਦੇ
ਲਾਣਿਆਂ ਦਾ ਫ਼ਿਕਰ ਹੈ।

**ਲਿਖਤ : ਕੁਲਵੰਤ ਖਨੌਰੀ**

## ਪਾਣੀ ਪਾਣੀ

ਦੇਖ ਕੇ ਪਾਣੀ ਸਾਰੇ ਪਾਸੇ, ਅੱਖਾਂ ਵਿੱਚ ਆਇਆ ਪਾਣੀ,
ਦੱਸਣੀ ਕਦੀ ਨਾ ਸੌਖੀ ਹੋਣੀ, ਤਬਾਹੀ ਵਾਲੀ ਕਹਾਣੀ।
ਮਹਿਲ ਮੁਨਾਰੇ ਦੇਖੇ ਪਲਾਂ ਵਿੱਚ, ਹੁੰਦੇ ਅਸੀਂ ਅਲੋਪ,
ਕੁਦਰਤ ਦੇ ਐਸੇ ਕਹਿਰ ਨੂੰ, ਕੋਈ ਨਾ ਸਕਿਆ ਰੋਕ।

ਦਰਿਆਵਾਂ ਐਸੇ ਰੁਖ ਬਦਲੇ, ਕਿਆਸ ਨਾ ਸਕਿਆ ਕੋਈ,
ਐਸੀ ਉਥਲ ਪੁਥਲ ਇਸ ਧਰਤ 'ਤੇ, ਸਦੀਆਂ ਤੱਕ ਨਾ ਹੋਈ।
ਆਪੋ ਧਾਪੀ ਦੇ ਆਲਮ ਵਿੱਚ, ਰਿਸ਼ਤਿਆਂ ਦੀ ਟੁੱਟੀ ਤਾਣੀ,
ਦੇਖ, ਸੁਣ ਐਸੇ ਕਈ ਮੰਜ਼ਰ, ਫਿਰ ਅੱਖ ਆਇਆ ਪਾਣੀ।

ਮਾਨਵਤਾ ਦੇ ਦਰਦ ਨੇ ਟੁੰਬੀ, ਜ਼ਮੀਰ ਦਰਿਆ ਦਿਲਾਂ ਦੀ,
ਦਰਿਆਵਾਂ ਦਾ ਰੁਖ ਮੋੜ ਗਏ, ਲਾ ਬਾਜ਼ੀ ਫੁੱਲਾਂ ਤਿਲਾਂ ਦੀ।
ਜੋ ਸਰਿਆ ਸਭ ਪੇਸ਼ ਚਾ ਕੀਤਾ, ਦੁੱਖ ਵੰਡਾਇਆ ਸਭ ਦਾ,
ਐਸੀ ਕਰਨੀ ਵਾਲਾ ਮਨੁੱਖ ਵੀ, ਕਿਤੇ ਕਿਤੇ ਹੈ ਲੱਭਦਾ।

ਆਪ ਉੱਜੜ ਦੂਜੇ ਨੂੰ ਵਸਾਉਣਾ, ਕਈ ਐਸੇ ਵੀ ਨੇ ਪ੍ਰਾਣੀ,
ਤੱਕ ਕੁਰਬਾਨੀ ਐਸੀ ਅਨੋਖੀ, ਮੁੜ ਅੱਖ ਭਰਿਆ ਪਾਣੀ।
ਕੁਦਰਤ ਦਾ ਇਹ ਐਸਾ ਧੱਕਾ, ਸਹਿ ਕੇ ਫਿਰ ਉੱਠ ਤੁਰਨਾ,
ਨਹੀਂ ਹੈ ਸੌਖਾ ਕਿਸੇ ਲਈ ਵੀ, ਕਾਮਯਾਬੀ ਦਾ ਫੁਰਨਾ।

ਜੋ ਹਿੰਮਤ ਨਾ ਹਾਰਨ ਕਦੀ ਵੀ, ਉਹੀ ਮੰਜ਼ਿਲ ਪਾਉਂਦੇ,
ਸਫਲਤਾਵਾਂ ਦੇ ਇਤਿਹਾਸ ਕਈ ਉਹ, ਮੁੜ ਮੁੜ ਕੇ ਦੁਹਰਾਉਂਦੇ।
ਸੁਲਝ ਹੀ ਜਾਵੇਗੀ ਫੇਰ ਇੱਕ ਦਿਨ, ਉਲਝੀ ਹੋਈ ਇਹ ਤਾਣੀ,
ਤੰਦਾਂ ਪਾਉਣ ਵਾਲੇ ਵੱਲ ਤੱਕ ਕੇ, ਉਮਡਿਆ ਅੱਖ ਵਿੱਚ ਪਾਣੀ।

ਦੇਖ ਕੇ ਪਾਣੀ ਸਾਰੇ ਪਾਸੇ, ਅੱਖਾਂ ਵਿੱਚ ਆਇਆ ਪਾਣੀ,
ਦੱਸਣੀ ਕਦੀ ਨਾ ਸੌਖੀ ਹੋਣੀ, ਤਬਾਹੀ ਵਾਲੀ ਕਹਾਣੀ।

**ਲਿਖਤ : ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਕਾਗਜ਼ ਕਲਮ

ਕਾਗਜ਼-ਕਲਮ ਦਾ ਰਿਸ਼ਤਾ ਬੜਾ ਪੁਰਾਣਾ ਏ
ਹੈ ਨਰ ਇਕ ਨਾਰੀ, ਗੂੜਾ ਦੋਵਾਂ 'ਚ ਯਰਾਨਾ ਏ
ਬਿਨ ਕਾਗਜ਼ ਨਾ ਜਾਣੇ ਕਲਮ ਨੂੰ ਕੋਈ
ਮਿਲ ਜਾਣ ਜਦ ਦੋਵੇਂ ਤਾਂ ਬਣਦਾ ਫਸਾਨਾ ਏ
ਕਲਮ ਕਹੇ ਨਹੀਂ ਲੋੜ ਕਾਗਜ਼ ਦੀ
ਭਰਮ ਹੈ ਉਸ ਦਾ, ਪੈਂਦਾ ਸਾਥ ਨਿਭਾਣਾ ਏ
ਜੇ ਕਹਿੰਦਾ ਕਾਗਜ਼ ਕਿ ਸਾਰ ਲਊ ਕੱਲਾ
ਰਹੇ ਕੋਰਾ, ਨਾ ਉਸ 'ਤੇ ਕਿਸੇ ਧਿਆਨ ਲਾਉਣਾ ਏ
ਸਾਥ ਚੱਲਣ ਜਦੋਂ ਦੋਵੇਂ ਇੱਕਠੇ
ਬਣਜੇ ਉਦੋਂ ਫਿਰ ਨਵਾਂ ਤਰਾਨਾ ਏ
ਜੇ ਨਾ ਨਿਭਾਉਂਦੇ ਇਹ ਸਾਥ ਆਪਣਾ
ਨਾ ਹੁੰਦਾ ਆਬਾਦ ਫਿਰ ਲੱਗਦਾ ਵਿਰਾਨਾ ਏ
ਕਈ ਲਿੱਖਤੇ ਗ੍ਰੰਥ ਇਨ੍ਹਾਂ ਰੋਲ ਕੇ
ਲਿਖਿਆ ਪੜ੍ਹਦੇ, ਲੈਂਦੇ ਸਿੱਖਿਆ ਤੇ ਚੱਲਦਾ ਜ਼ਮਾਨਾ ਏ
'ਗੁਰਜਤਿੰਦਰ' ਤਾਂ ਕਰੇ ਕਦਰ ਦੋਹਾਂ ਦੀ
ਦੋਵੇਂ ਨੇ ਉਸ ਦੇ ਸਾਥੀ, ਵਿਚ ਨਹੀਂ ਕੋਈ ਬਹਾਨਾ ਏ

**ਲਿਖਤ : ਗੁਰਜਤਿੰਦਰ ਸਿੰਘ ਰੰਧਾਵਾ,**
**ਸੰਪਰਕ : 916-320-9444.**

## ਕਿਸੇ ਅਪਣੇ ਨੇ ਮਾਰੀ ਚੋਟ ਜਦ

ਕਿਸੇ ਅਪਣੇ ਨੇ ਮਾਰੀ ਚੋਟ ਜਦ, ਉਹ ਜਰ ਗਿਆ ਹੋਣੈ
ਉਦਾਸੀ ਵਿਚ ਕਿਸੇ ਦੁਸ਼ਮਣ ਦੇ ਸ਼ਾਇਦ ਘਰ ਗਿਆ ਹੋਣੈ

ਸੁਨੇਹਾ ਕੀ ਉਨ੍ਹਾਂ ਅੱਖਾਂ ' ਚ ਐਸਾ ਪੜ੍ਹਿਆ ਕਾਤਿਲ ਨੇ
ਕਿ ਮਾਰਨ ਜਿਸ ਨੂੰ ਆਇਆ ਸੀ , ਉਸੇ ' ਤੇ ਮਰ ਗਿਆ ਹੋਣੈ

ਜੋ ਅਪਣੇ ਮਾਪਿਆਂ ਦੀ ਬਦਅਸੀਸਾਂ ਰੋਜ਼ ਲੈਂਦਾ ਹੈ
ਉਹ ਬਾਹਰੋਂ ਜੀਅ ਰਿਹੈ ਪਰ ਅੰਦਰੋਂ ਤਾਂ ਮਰ ਗਿਆ ਹੋਣੈ

ਇਲਾਹੀ ਨਾਦ ਜਿਸ ਦੀ ਰੂਹ ਨੂੰ ਨਿਤ ਮਖਮੂਰ ਕਰਦੀ ਹੈ
ਭਿਆਨਕ ਤਪਿਸ਼ ਵਿਚ ਵੀ ਬਰਫ਼ ਵਾਂਗੂੰ ਠਰ ਗਿਆ ਹੋਣੈ

ਉਦ੍ਹੇ ਚਿਹਰੇ ' ਤੇ ਇੰਨਾ ਨੂਰ ਤੱਕ ਕੇ ਸੋਚਦਾ ਹਾਂ ਮੈਂ
ਕਿ ਦੁਸ਼ਮਨ ਵੀ ਉਹਦਾ ਦੀਦਾਰ ਕਰਕੇ ਤੁਰ ਗਿਆ ਹੋਣੈ

'ਰਫ਼ੀਕ ' ਹੁਣ ਤਾਂ ਗੁਨਾਹਾਂ ਕੋਲੋਂ ਤੌਬਾ ਕਰ ਰਿਹੈ ਲਗਦਾ
ਉਹਦੀ ਰਹਿਮਤ ਤੋਂ ਮਾਫ਼ੀ ਦੀ ਤਵੱਕੋ ਕਰ ਗਿਆ ਹੋਣੈ

**ਲਿਖਤ : ਕੁਲਵੰਤ ਸਿੰਘ ਰਫ਼ੀਕ**

## ਗ਼ਜ਼ਲ

ਰੋਕੋ ਕੋਈ ਵਧ ਰਹੀ ਜਲਨ ਨੂੰ,
ਫੂਕ ਦੇਵੇਗੀ ਸਾਰੇ ਚਮਨ ਨੂੰ।

ਲਹੂ ਪਿਆਸੇ ਹਥਿਆਰਾਂ ਵਿੱਚ ਲਿਪਟੇ,
ਕੀ ਕਰਨਾ ਹੈ ਐਸੇ ਅਮਨ ਨੂੰ?

ਲਾਸ਼ਾਂ ਵਿਛਾ ਕੇ ਹੱਦਾਂ ਬਣਾ ਕੇ,
ਕੇਹਾ ਪਿਆਰ ਕਰਦੇ ਹੋ ਵਤਨ ਨੂੰ?

ਦਿਲ ਦੀ ਭਾਸ਼ਾ ਸਿਖਾਓ ਇਹਨੂੰ,
ਸਕੂਨ ਮਿਲ ਜਾਏਗਾ ਜ਼ਿਹਨ ਨੂੰ।

ਬੜੇ ਬੇਸਬਰੇ ਬੜੇ ਬੇਸ਼ੁਕਰੇ,
ਚੰਗੇ ਬੜੇ ਹਾਂ ਉੰਝ ਤਾਂ ਕਹਿਣ ਨੂੰ।

ਆਪਣੇ ਆਪ ਤੋਂ ਬਚੇਂਗਾ ਕਿਵੇਂ?
ਕਰ ਜਿੰਨੇ ਮਰਜ਼ੀ ਹੀਲੇ ਬਚਣ ਨੂੰ।

ਫੇਰ ਮੁਰਲੀ ਵਜਾਏਂ ਰਾਧਾ ਲਈ,
ਆਖੋ ਸ਼ਾਮ ਜਿਹੀ ਪਵਨ ਨੂੰ।

ਧਰਤੀ ਦੀ ਭੁੱਖ ਤੇ ਦੁੱਖ ਨੂੰ ਮਿਟਾਓ,
ਕਿਉਂ ਉੱਡੇ ਜਾ ਰਹੇ ਹੋ ਗਗਨ ਨੂੰ।

ਸਾਰਾ ਆਲਮ ਹੈ ਸੱਚੀ ਸਰਾਂ,
ਤਤਪਰ ਰਹਿ ਤੂੰ ਯਾਰਾ ਤੁਰਨ ਨੂੰ।

**ਲਿਖਤ : ਤਾਰਾ ਸਿੰਘ ਆਲਮ**

## ਜੇ ਦੁਨੀਆਂ ਤੇ ਰੱਬ ਨ ਹੁੰਦਾ

ਜੇ ਦੁਨੀਆਂ ਤੇ ਰੱਬ ਨਾ ਹੁੰਦਾ
ਬੰਦਾ ਲਾਈ-ਲੱਗ ਨਾ ਹੁੰਦਾ।
ਸੁਬਾ-ਸਵੇਰੇ ਠੰਡ 'ਚ ਨਹਾ ਕੇ
ਨਾਮ ਜਪਣ ਦਾ ਜੱਭ ਨਾ ਹੁੰਦਾ।

ਨਾ ਹੀ ਹੁੰਦੇ ਰੱਬ-ਦੁਆਰੇ
ਨਾ ਚੀਕ-ਚਿਹਾੜਾ ਪਾਉਂਦੇ ਸਾਰੇ।
ਨਾ ਨਰਕਾਂ ਦਾ ਭੈਅ ਕੋਈ ਹੁੰਦਾ
ਨਾ ਸੁਰਗਾਂ ਦੇ ਹੁੰਦੇ ਲਾਰੇ।

ਜਿਹੜਾ ਸਾਨੂੰ ਨਾਮ ਜਪਾਉਂਦਾ
ਏਦਾਂ ਦਾ ਕੋਈ ਠੱਗ ਨਾ ਹੁੰਦਾ।
ਆਪਾਂ ਸਾਰੇ ਬੰਦੇ ਹੁੰਦੇ
ਨਾ ਦੁਨੀਆਂ ਵਿੱਚ ਦੰਗੇ ਹੁੰਦੇ।

ਪੁੱਠਾ-ਸਿੱਧਾ ਬਾਣਾਂ ਪਾਕੇ
ਨਾ ਆਪਸ ਵਿੱਚ ਵੰਡੇ ਹੁੰਦੇ।
ਨੰਗੇ-ਗੰਜੇ ਪਗੜੀਧਾਰੀ
ਝੂਠ ਦਾ ਐਨਾ ਫਲੱਡ ਨਾ ਹੁੰਦਾ।

ਟੀਵੀ ਉੱਤੇ ਪਖੰਡ ਨਾ ਆਉਂਦੇ।
ਤੋਤਾ-ਰਟਣ ਨਾ ਰੋਜ਼ ਚਲਾਉਂਦੇ।
ਬੱਚਿਆਂ ਦਾ ਨਾ ਸਾਹ ਕੋਈ ਘੁੱਟਦਾ
ਮਨਮਰਜ਼ੀ ਦਾ ਰੌਲਾ ਪਾਉਂਦੇ।

ਬੇਬੇ ਦੀ ਬਿਰਤੀ ਨ ਟੁੱਟਦੀ
ਬਾਪੂ ਅੱਖਾਂ ਕੱਢ ਨਾ ਹੁੰਦਾ।

ਕੱਟੜਪੰਥੀ ਭਾਈ-ਭਾਈ
ਦੋਨੋਂ ਪਾਸੇ ਜਹਿਰ ਫੈਲਾਈ।

ਗਰੀਬ,ਔਰਤਾਂ,ਬੱਚੇ ਮਰਦੇ
ਇਨ੍ਹਾਂ ਨੂੰ ਕਦੇ ਆਂਚ ਨਾ ਆਈ।

ਨਫਰਤ ਵਾਲਾ ਹਲਕ ਨਾ ਉਠਦਾ
ਕੋਈ ਕਿਸੇ ਨੂੰ ਵੱਢ ਨਾ ਹੁੰਦਾ।

**ਲਿਖਤ : ਕੁਲਦੀਪ ਸਿਰਸਾ**



# ਨਾਰੀ ਸੰਸਾਰ



## ਔਰਤ ਪੁਰਸ਼ ਨਾਲੋਂ ਵੱਧ ਗੁਣਕਾਰੀ



**ਲਿਖਤ : ਜਸਪਾਲ ਸਿੰਘ ਮਹਿਰੋਕ**
**ਮੋਬਾਈਲ** 6284347188

ਪਰਮਾਤਮਾ ਨੇ ਸੰਸਾਰ ਵਿੱਚ ਦੋ ਜਾਤਾਂ ਬਣਾਈਆ ਹਨ ਇਕ ਜਾਤ ਪੁਰਸ਼ ਦੀ ਅਤੇ ਦੂਸਰੀ ਜਾਤ ਇਸਤਰੀ ਦੀ। ਵਿਅਕਤੀਗਤ ਤੌਰ ਤੇ ਅਸੀਂ ਮਨੁੱਖ ਦਾ ਚਿਹਰਾ ਦੇਖ ਕੇ ਪਹਿਚਾਣ ਸਕਦੇ ਹਾਂ ਕਿ ਸਾਹਮਣੇ ਵਾਲਾ ਪੁਰਸ਼ ਹੈ ਜਾਂ ਇਸਤਰੀ ਹੈ। ਪੁਰਸ਼ ਅਤੇ ਇਸਤਰੀ ਦੇ ਜੋੜੇ ਤੋਂ ਹੀ ਪਰਿਵਾਰ, ਮੇਲ- ਮਿਲਾਪ ਅਤੇ ਵੰਸ਼ ਘਰਾਣੇ ਅੱਗੇ ਵੱਲ ਦੀ ਚਲਦੇ ਹਨ। ਇਸਤਰੀ ਅਤੇ ਪੁਰਸ਼ ਦੇ ਰੂਪ ਵਿਚ ਮਨੁੱਖ ਦੀਆਂ ਆਪਣੀਆਂ ਨਿੱਜੀ ਅਤੇ ਸਮਾਜਿਕ ਲੋੜਾਂ ਪੂਰੀਆਂ ਹੁੰਦੀਆਂ ਹਨ। ਰੱਬ ਨੇ ਵੀ ਪੁਰਸ਼ ਅਤੇ ਇਸਤਰੀ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ। ਜੇਕਰ ਸਮਾਜ ਵਿੱਚ ਇਨ੍ਹਾਂ ਦੋਨਾਂ ਵਿੱਚੋਂ ਇੱਕ ਦੀ ਵੀ ਘਾਟ ਰਹਿ ਜਾਵੇ ਸਮਾਜ ਦਾ ਅੱਗੇ ਵੱਲ ਵਧਣਾ ਬਿਲਕੁਲ ਹੀ ਅਸੰਭਵ ਹੋ ਜਾਵੇਗਾ ਅਤੇ ਸਮਾਜ ਦੀ ਗੱਡੀ ਬਿਲਕੁਲ ਹੀ ਰੁਕ ਜਾਵੇਗੀ। ਇਸ ਤਰ੍ਹਾਂ ਹੋਣ ਨਾਲ ਜਿੰਦਗੀ ਦਾ ਰੱਸ ਬਿਲਕੁਲ ਹੀ ਬੇ-ਸੁਆਦ ਬਣ ਜਾਵੇਗਾ।

ਅਜੋਕੇ ਯੁਗ ਵਿਚ ਜਿਥੇ ਅਸੀ ਇਸਤਰੀ ਅਤੇ ਪੁਰਸ਼ ਦੀ ਬਰਾਬਰਤਾ ਦੀ ਗੱਲ ਕਰਦੇ ਹਾਂ, ਸਾਰਿਆਂ ਨੂੰ ਬਰਾਬਰਤਾ ਦਾ ਪਾਠ ਪੜ੍ਹਾਉਂਦੇ ਹਨ। ਇਹ ਸਭ ਕੁਝ ਜਾਨਣ ਤੋਂ ਬਾਅਦ ਵੀ ਕਈ ਵਿਦਵਾਨ ਅਤੇ ਪੜ੍ਹੇ ਲਿਖੇ ਪੁਰਸ਼ ਇਸਤਰੀਆਂ ਨੂੰ ਬਰਾਬਰ ਦਾ ਦਰਜਾ ਨਹੀਂ ਦਿੰਦੇ ਅਰਥਾਤ ਇਸਤਰੀ ਨੂੰ ਪੁਰਸ਼ ਦੇ ਬਰਾਬਰ ਹੀ ਨਹੀਂ ਮੰਨਦੇ। ਘਰਾਂ ਵਿਚ, ਸਮਾਜ ਵਿਚ, ਇਕੱਠਾਂ ਵਿੱਚ ਅਤੇ ਰਿਸ਼ਤੇਦਾਰੀਆਂ ਵਿੱਚ ਹਰ ਕੰਮ ਵਿਚ ਉਹਨਾਂ ਨੂੰ ਪਿੱਛੇ ਰੱਖਿਆ ਜਾਂਦਾ ਹੈ। ਹੁਣ ਇਹ ਸਮਝਦੇ ਹਨ ਕਿ ਔਰਤ ਘਰੇ ਰੋਟੀ ਬਣਾਉਣ ਵਾਲੀ, ਘਰਵਾਲੇ ਅਤੇ ਬੱਚਿਆਂ ਦਾ ਖ਼ਿਆਲ ਰੱਖਣ ਵਾਲੀ, ਬਜ਼ੁਰਗਾਂ ਦੀ ਸੇਵਾ ਕਰਨ ਵਾਲੀ , ਰਿਸ਼ਤੇਦਾਰਾਂ ਦੀ ਆਉ-ਭਗਤ ਕਰਨ ਅਤੇ ਘਰ ਦੀ ਸੰਭਾਲ ਕਰਨ ਲਈ ਹੀ ਬਣੀ ਹੈ।ਇਥੇ ਹੀ ਬਸ ਨਹੀਂ ਸਾਡੇ ਦੇਸ਼ ਨੂੰ ਚਲਾਉਣ ਵਾਲੇ ਜਦੋਂ ਚੋਣਾਂ ਵੇਲੇ ਟਿਕਟਾਂ ਦੀ ਵੰਡ ਦੀ ਗੱਲ ਕਰਦੇ ਹਨ ਉੱਥੇ ਵੀ ਔਰਤਾਂ ਲਈ ਸਪੈਸਲ ਕੋਟਾ ਰੱਖਦੇ ਹਨ ਅਤੇ ਕਹਿੰਦੇ ਹਨ 25 ਪ੍ਰਤੀਸ਼ਤ ਟਿਕਟਾਂ ਦੀ ਦਾਅਵੇਦਾਰੀ ਔਰਤਾਂ ਦੀ ਹੈ ਉੱਥੇ ਵੀ ਇਨ੍ਹਾਂ ਨੂੰ ਬਰਾਬਰਤਾ ਦੇ ਅਧਿਕਾਰ ਤੋਂ ਵਾਝਾਂ ਰੱਖਿਆ ਜਾਂਦਾ ਹੈ।

ਇਹ ਗੱਲ ਭੁੱਲਣੀ ਨਹੀਂ ਚਾਹੀਦੀ ਪੀ ਇਸਤਰੀ ਤੋਂ ਹੀ ਸੰਸਾਰ ਦੀ ਉਤਪਤੀ ਦਾ ਰਸਤਾ ਖੁੱਲ੍ਹਦਾ ਹੈ। ਪੁਰਸ਼ ਇਸਤਰੀ ਦੇ ਪੇਟ ਵਿੱਚੋਂ ਜਨਮ ਲੈਂਦਾ ਹੈ, ਇਸਤਰੀ ਨਾਲ ਵਿਆਹ ਕਰਵਾਉਂਦਾ ਹੈ, ਇਸਤਰੀ ਕਾਰਨ ਹੀ ਸਮਾਜ ਵਿੱਚ ਹੋਰਨਾਂ ਨਾਲ ਰਿਸ਼ਤੇਦਾਰੀਆਂ ਬਣਾਈਆਂ ਜਾਂਦੀਆਂ ਹਨ। ਗਰੀਬ ਤੋਂ ਲੈ ਕੇ ਰਾਜੇ-ਮਹਾਰਾਜੇ ਵੀ ਔਰਤ ਦੀ ਤੋਂ ਜਨਮ ਲੈਂਦੇ ਹਨ। ਕਿਸ ਲਈ ਹਰ ਇਕ ਨੂੰ ਔਰਤ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ ਔਰਤ ਨੂੰ ਪੁਰਸ਼ ਦੇ ਬਰਾਬਰ ਦਾ ਦਰਜਾ ਦਿਤਾ ਸੀ। ਪਰ ਸਾਡੇ ਸਮਾਜ ਵੱਲੋਂ ਔਰਤ ਨੂੰ ਵਿਆਹ ਤੋਂ ਪਹਿਲਾਂ ਆਪਣੇ ਪਿਤਾ ਅਤੇ ਵਿਆਹ ਤੋਂ ਬਾਅਦ ਪਤੀ ਦੇ ਅਧੀਨ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਸਾਡੇ ਸਮਾਜ ਵਿਚ ਇਸਤਰੀ ਨੂੰ ਪਰਾਇਆ ਧਨ ਸਮਝਿਆ ਜਾਂਦਾ ਹੈ ਜਿਸ ਕਾਰਨ ਉਸਨੂੰ ਘੱਟ ਪੜਾਇਆ ਜਾਂਦਾ ਹੈ, ਘਰ ਤੋਂ ਬਾਹਰ ਘੱਟ ਨਿਕਲਣ ਦਿੱਤਾ ਜਾਂਦਾ ਹੈ। ਸਾਡੇ ਸਮਾਜ ਦੇ ਲੋਕ ਕੁੜੀਆਂ ਦੀ ਪੜ੍ਹਾਈ ਲਿਖਾਈ ਵੱਲ ਘੱਟ ਧਿਆਨ ਦਿੰਦੇ ਹਨ। ਉਹ ਸਮਝਦੇ ਹਨ ਕਿ ਕੁੜੀਆਂ ਤਾਂ ਪਰਾਇਆ ਧ ਿਨ ਹੁੰਦੀਆਂ ਹਨ ਸਾਡੇ ਸਮਾਜ ਵਿਚ ਕਈ ਵਾਰ ਤਾਂ ਕੁੜੀ ਨੂੰ ਕੁੱਖ ਦੇ ਵਿਚ ਹੀ ਮਾਰ ਕੇ ਆਪਣੀ ਫੋਕੀ ਅਣਖ ਖ਼ਾਤਰ ਇਨਸਾਨ ਕੁਦਰਤ ਨਾਲ ਛੇੜਛਾੜ ਕਰ ਰਿਹਾ ਹੈ। ਜਿਸ ਕਾਰਨ ਪੁਰਸ਼ਾਂ ਦੇ ਮੁਕਾਬਲੇ ਔਰਤ ਦੀ ਔਸਤ ਦਰ ਘਟਦੀ ਜਾ ਰਹੀ ਹੈ, ਇਸ ਦੇ ਨਤੀਜੇ ਮਨੁੱਖ ਨੂੰ ਭਵਿੱਖ ਵਿੱਚ ਜ਼ਰੂਰ ਭੁਗਤਣੇ ਪੈਣਗੇ। ਅਜਿਹਾ ਕਰਨ ਦਾ ਮੁੱਖ ਕਾਰਨ ਆਰਥਿਕ ਤੰਗੀ, ਘੱਟ ਸਾਖਰਤਾ, ਕੁੜੀ ਦੀ ਪੜ੍ਹਾਈ ਦੇ ਬੇਲੋੜੇ ਖਰਚੇ ਅਤੇ ਮਾੜੀ ਸੋਚ ਅਤੇ ਕੁੜੀ ਨੂੰ ਪਰਾਇਆ ਧਨ ਸਮਝਣਾ ਹੈ। ਇਕ ਹੋਰ ਕਾਰਨ ਇਹ ਵੀ ਹੈ ਸਾਡੇ ਸਮਾਜ ਵਿਚ ਬੇਲਗਾਮ ਗੁੰਡਿਆਂ ਦਾ ਹੋਣਾ ਜਿਹੜੇ ਹਮੇਸ਼ਾ ਕੁੜੀਆਂ ਨੂੰ ਮਾੜੀ ਨਜ਼ਰ ਨਾਲ ਹੀ ਦੇਖਣਾ ਹੈ। ਇਸ ਤੋਂ ਇਲਾਵਾ ਲਾਲਚੀ ਅਤੇ ਮਾੜੇ ਸਹੁਰਿਆਂ ਦਾ ਵੀ ਕੁੜੀ ਦੇ ਮਾ-ਪਿਓ ਨੂੰ ਡਰ ਬਣਿਆ ਰਹਿੰਦਾ ਹੈ। ਉਹਨਾਂ ਮਾੜੇ ਅਨਸਰਾਂ ਨੂੰ ਸਮਝਾਉਣ ਲਈ ਇੱਕ ਕਵਿਤਾ ਅਨੁਸਾਰ ਮੇਰੇ ਵੱਲੋਂ ਇੰਝ ਲਿਖਿਆ ਜਾਂਦਾ ਹੈ ਕਿ:-

"ਧੀਆਂ ਆਪਣੇ ਬਾਬਲ ਘਰੇ ਕੇਵਲ ਧੀਆਂ ਹੀ ਨਹੀਂ,
ਪੇਕੇ ਘਰ ਵਾਂਗ ਛਾਂ ਦਾਰ ਧਰੇਕਾਂ ਹੁੰਦੀਆਂ ਨੇ।
ਛੱਡ ਕੇ ਜੋ ਬਾਬਲ ਦੇ ਸੋਹਣੇ ਮਹਿਲ ਮੁਨਾਰੇ,
ਸਹੁਰੇ ਘਰ ਨੂੰ ਚਾਰ ਚੰਨ ਲਗਾ ਦਿੰਦੀਆਂ ਨੇ।
ਆਪਣੇ ਘਰ ਲਿਆਉਣ ਤੋਂ ਬਾਦ
ਉਨ੍ਹਾਂ ਨੂੰ ਮਾੜਾ ਨਾ ਬੋਲੋ ਦੋਸਤੋਂ,
ਆਪਣੀ ਧੀਆਂ ਵਾਂਗ,
ਇਹ ਵੀ ਕਿਸੇ ਦੇ ਜਿਗਰ ਦਾ ਟੁਕੜਾ ਹੁੰਦੀਆ ਨੇ।
ਇਹ ਵੀ ਆਪਣੇ ਪਿਉ ਦੇ ਜਿਗਰ ਦਾ ਟੁਕੜਾ ਹੁੰਦੀਆ ਨੇ॥ "

ਅੱਜ ਦੇ ਵਿਗਿਆਨਕ ਯੁੱਗ ਵਿਚ ਹਰ ਕਿਸੇ ਨੂੰ ਇੱਕ ਧੀ ਦਾ ਪਿਓ ਬਣਨਾ ਖੁਸ਼ਨਸੀਬ ਨਹੀਂ ਹੁੰਦਾ। ਇਹ ਕੜੀਆਂ ਕਿਸੇ ਕਿਸਮਤ ਵਾਲੇ ਦੇ ਘਰ ਵਿੱਚ ਹੀ ਜਨਮ ਲੈਂਦੀਆਂ ਹਨ। ਹਰ ਪਿਓ ਦੀ ਕਿਸਮਤ ਦੇ ਵਿਚ ਬੇਟੀਆਂ ਨਹੀਂ ਹੁੰਦੀਆਂ। ਜਿਸ ਘਰ ਵਿਚ ਧੀ ਹੁੰਦੀ ਹੈ ਉਥੇ ਇਜ਼ਤ, ਜ਼ਿੰਦਗੀ ਜਿਊਣ ਦਾ ਸਲੀਕਾ, ਬੋਲਣ ਦਾ ਸਲੀਕਾ, ਕਦਰ ਅਤੇ ਘਰ ਵਿੱਚ ਬਰਕਤ ਹੁੰਦੀ ਹੈ। ਅੱਜ ਕੱਲ ਦੀਆ ਔਰਤਾਂ ਮਰਦਾਂ ਤੋਂ ਬਿਲਕੁਲ ਘੱਟ ਨਹੀਂ ਹਨ। ਸਗੋਂ ਉਹਨਾਂ ਨਾਲੋਂ ਬਹੁਤ ਵੱਧ ਪੜ੍ਹੀਆਂ ਲਿਖੀਆਂ ਹਨ। ਹਰ ਇੱਕ ਸਰਕਾਰੀ ਅਤੇ ਪ੍ਰਾਈਵੇਟ ਖੇਤਰ ਵਿੱਚ ਪੁਰਸ਼ਾਂ ਨਾਲੋਂ ਵੱਧ ਕੰਮ ਕਰ ਰਹੀਆਂ ਹਨ। ਅੱਜਕਲ ਭਾਰਤ ਵਿੱਚ ਬੀ ਐਸ ਐਫ ਵਿੱਚ ਭਰਤੀ ਹੋ ਕੇ ਕੁੜੀਆਂ ਭਾਰਤ ਦੇ ਬਾਰਡਰ ਦੀ ਰਾਖੀ ਕਰ ਰਹੀਆਂ ਹਨ। ਸਾਨੀਆ ਮਿਰਜ਼ਾ, ਕਲਪਨਾ ਚਾਵਲਾ, ਮਦਰ ਟਰੇਸਾ, ਮਿਥਾਲੀ ਰਾਜ, ਪ੍ਰਤਿਭਾ ਪਾਟਿਲ, ਸਰਲਾ ਠਕਰਾਲ ਵਰਗੀਆਂ ਮਹਾਨ ਸ਼ਖ਼ਸੀਅਤਾਂ ਨੇ ਔਰਤ ਦਾ ਕੱਦ ਹੋਰ ਵੀ ਉੱਚਾ ਕਰ ਦਿੱਤਾ ਹੈ।ਇਸ ਤੋਂ ਇਲਾਵਾ ਔਰਤ ਹਰ ਇਕ ਖੇਤਰ ਵਿਚ ਜਿਵੇਂ ਪੁਲਿਸ ਪ੍ਰਸ਼ਾਸਨ, ਨਿਆਂ ਪ੍ਰਣਾਲੀ, ਸਿਹਤ ਅਤੇ ਸਮਾਜਿਕ ਸੁਰੱਖਿਆ, ਇੰਜਨੀਅਰਿੰਗ, ਪਾਇਲਟ ਵਰਗੇ ਖੇਤਰਾਂ ਵਿੱਚ ਵੱਖ ਵੱਖ ਅਹੁਦਿਆਂ ਤੇ ਬਿਰਾਜਮਾਨ ਹਨ, ਇੱਥੋਂ ਤੱਕ ਕਿ ਹੁਣ ਸਾਡੇ ਦੇਸ਼ ਦੀ ਮੌਜੂਦਾ ਰਾਸ਼ਟਰਪਤੀ ਵੀ ਇਕ ਔਰਤ ਹੈ। ਇਹ ਸਭ ਕੁਝ ਦੇਖ ਕੇ ਔਰਤ ਪ੍ਰਤੀ ਇੱਜ਼ਤ ਹੋਰ ਵੱਧ ਜਾਂਦੀ ਹੈ ਅਤੇ ਉਸ ਨੂੰ ਦਿਲੋਂ ਸਲਾਮ ਕਰਨ ਦਾ ਮਨ ਕਰਦਾ ਹੈ।

## ਆਧੁਨਿਕ ਯੁੱਗ ਵਿੱਚ ਨਾਰੀ ਦੀ ਭੂਮਿਕਾ



ਲਿਖਤ
ਨੀਟਾ ਭਾਟੀਆ

ਨਾ ਭੁਲਾ ਸਕੇ ਹਾਂ ਅੱਜ ਤੱਕ ਵੀ ਉਹ ਸਮਾਂ
ਜਿਸਨੂੰ ਭੁਲਾਉਣ ਲਈ ਬੀਤ ਗਿਆ ਏ ਇੱਕ ਸਮਾਂ

ਸਾਥੀਓ ! ਮੈਂ ਤੁਹਾਨੂੰ ਸਦੀਆਂ ਪੁਰਾਣੇ ਉਸ ਯੁੱਗ ਵਿੱਚ ਲੈ ਕੇ ਜਾਣਾ ਚਾਹੁੰਦੀ ਹਾਂ ਜਿੱਥੇ ਕਦੇ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਉਸਦੀ ਆਪਣੀ ਕੋਈ ਹੋਂਦ ਨਹੀਂ ਸੀ । ਉਸਨੂੰ ਪਤੀ ਦੀ ਮੌਤ ਦੇ ਨਾਲ ਹੀ ਜ਼ਿੰਦਾ ਹੀ ਚਿਤਾ ਵਿੱਚ ਸੜ੍ਹਨਾ ਪੈਂਦਾ ਸੀ ਤੇ ਉਸ ਸਮੇਂ ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਵਿਰੋਧ ਕੀਤਾ ਤੇ ਫੁਰਮਾਇਆ :



ਸਤੀਆਂ ਸੋ ਨਾ ਆਖੀਅਨ,
ਜੋ ਮੜੀਆਂ ਲੱਗ ਜਲਣ।
ਸਤੀਆਂ ਸੋਈ ਨਾਨਕਾ,
ਜੋ ਬਿਰਹੋਂ ਚੋਟ ਮਰਨ ।

ਪਹਿਲਾਂ ਔਰਤ ਆਪਣੀ ਮਰਜੀ ਨਾਲ ਜੀਵਨ ਬਤੀਤ ਨਹੀਂ ਸੀ ਕਰ ਸਕਦੀ।

ਬਾਬਰ ਦੇ ਵੇਲੇ ਜਦ ਔਰਤਾਂ ਨਾਲ ਬਦਸਲੂਕੀ ਕੀਤੀ ਗਈ ਤਾਂ ਗੁਰੂ ਨਾਨਕ ਦੇਵ ਜੀ ਨੇ ਇਸ ਜ਼ੁਲਮ ਦੇ ਖਿਲਾਫ ਹਾਅ ਦਾ ਨਾਅਰਾ ਮਾਰਿਆ ਤੇ ਗਿਲਾ ਕੀਤਾ।

"ਸੋ ਕਿਉਂ ਮੰਦਾ ਆਖਿਐ,
ਜਿਤੁ ਜੰਮੇ ਰਾਜਾਨੁ

ਇਹ ਤਾਂ ਔਰਤ ਦੀ ਪਹਿਲੀ ਕਹਾਣੀ ਸੀ ਪਰ ਅੱਜ ਜਦ ਅਸੀਂ ਇੱਕੀਵੀਂ ਸਦੀ ਦੀ ਦਹਿਲੀਜ ਉਤੇ ਪਹੁੰਚ ਚੁੱਕੇ ਹਾਂ ਤਾਂ ਸਾਨੂੰ ਔਰਤਾਂ ਮਰਦਾਂ ਨਾਲੋਂ ਹਰ ਖੇਤਰ ਵਿੱਚ ਅੱਗੇ ਨਜ਼ਰ ਆਉਂਦੀਆਂ ਹਨ ਤੇ ਇਸਦਾ ਕਾਰਨ ਸਿਰਫ ਇਹੋ ਹੈ ਕਿ ਅੱਜ ਦੀ ਔਰਤ ਨੇ ਆਪਣੇ ਆਤਮਬਲ ਨੂੰ ਤੇ ਆਪਣੇ ਸਹੀ ਰੂਪ ਨੂੰ ਪਛਾਣ ਲਿਆ ਹੈ। ਇਸ ਤੋਂ ਮੇਰਾ ਇਹ ਭਾਵ ਨਹੀਂ ਕਿ ਪਹਿਲਾਂ ਦੀ

ਔਰਤ ਮਹਾਨ ਨਹੀਂ ਸੀ। ਕਿਉਂਕਿ ਕਈ ਅਜਿਹੀਆਂ ਝਾਂਸੀ ਦੀ ਰਾਣੀ, ਯੋਧਾ ਬਾਈ ਤੇ ਚਾਂਦ ਬੀਬੀ ਵਰਗੀਆਂ ਔਰਤਾਂ ਹੋਈਆਂ ਹਨ ਜਿਨ੍ਹਾਂ ਨੇ ਆਪਣੀਆਂ ਜਾਨਾਂ ਦੇ ਕੇ ਦੇਸ਼ ਦੀ ਆਨ-ਬਾਨ ਨੂੰ ਬਰਕਰਾਰ ਰੱਖਿਆ ਸੀ ਤੇ ਇਸਦੇ ਨਾਲ ਹੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੋ ਹੱਥ ਪੰਘੂੜੇ ਹਿਲਾ ਸਕਦੇ ਹਨ ਉਹ ਤਾਜਪੋਸ਼ੀ ਵੀ ਕਰ ਸਕਦੇ ਹਨ। ਇਸਦੀ ਸਪਸ਼ਟ ਉਦਾਹਰਣ ਇੰਦਰਾ ਗਾਂਧੀ ਹੈ। ਆਧੁਨਿਕ ਯੁੱਗ ਵਿੱਚ ਕਲਪਨਾ ਚਾਵਲਾ ਤੇ ਕਿਰਨ ਬੇਦੀ ਨੇ ਪੂਰੀ ਨਾਰੀ ਜਾਤੀ ਦਾ ਨਾਂ ਉੱਚਾ ਕਰ ਦਿੱਤਾ ਹੈ।

ਅੱਜ ਭਵਿੱਖ ਵਿੱਚ ਸਭ ਤੋਂ ਵੱਧ ਯੋਗਦਾਨ ਸਾਨੂੰ ਔਰਤਾਂ ਦਾ ਹੀ ਨਜ਼ਰ ਆਉਂਦਾ ਹੈ। ਭਾਵੇਂ ਉਹ ਪੀ.ਐਮ.ਟੀ. ਦਾ ਟੈਸਟ ਹੋਵੇ ਤੇ ਜਾਂ ਫਿਰ ਕੌਣ ਬਣੇਗਾ ਕਰੋੜਪਤੀ ਦਾ ਮੁਕਾਬਲਾ, ਔਰਤ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਹੈ। ਉਹ ਮਰਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀ ਹੈ । ਭਵਿੱਖ ਦੀ ਸਿਰਜਣਾ ਲਈ ਔਰਤਾਂ ਦੇ ਸਿਰ ਉੱਤੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ ਤੇ ਉਹ ਇਹਨਾਂ ਨੂੰ ਬਖੂਬੀ ਨਿਭਾ ਵੀ ਰਹੀਆਂ ਹਨ। ਔਰਤ ਦੇ ਹੌਂਸਲੇ ਨੂੰ ਹੋਰ ਬੁਲੰਦ ਕਰਦੇ ਹੋਏ ਮੈਂ ਤਾਂ ਇਹੋ ਕਹਾਂਗੀ ਕਿ:

ਹਾਰਨਾ ਤੇਰੀ ਮੰਜ਼ਿਲ ਨਹੀਂ,
ਚੱਲਦੇ ਰਹਿਣਾ ਹੀ ਤੇਰਾ ਦਸਤੂਰ ਹੈ।

## ਹਸਰਤਾਂ

**ਲਿਖਤ : ਵੀਨਾ ਬਟਾਲਵੀ**

ਹਸਰਤਾਂ ਮਰਦੀਆਂ ਨਹੀਂ ਮਾਰੀਆਂ ਜਾਂਦੀਆਂ ਹਨ ਜਾਂ ਉਨ੍ਹਾਂ ਦਾ ਕਤਲ ਕੀਤਾ ਜਾਂਦਾ ਹੈ। ਇਸ ਕਰਕੇ ਕਦੇ ਖੁਦ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਸਗੋਂ ਕਾਤਲ ਦੇ ਹਥਿਆਰ ਦੇ ਖ਼ਾਤਮੇ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਉਹ ਕਿਸੇ ਹੋਰ ਦੀਆਂ ਸੱਧਰਾਂ ਦਾ ਘਾਣ ਨਾ ਕਰ ਸਕੇ।

ਹਸਰਤ ਜਾਂ ਉਮੀਦ ਦਾ ਮਰ ਜਾਣਾ ਸਭ ਤੋਂ ਵੱਧ ਖਤਰਨਾਕ ਹੁੰਦਾ ਹੈ, ਪਰ ਉਸ ਤੋਂ ਵੀ ਵੱਧ ਖਤਰਨਾਕ ਉਹ ਵਿਅਕਤੀ ਹੁੰਦਾ ਹੈ ਜੋ ਦੂਜਿਆਂ ਦੀ ਉਮੀਦ ਨੂੰ ਖ਼ਤਮ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ। ਇਹੋ ਜਿਹੇ ਵਿਅਕਤੀਆਂ ਦੀ ਪਹਿਚਾਣ ਹੋ ਜਾਣ 'ਤੇ ਉਹਨਾਂ ਤੋਂ ਕਿਨਾਰਾ ਕਰਨ ਵਿਚ ਹੀ ਆਪਣੀ ਅਤੇ ਆਪਣੇ ਪਿਆਰਿਆਂ ਦੀ ਭਲਾਈ ਹੁੰਦੀ ਹੈ। ਕਦੇ ਵੀ ਇਹੋ ਜਿਹੇ ਕਾਤਲਾਂ ਦੇ ਸੁਧਰਨ ਦੀ ਉਮੀਦ ਨਹੀਂ ਕਰਨੀ ਚਾਹੀਦੀ ਬਲਕਿ ਤਰਕ ਅਤੇ ਕੂਟਨੀਤੀ ਦਾ ਸਹਾਰਾ ਲੈ ਕੇ ਨਿਜ਼ਾਤ ਪਾਉਣ ਵਿਚ ਹੀ ਸਮਝਦਾਰੀ ਹੁੰਦੀ ਹੈ। ਜੋ ਸਮਾਂ ਰਹਿੰਦਿਆਂ ਅਜਿਹਾ ਕਰਨ ਵਿਚ ਸਫ਼ਲ ਹੋ ਜਾਂਦੇ ਹਨ ਉਹ ਹੀ ਜ਼ਿੰਦਗੀ ਦਾ ਅਨੰਦ ਮਾਣਦੇ ਹਨ।



ਇਹ ਕਦੇ ਨਾ ਸੋਚੋ ਕਿ ਕੋਈ ਗੁਨਾਹ ਵੀ ਕਰੇ ਤੇ ਬਚ ਵੀ ਜਾਏ। ਇਹੋ ਜਿਹੇ ਕਾਤਲਾਂ ਦਾ ਅੰਤ ਬਹੁਤ ਭੈੜਾ ਹੁੰਦਾ ਹੈ। ਇਹੋ ਜਿਹੇ ਹਸਰਤਾਂ ਦੇ ਕਾਤਲ ਮਨੁੱਖ ਦੀਆਂ ਅੱਖਾਂ ਵਿਚ ਤਾਂ ਘੱਟਾ ਪਾ ਸਕਦੇ ਹਨ ਪਰ ਸਿਰਜਣਹਾਰ ਦੀਆਂ ਅਦਿੱਖ ਅੱਖਾਂ ਵਿਚ ਨਹੀਂ। ਇਹੋ ਜਿਹੇ ਬੰਦੇ ਤੋਂ ਬਚੇ ਕਾਤਲ ਅੰਤ ਸਮੇਂ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ ਜਾਂ ਉਹਨਾਂ ਦੀ ਔਲਾਦ ਭੈੜੀ ਅਤੇ ਬਦਚਲਨ ਨਿਕਲਦੀ ਹੈ ਜਾਂ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ ਜਾਂ ਇਕੱਲੇਪਣ ਦੇ ਸਾਥੀ ਬਣ ਜਾਂਦੇ ਹਨ। ਉਹ ਪੈਸੇ ਵਾਲ਼ੇ ਗ਼ਰੀਬ ਹੁੰਦੇ ਹਨ। ਔਲਾਦ ਵਾਲ਼ੇ ਬੇਔਲਾਦ ਹੁੰਦੇ ਹਨ। ਮਤਰਿਆਂ ਵਰਗੇ ਸਕਿਆਂ ਵਿਚ ਘਿਰੇ ਹੁੰਦੇ ਹਨ। ਇਸ ਕਰਕੇ ਕਦੇ ਵੀ ਇਹੋ ਜਿਹੀ ਹਰਕਤ ਜਾਂ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ਼ ਦੂਜਿਆਂ ਦੀਆਂ ਹਸਰਤਾਂ ਦਾ ਕਤਲ ਹੋ ਜਾਏ। ਜੇਕਰ ਅਸੀਂ ਕਿਸੇ ਲਈ ਕੁਝ ਚੰਗਾ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਕਦੇ ਮਾੜਾ ਕਰਨਾ ਤਾਂ ਦੂਰ ਦੀ ਗੱਲ ਕਦੇ ਮਾੜਾ ਸੋਚਣਾ ਵੀ ਨਹੀਂ ਚਾਹੀਦਾ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## CHANGE OF NAME

I, Sonia verma daughter of Surinder Kumar resident of 1309 lower kurari Mohalla Kalka Panchkula 133302 Haryana, and presently residing at 5942 168st Surrey British Columbia, Canada V3S3X6, do hereby change my name from Sonia to Sonia verma, with immediate effect.

## BRIDE WANTED

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

# ਨੱਕ ਤੱਕ ਆਇਆ ਬੁੱਢਾ ਦਰਿਆ ਦਾ ਪ੍ਰਦੂਸ਼ਣ

**ਵਲੋਂ : ਕਰਨਲ (ਰਿਟਾ.) ਜਸਜੀਤ ਸਿੰਘ ਗਿੱਲ**

ਸਤਲੁਜ ਦਰਿਆ ਦੀ ਸਹਾਇਕ ਨਦੀ ਬੁੱਢਾ ਦਰਿਆ ਦੇ ਪ੍ਰਦੂਸ਼ਣ ਦੀ ਇੱਕ ਉਲਝੀ ਸਮੱਸਿਆ ਉਦੋਂ ਫ਼ੈਸਲਾਕੁਨ ਪੜਾਅ 'ਤੇ ਪਹੁੰਚ ਗਈ ਜਦੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਡਾਈਂਗ ਇਕਾਈਆਂ ਨੂੰ ਆਪਣਾ ਅਣਸੋਧਿਆ ਪਾਣੀ ਦਰਿਆ ਵਿੱਚ ਪਾਉਣੋਂ ਬੰਦ ਕਰਨ ਦੇ ਹੁਕਮ ਦੇ ਦਿੱਤੇ। ਲੁਧਿਆਣਾ, ਦੱਖਣੀ ਪੰਜਾਬ ਅਤੇ ਰਾਜਸਥਾਨ ਦੇ ਹਜ਼ਾਰਾਂ ਲੋਕਾਂ ਨੇ 'ਕਾਲੇ ਪਾਣੀਆਂ ਦਾ ਮੋਰਚਾ' ਬੈਨਰ ਹੇਠ ਇਕੱਤਰ ਹੋ ਕੇ ਲੁਧਿਆਣਾ ਦੇ ਬੁੱਢਾ ਦਰਿਆ ਵਿਚਲੇ ਹੱਦ ਦਰਜੇ ਦੇ ਪ੍ਰਦੂਸ਼ਣ ਖ਼ਿਲਾਫ਼ ਆਵਾਜ਼ ਉਠਾਈ ਸੀ। ਉਨ੍ਹਾਂ ਦੀ ਮੰਗ ਹੈ ਕਿ ਸਨਅਤੀ ਇਕਾਈਆਂ ਵੱਲੋਂ ਪੀਣ ਅਤੇ ਸਿੰਜਾਈ ਲਈ ਵਰਤੇ ਜਾਂਦੇ ਪਾਣੀ ਦਾ ਪ੍ਰਦੂਸ਼ਣ ਬੰਦ ਕੀਤਾ ਜਾਵੇ।

ਅਫ਼ਸੋਸਨਾਕ ਗੱਲ ਇਹ ਹੈ ਕਿ ਵੱਖ-ਵੱਖ ਸਮਿਆਂ 'ਤੇ ਆਈਆਂ ਸਰਕਾਰਾਂ ਅਤੇ ਨਾਲ ਹੀ ਸਿਆਸੀ ਪਾਰਟੀਆਂ ਦੀ ਰਾਜਸੀ ਇੱਛਾ ਨਾ ਹੋਣ ਕਰ ਕੇ ਇਹ ਸਮੱਸਿਆ ਬਣੀ ਹੋਈ ਹੈ ਕਿਉਂਕਿ ਉਨ੍ਹਾਂ ਨੂੰ ਚੋਣਾਂ ਲੜਨ ਵਾਸਤੇ ਸਨਅਤਾਂ ਤੋਂ ਫੰਡ ਖੁੱਸ ਜਾਣ ਦਾ ਡਰ ਹੈ ਹਾਲਾਂਕਿ ਪਾਣੀ ਦੇ ਪ੍ਰਦੂਸ਼ਣ ਕਰ ਕੇ ਦੋ ਕਰੋੜ ਤੋਂ ਵੱਧ ਲੋਕਾਂ ਦਾ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਹਰ ਰੋਜ਼ ਲੱਖਾਂ ਲਿਟਰ ਅਣਸੋਧਿਆ ਸੀਵਰੇਜ ਸਿੱਧਾ ਬੁੱਢਾ ਦਰਿਆ ਵਿੱਚ ਪਾਇਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਲੁਧਿਆਣਾ ਨਗਰ ਨਿਗਮ ਨੇ ਗੰਦੇ ਪਾਣੀ ਦੀ ਸੁਧਾਈ ਲਈ ਇੰਟਰਮੀਡੀਏਟ ਪੰਪਿੰਗ ਸਟੇਸ਼ਨ (ਆਈਪੀਐੱਸ) ਦੀ ਉਸਾਰੀ ਸ਼ੁਰੂ ਕਰਵਾਈ ਸੀ ਪਰ ਜ਼ਮੀਨ ਦੇ ਵਿਵਾਦ ਕਾਰਨ ਇਹ ਪ੍ਰਾਜੈਕਟ ਅੱਧ ਵਿਚਾਲੇ ਹੀ ਠੱਪ ਕਰ ਦਿੱਤਾ ਗਿਆ। ਬੁੱਢਾ ਦਰਿਆ ਦੇ ਦੋਵੇਂ ਪਾਸੀਂ ਜ਼ਮੀਨ ਉੱਪਰ ਬਹੁਤ ਜ਼ਿਆਦਾ ਕਬਜ਼ੇ ਹੋ ਚੁੱਕੇ ਹਨ। ਇਸ ਦਾ ਕੇਸ ਸੁਪਰੀਮ ਕੋਰਟ ਵਿੱਚ ਲਟਕ ਰਿਹਾ ਹੈ।

ਕਾਮਨ ਐਫਲੂਐਂਟ ਟ੍ਰੀਟਮੈਂਟ ਪਲਾਂਟ (ਸੀਈਟੀਪੀ) ਲੱਗਿਆ ਹੋਣ ਦੇ ਬਾਵਜੂਦ ਡਾਈਂਗ ਇੰਡਸਟਰੀ ਵੱਲੋਂ ਸਿੱਧੇ ਅਤੇ ਅਸਿੱਧੇ ਤੌਰ 'ਤੇ ਦਰਿਆ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਕੇਂਦਰੀ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੀਆਂ ਰਿਪੋਰਟਾਂ ਮੁਤਾਬਿਕ ਸਨਅਤ ਵੱਲੋਂ ਛੱਡਿਆ ਜਾਂਦਾ ਪਾਣੀ ਉਨ੍ਹਾਂ ਦੇ ਪੈਮਾਨਿਆਂ 'ਤੇ ਪੂਰਾ ਨਹੀਂ ਉੱਤਰਦਾ। ਇਸ ਕਰ ਕੇ ਮੌਜੂਦਾ ਸੰਕਟ ਪੈਦਾ ਹੋਇਆ ਹੈ। ਬਹੁਤ ਸਾਰੀਆਂ ਇਕਾਈਆਂ ਹਾਲੇ ਵੀ ਮਿਉਂਸਿਪਲ ਸੀਵਰੇਜ ਨਾਲ ਜੁੜੀਆਂ ਹੋਈਆਂ ਹਨ ਅਤੇ ਅਧਿਕਾਰੀਆਂ ਨੇ ਇਸ ਅਸਿੱਧੇ ਪ੍ਰਦੂਸ਼ਣ ਪ੍ਰਤੀ ਅੱਖਾਂ ਮੀਟੀਆਂ ਹੋਈਆਂ ਹਨ।

ਇਸ ਦਾ ਇਕਮਾਤਰ ਸੰਭਵ ਹੱਲ ਇਹ ਹੈ ਕਿ ਡਾਈਂਗ ਸਨਅਤ ਦੇ ਸੀਈਟੀਪੀਜ਼ ਲਈ ਜ਼ੀਰੋ ਲਿਕੁਇਡ ਡਿਸਚਾਰਜ (ਜ਼ੈਡਐੱਲਡੀ) ਤਕਨਾਲੋਜੀ ਅਪਣਾਈ ਜਾਵੇ ਅਤੇ ਇਨ੍ਹਾਂ ਪਲਾਂਟਾਂ ਦੇ ਪਾਣੀ ਦੀ ਮੁੜ ਵਰਤੋਂ ਕੀਤੀ ਜਾਵੇ ਜਿਵੇਂ ਕਿ ਮਦਰਾਸ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਤਿਰੂਪੁਰ (ਤਾਮਿਲਨਾਡੂ) ਦੀ ਡਾਈਂਗ ਸਨਅਤ ਵੱਲੋਂ ਕੀਤਾ ਜਾਂਦਾ ਹੈ। 28 ਜਨਵਰੀ, 2011 ਨੂੰ ਮਦਰਾਸ ਹਾਈਕੋਰਟ ਨੇ ਤਿਰੂਪੁਰ ਦੀਆਂ 700 ਤੋਂ ਵੱਧ ਡਾਈਂਗ ਅਤੇ ਇਕਾਈਆਂ ਅਤੇ ਐਫਲੂਐਂਟ ਟ੍ਰੀਟਮੈਂਟ ਪਲਾਂਟ ਬੰਦ ਕਰਨ ਦਾ ਹੁਕਮ ਦਿੱਤਾ ਸੀ। ਇਸ ਨੇ ਸਨਅਤ ਨੂੰ ਜ਼ੈਡਐੱਲਡੀ ਤਕਨਾਲੋਜੀ ਨੂੰ ਧਾਰਨ ਕਰਨ ਦੇ ਨਿਰਦੇਸ਼ ਵੀ ਦਿੱਤੇ ਸਨ।

ਬੁੱਢਾ ਦਰਿਆ ਨੂੰ ਬਚਾਉਣ ਲਈ ਵੀ ਸਨਅਤ ਅਤੇ ਸਰਕਾਰ ਨੂੰ ਮਿਲ ਕੇ ਜ਼ੈੱਡਐੱਲਡੀ ਤਕਨਾਲੋਜੀ ਅਪਣਾਉਣ ਦਾ ਖ਼ਾਕਾ ਤਿਆਰ ਕਰਨਾ ਚਾਹੀਦਾ ਹੈ ਜਿਸ ਵਾਸਤੇ ਕੇਂਦਰ ਸਰਕਾਰ ਤੋਂ ਵੀ ਮਦਦ ਮੰਗੀ ਜਾਣੀ ਚਾਹੀਦੀ ਹੈ। ਲੁਧਿਆਣਾ ਵਿੱਚ ਕਰੀਬ 2800 ਇਲੈਕਟਰੋਪਲੇਟਿੰਗ ਇਕਾਈਆਂ ਹਨ ਜਿਨ੍ਹਾਂ 'ਚੋਂ 1700 ਰਜਿਸਟਰਡ ਹਨ ਅਤੇ 300 ਇਕਾਈਆਂ ਦੀ ਰਜਿਸਟਰੇਸ਼ਨ ਦੀ ਕਤਾਰ ਵਿਚ ਲੱਗੀਆਂ ਹੋਈਆਂ ਹਨ ਜਦੋਂਕਿ ਬਾਕੀ ਦੀਆਂ ਇਕਾਈਆਂ ਗ਼ੈਰ-ਕਾਨੂੰਨੀ ਢੰਗ ਨਾਲ ਚੱਲ ਰਹੀਆਂ ਹਨ। ਰਜਿਸਟਰਡ ਇਕਾਈਆਂ ਵਲੋਂ 1.25 ਰੁਪਏ ਫੀ ਲਿਟਰ ਦੀ ਅਦਾਇਗੀ ਨਾਲ ਆਪਣੀ ਰਹਿੰਦ ਖੂੰਹਦ/ਵੇਸਟ ਵਾਟਰ ਨੂੰ ਟ੍ਰੀਟ ਕਰਵਾਇਆ ਜਾਂਦਾ ਹੈ। ਉਂਝ, ਇਨ੍ਹਾਂ ਇਕਾਈਆਂ ਦੇ ਮਾਲਕਾਂ ਦਾ ਦਾਅਵਾ ਹੈ ਕਿ ਲਗਭਗ 90 ਫ਼ੀਸਦ ਗੰਦਾ ਪਾਣੀ ਸਿੱਧੇ ਤੌਰ 'ਤੇ ਸੀਵਰੇਜ ਵਿੱਚ ਪਾ ਦਿੱਤਾ ਜਾਂਦਾ ਹੈ ਜਾਂ ਰਿਵਰਸ ਬੋਰਿੰਗ ਰਾਹੀਂ ਜ਼ਮੀਨ ਵਿੱਚ ਪਾਇਆ ਜਾਂਦਾ ਹੈ ਜਿਸ ਨਾਲ ਧਰਤੀ ਹੇਠਲੇ ਪਾਣੀ ਦੇ ਭੰਡਾਰ ਬਰਬਾਦ ਹੋ ਰਹੇ ਹਨ ਜਿਵੇਂ ਕਿ ਜ਼ੀਰਾ ਡਿਸਟਿਲਰੀ ਦੇ ਮਾਮਲੇ ਵਿੱਚ ਦੇਖਿਆ ਗਿਆ ਸੀ।

ਡਾਈਂਗ ਸਨਅਤ ਤੋਂ ਇਲਾਵਾ, ਸ਼ੀਟ ਮੈਟਲ ਇੰਡਸਟਰੀ ਵੱਲੋਂ ਵੀ ਦਰਿਆ ਨੂੰ ਪਲੀਤ ਕੀਤਾ ਜਾ ਰਿਹਾ ਹੈ ਜਿਸ ਵੱਲ ਅਜੇ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਡਾਈਂਗ ਇੰਡਸਟਰੀ ਵੱਲੋਂ ਦੋਸ਼ ਲਾਇਆ ਜਾਂਦਾ ਹੈ ਕਿ ਸ਼ੀਟ ਮੈਟਲ ਇੰਡਸਟਰੀ ਇਹ ਪ੍ਰਦੂਸ਼ਣ ਫੈਲਾ ਰਹੀ ਹੈ ਕਿਉਂਕਿ ਇਸ ਵਿੱਚ ਹਾਈਡਰੋਕਲੋਰਿਕ ਐਸਿਡ (ਐੱਚਸੀਐੱਲ) ਦੀ ਵਰਤੋਂ ਕੀਤੀ ਜਾਂਦੀ ਹੈ ਲੁਧਿਆਣਾ ਵਿੱਚ ਅਜਿਹਾ ਕੋਈ ਟ੍ਰੀਟਮੈਂਟ ਪਲਾਂਟ ਨਹੀਂ ਹੈ ਜੋ ਐੱਚਸੀਐੱਲ ਨਾਲ ਪਲੀਤ ਹੋਏ ਪਾਣੀ ਨੂੰ ਸੋਧ ਸਕੇ। ਸ਼ੀਟ ਮੈਟਲ ਇੰਡਸਟਰੀ ਵੱਲੋਂ ਕਰੀਬ ਦੋ ਲੱਖ ਲਿਟਰ ਐਚਸੀਐਲ ਐਸਿਡ ਵਾਲਾ ਪਾਣੀ ਸੀਵਰੇਜ ਵਿੱਚ ਸਿੱਧੇ ਤੌਰ 'ਤੇ ਪਾਇਆ ਜਾਂਦਾ ਹੈ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਵੱਲੋਂ ਭ੍ਰਿਸ਼ਟਾਚਾਰ ਕਰਨ ਦੇ ਇਲਜ਼ਾਮ ਮਾਮਲਿਆਂ ਨੂੰ ਹੋਰ ਵੀ ਗੁੰਝਲਦਾਰ ਬਣਾ ਰਹੇ ਹਨ। ਉਤਪਾਦਨ ਰੋਕਣਾ ਸਨਅਤਾਂ ਦੇ ਵੱਸ 'ਚ ਨਹੀਂ ਹੈ ਤੇ ਇਸ ਦੇ ਨਾਲ ਹੀ, ਉਹ ਪ੍ਰਦੂਸ਼ਣ ਬੋਰਡ ਦੇ ਨਿਯਮਾਂ ਨੂੰ ਵੀ ਨਹੀਂ ਮੰਨਣਾ ਚਾਹੁੰਦੇ ਕਿਉਂਕਿ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਅਜੇ ਵੀ ਪੀਪੀਸੀਬੀ ਅਧਿਕਾਰੀਆਂ ਨੂੰ ਰਿਸ਼ਵਤ ਦੇਣੀ ਪੈ ਰਹੀ ਹੈ। ਸੀਵਰੇਜ ਟਰੀਟਮੈਂਟ ਪਲਾਂਟਾਂ (ਐੱਸਟੀਪੀਜ਼) ਵਿੱਚ ਭਾਰੀਆਂ ਧਾਤੂਆਂ ਜਿਵੇਂ ਕਿ ਕਰੋਮੀਅਮ, ਨਿਕਲ, ਸੀਸਾ (ਲੈੱਡ) ਤੇ ਤਾਂਬੇ ਦੀ ਮੌਜੂਦਗੀ ਕੁਝ ਗ਼ਲਤ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਇਨ੍ਹਾਂ ਦੀ ਸ਼ਨਾਖਤ ਲੈਬ ਟੈਸਟਾਂ ਵਿੱਚ ਹੋਈ ਹੈ। ਜ਼ਿਆਦਾਤਰ ਸਨਅਤਾਂ ਆਪਣੇ ਪ੍ਰਦੂਸ਼ਿਤ ਪਾਣੀ ਨੂੰ ਸੀਵਰੇਜ ਵਿੱਚ ਪਾ ਰਹੀਆਂ ਹਨ। ਸੰਕਟ ਹੋਰ ਵੀ ਗਹਿਰਾ ਹੋ ਗਿਆ ਹੈ ਕਿਉਂਕਿ ਬੁੱਢੇ ਦਰਿਆ ਦੀ ਐੱਸਟੀਪੀ ਸਿਰਫ਼ ਸੀਵਰੇਜ ਸਾਫ਼ ਕਰ ਸਕਦੀ ਹੈ, ਰਸਾਇਣ ਨਹੀਂ।

ਇੱਕੋ-ਇੱਕ ਹੱਲ ਮੌਜੂਦਾ ਤੇ ਭਵਿੱਖ ਵਿੱਚ ਲੱਗਣ ਵਾਲੀਆਂ ਯੂਨਿਟਾਂ ਤੇ ਹੋਰ ਅਜਿਹੇ ਕਲੱਸਟਰਾਂ ਨੂੰ ਇੱਕ ਵੱਖਰੇ ਇਲਾਕੇ ਵਿੱਚ ਤਬਦੀਲ ਕਰਨਾ ਹੈ, ਜੋ ਸ਼ਹਿਰ ਤੋਂ ਦੂਰ ਹੋਣ, ਜਿੱਥੇ ਇਨ੍ਹਾਂ ਨੂੰ ਸਿੱਧੇ ਤੌਰ 'ਤੇ ਟਰੀਟਮੈਂਟ ਪਲਾਂਟ ਨਾਲ ਜੋੜਿਆ ਜਾ ਸਕੇ। ਜ਼ੈੱਡਐੱਲਡੀ ਤਕਨੀਕ ਨਾਲ ਲੈਸ ਆਧੁਨਿਕ ਉਦਯੋਗਿਕ ਕਲੱਸਟਰ ਤੇ ਹੋਰ ਟਰੀਟਮੈਂਟ ਪਲਾਂਟ ਲੋੜੀਂਦੇ ਹਨ। ਨਹੀਂ ਤਾਂ ਗਿਆਸਪੁਰਾ ਵਰਗੀਆਂ ਹੋਰ ਤ੍ਰਾਸਦੀਆਂ ਕਦੇ ਵੀ ਵਾਪਰ ਸਕਦੀਆਂ ਹਨ। ਇਸ ਹਾਦਸੇ ਵਿਚ, ਇਲਾਕੇ 'ਚ 11 ਵਿਅਕਤੀ ਸੀਵਰੇਜ ਤੋਂ ਲੀਕ ਹੋਈ ਗੈਸ ਨਾਲ ਮਾਰੇ ਗਏ ਸਨ।

ਉਦਯੋਗਿਕ ਇਕਾਈਆਂ ਤੋਂ ਇਲਾਵਾ, ਹੈਬੋਵਾਲ, ਤਾਜਪੁਰ ਦੇ ਹੋਰ ਇਲਾਕਿਆਂ 'ਚ ਪੈਂਦੀਆਂ ਡੇਅਰੀਆਂ ਬੁੱਢਾ ਦਰਿਆ ਦੀਆਂ ਮਿਉਂਸਿਪਲ ਹੱਦਾਂ ਦੇ ਨਾਲ-ਨਾਲ ਜਾਂ ਉਲਟ ਦਿਸ਼ਾ ਵਿਚ ਸਥਿਤ ਹਨ ਤੇ ਇਹ ਜਾਨਵਰਾਂ ਦੇ ਮਲ ਨੂੰ ਸਿੱਧੇ ਤੌਰ 'ਤੇ ਦਰਿਆ ਜਾਂ ਅਸਿੱਧੇ ਤੌਰ 'ਤੇ ਸੀਵਰੇਜ ਸਿਸਟਮ ਵਿਚ ਪਾ ਰਹੀਆਂ ਹਨ। ਨਤੀਜੇ ਵਜੋਂ, ਐੱਸਟੀਪੀਜ਼ ਸ਼ਾਇਦ ਜਲਦੀ ਹੀ ਕੰਮ ਕਰਨਾ ਬੰਦ ਕਰ ਦੇਣਗੀਆਂ। ਡੇਅਰੀ ਦੇ ਪਾਣੀ ਨੂੰ ਸਾਫ਼ ਕਰਨ ਲਈ ਬਣੇ ਨਵੇਂ ਪਲਾਂਟ ਵੀ ਸ਼ਾਇਦ ਜਲਦੀ ਹੀ ਕੰਮ ਕਰਨਾ ਬੰਦ ਕਰ ਦੇਣਗੇ। 'ਮਿਉਂਸਿਪਲ ਸੌਲਿਡ ਵੇਸਟ ਮੈਨੇਜਮੈਂਟ ਨਿਯਮ, 2016' ਮੁਤਾਬਿਕ ਡੇਅਰੀਆਂ ਨਿਗਮ ਦੀਆਂ ਹੱਦਾਂ ਵਿੱਚ ਨਹੀਂ ਹੋ ਸਕਦੀਆਂ। ਠੋਸ ਕੂੜਾ ਕਚਰਾ - ਜਿਸ ਵਿਚ ਘਰੇਲੂ ਕੂੜਾ, ਪਲਾਸਟਿਕ, ਬੁੱਚੜਖਾਨਿਆਂ ਦਾ ਗੰਦ, ਟੈਕਸਟਾਈਲ ਦੀ ਰਹਿੰਦ-ਖੂੰਹਦ ਤੇ ਮ੍ਰਿਤਕ ਜਾਨਵਰ ਸ਼ਾਮਿਲ ਹਨ- ਦਰਿਆ ਦੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਵਿੱਚ ਪੈ ਕੇ ਇਸ ਦੇ ਪ੍ਰਵਾਹ ਨੂੰ ਰੋਕ ਰਹੇ ਹਨ। ਪ੍ਰਸ਼ਾਸਨ ਨੂੰ ਦਰਿਆ ਦੁਆਲੇ ਤਾਰ ਫੇਰ ਤੋਂ ਲਾਉਣ ਦੀ ਲੋੜ ਹੈ। ਇਸ ਤੋਂ ਪਹਿਲਾਂ 9.34 ਕਰੋੜ ਰੁਪਏ ਦੀ ਲਾਗਤ ਨਾਲ ਲਾਈ ਗਈ ਤਾਰ ਪਿਛਲੇ ਸਾਲ ਹੜ੍ਹਾਂ ਦੇ ਪਾਣੀ ਨਾਲ ਨੁਕਸਾਨੀ ਗਈ ਸੀ।

ਇਸ ਤੋਂ ਇਲਾਵਾ ਦਰਿਆ 'ਚ ਲੋਕਾਂ ਨੂੰ ਠੋਸ ਕੂੜਾ ਸੁੱਟਣ ਤੋਂ ਰੋਕਣ ਲਈ ਬੰਦੇ ਤਾਇਨਾਤ ਕਰਨ ਦੀ ਲੋੜ ਹੈ। ਇਸ ਵੇਲੇ, ਕੂੜਾ ਸੁੱਟਣ ਵਾਲਿਆਂ ਦਾ ਚਲਾਨ ਕਰਨ ਲਈ ਕੋਈ 'ਸੌਲਿਡ ਵੇਸਟ ਐਨਫੋਰਸਮੈਂਟ ਫੋਰਸ' ਮੌਜੂਦ ਨਹੀਂ ਹੈ। ਨਗਰ ਨਿਗਮ ਵੱਲੋਂ ਸਿੱਧਵਾਂ ਨਹਿਰ 'ਤੇ ਤਾਇਨਾਤ ਕੀਤੀ ਗਈ ਇਸੇ ਤਰ੍ਹਾਂ ਦੀ ਫੋਰਸ ਨੇ ਚਲਾਨਾਂ ਰਾਹੀਂ 26 ਲੱਖ ਰੁਪਏ ਕਮਾਇਆ ਹੈ ਜਦੋਂਕਿ ਕਰਮਚਾਰੀਆਂ ਦੀ ਤਨਖਾਹ 'ਤੇ ਸਿਰਫ਼ 7 ਲੱਖ ਰੁਪਏ ਖਰਚ ਕੀਤੇ ਗਏ। ਦੋ-ਤਿੰਨ ਤੈਰਦੇ 'ਗਾਰਬੇਜ ਬੈਰੀਅਰ-ਕਮ-ਕਨਵੇਅਰ' ਵੀ ਲਾਏ ਜਾਣੇ ਚਾਹੀਦੇ ਹਨ ਜੋ ਦਰਿਆ 'ਚ ਪੈਣ ਵਾਲੇ ਠੋਸ ਕੂੜੇ ਨੂੰ ਛਾਣ ਕੇ ਬਾਹਰ ਕੱਢ ਸਕਣ।

ਪ੍ਰਦੂਸ਼ਣ ਕਾਰਨ ਲੋਕਾਂ ਦੀ ਸਿਹਤ, ਉਨ੍ਹਾਂ ਦੇ ਆਰਥਿਕ ਤੇ ਮਨੋਵਿਗਿਆਨਕ ਨੁਕਸਾਨ ਜਾਂ ਕਹਿ ਲਈਏ ਕਿ ਹੌਲੀ-ਹੌਲੀ ਮੌਤ ਵੱਲ ਵਧਣ ਨੂੰ ਪ੍ਰਸ਼ਾਸਕੀ ਇਕਾਈਆਂ ਨਜ਼ਰਅੰਦਾਜ਼ ਨਹੀਂ ਕਰ ਸਕਦੀਆਂ। ਪ੍ਰਦੂਸ਼ਣ ਕਾਰਨ ਵਾਤਾਵਰਨ ਵਿਚ ਵੀ ਨਿਘਾਰ ਆਇਆ ਹੈ। ਸਮਾਂ ਆ ਗਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਬੁੱਢੇ ਦਰਿਆ ਨੂੰ ਸਾਫ਼ ਕਰਨ ਦੇ ਆਪਣੇ ਵਾਅਦੇ 'ਤੇ ਖ਼ਰੇ ਉਤਰਨ।

# ਬਲੈਕ ਫ੍ਰਾਈਡੇ ਕੀ ਹੁੰਦਾ ਹੈ, ਇਸ ਦੀ ਸ਼ੁਰੂਆਤ ਕਿਵੇਂ ਹੋਈ

ਲਿਖਤ : ਫਰਨੈਂਡੋ ਦੁਆਰਤੇ

29 ਨਵੰਬਰ ਨੂੰ ਆ ਰਹੇ ਬਲੈਕ ਫ੍ਰਾਈਡੇ ਬਾਰੇ ਬਹੁਤ ਸਾਰੇ ਲੋਕ ਪਹਿਲਾ ਹੀ ਜਾਣੂ ਹਨ ਭਾਵੇਂ ਕਿ ਉਨ੍ਹਾਂ ਨੇ ਕੋਈ ਖਰੀਦਦਾਰੀ ਕਰਨੀ ਹੋਵੇ ਜਾ ਨਹੀਂ। ਦੁਕਾਨਾਂ ਅਤੇ ਮਾਲਾਂ ਦੀਆਂ ਖਿੜਕੀਆਂ ਅਤੇ ਮੇਲ ਇਨਬਾਕਸ ਹੁਣੇ ਖ਼ਰੀਦੋ, ਮੌਕਾ ਨਾ ਖੁੰਝੇ ਵਰਗੇ ਬੈਨਰਾਂ, ਸੁਨੇਹਿਆਂ ਨਾਲ ਭਰੇ ਹਨ। ਇਸ ਸਮੇਂ ਦੁਕਾਨਦਾਰਾਂ ਅਤੇ ਵਿਕਰੇਤਾਵਾਂ ਵੱਲੋਂ ਲੋਕਾਂ ਨੂੰ ਖਰੀਦਦਾਰੀ ਲਈ ਉਤਸ਼ਾਹਤ ਕਰਨ ਲਈ ਅਸਥਾਈ ਤੌਰ 'ਤੇ ਛੋਟਾਂ ਰੱਖੀਆਂ ਹੁੰਦੀਆਂ ਹਨ।

ਲੰਬੇ ਸਮੇਂ ਤੋਂ ਚੱਲੀ ਆ ਰਹੀ ਇਹ ਰਵਾਇਤ ਹੁਣ ਵਿਸ਼ਵ ਪੱਧਰ 'ਤੇ ਫੈਲ ਗਈ ਹੈ। ਪਰ ਕਿਉਂ ਜ਼ਿਆਦਤਰ ਗਾਹਕ ਬਲੈਕ ਫ੍ਰਾਈਡੇ ਵਾਲੇ ਦਿਨ ਹੀ ਖਰੀਦਦਾਰੀ ਕਰਨਾ ਚਾਹੁੰਦੇ ਹਨ ਅਤੇ ਇਹ ਵਰਤਾਰਾ ਖਰੀਦਦਾਰਾਂ ਲਈ ਚੰਗੀ ਖ਼ਬਰ ਕਿਉਂ ਨਹੀਂ ਹੈ।




## ਬਲੈਕ ਫ੍ਰਾਈਡੇ ਕਦੋਂ ਹੈ ਅਤੇ ਇਸਦਾ ਮੂਲ ਕੀ ਹੈ?

ਬਲੈਕ ਫ੍ਰਾਈਡੇ ਥੈਂਕਸਗਿਵਿੰਗ ਤੋਂ ਅਗਲੇ ਫ੍ਰਾਈਡੇ ਹੁੰਦਾ ਹੈ, ਨਵੰਬਰ ਦੇ ਚੌਥੇ ਹਫ਼ਤੇ ਵਿੱਚ ਆਉਂਦਾ ਹੈ। ਇਸ ਦਿਨ ਅਮਰੀਕਾ ਵਿੱਚ ਜਨਤਕ ਛੁੱਟੀ ਹੁੰਦੀ ਹੈ। 'ਬਲੈਕ ਫ੍ਰਾਈਡੇ' ਸ਼ਬਦ ਨੂੰ ਅਮਰੀਕਾ ਦੇ ਫਿਲਡੈਲਫੀਆ ਦੀ ਪੁਲਿਸ ਨੇ 1960 ਵਿੱਚ ਪਹਿਲੀ ਵਾਰ ਵਰਤਿਆ ਸੀ। ਦਰਅਸਲ ਪੁਲਿਸ ਨੇ 'ਥੈਂਕਸ ਗਿਵਿੰਗ' ਤੋਂ ਬਾਅਦ ਛੁੱਟੀਆਂ ਦੌਰਾਨ ਸ਼ੌਪਿੰਗ ਕਰਦੀ ਭੀੜ ਨੂੰ ਦਰਸਾਉਣ ਲਈ ਕੀਤੀ ਸੀ। ਇਸ ਦਾ ਪਿਛੋਕੜ ਥਲ-ਜਲ ਸੈਨਾ ਦੇ ਸਲਾਨਾ ਫੁੱਟਬਾਲ ਮੈਚ ਨਾਲ ਵੀ ਜੋੜਿਆ ਗਿਆ ਸੀ। ਸ਼ੁਰੂ ਵਿੱਚ ਇਸ ਸ਼ਬਦ ਨੂੰ ਨਾਂਹਪੱਖੀ ਵਰਤਾਰੇ ਦੇ ਤੌਰ ਉੱਤੇ ਵਰਤਿਆ ਜਾਂਦਾ ਸੀ। 20ਵੀਂ ਸਦੀ ਦੇ ਅੱਧ ਵਿੱਚ ਲੋਕ ਖਰੀਦਦਾਰੀ ਤੋਂ ਸੰਕੋਚ ਕਰ ਰਹੇ ਸਨ।

ਪਰ 1980ਵਿਆਂ ਵਿੱਚ ਪ੍ਰਚੂਨ ਦੁਕਾਨਦਾਰਾਂ ਨੇ ਇਸ ਸ਼ਬਦ ਨੂੰ ਲਾਭ ਨਾਲ ਜੋੜ ਕੇ ਇਸਦੀ ਮੁੜ ਕੇ ਪਰਿਭਾਸ਼ਾ ਘੜੀ। ਇਸ ਦਾ ਅਰਥ ਇਹ ਹੈ ਕਿ ਇਸ ਦਿਨ ਸਾਰੇ ਸਾਲ ਦੀਆਂ ਲਾਲ ਲਾਇਨਾਂ ( ਘਾਟੇ) ਕਾਲੀਆਂ ( ਮੁਨਾਫੇ) ਵਿੱਚ ਬਦਲ ਜਾਂਦੀਆਂ ਹਨ। ਥੈਂਕਸਗਿਵਿੰਗ ਤੋਂ ਬਾਅਦ ਹੋਣ ਵਾਲੀ ਖਰੀਦਦਾਰੀ ਲਾਭਕਾਰੀ ਬਣ ਜਾਂਦੀ ਹੈ। 1980 ਦੇ ਦਹਾਕੇ ਵਿੱਚ ਪ੍ਰਚੂਨ ਵਿਕਰੇਤਾਵਾਂ ਦੁਆਰਾ ਇਸ ਸ਼ਬਦ ਨੂੰ ਕੁਝ ਸਕਾਰਾਤਮਕ ਰੂਪ ਦਿੱਤਾ ਗਿਆ।

ਇਹ ਤਰੀਕ ਸੀ ਜਦੋਂ ਉਨ੍ਹਾਂ ਨੇ ਮੁਨਾਫ਼ਾ ਕਮਾਉਣਾ ਸ਼ੁਰੂ ਕੀਤਾ। ਲੇਖੇ ਦੇ ਰੂਪ ਵਿੱਚ ਦੇਖੀਏ ਤਾਂ ਜਦੋਂ ਉਨ੍ਹਾਂ ਦੀਆਂ ਵਿੱਤੀ ਲਕੀਰਾਂ ਲਾਲ ਤੋਂ ਕਾਲੇ ਵਿੱਚ ਚਲੀਆਂ ਗਈਆਂ। ਇਹ ਫਿਰ ਅਮਰੀਕਾ ਵਿੱਚ ਖਰੀਦਦਾਰੀ ਲਈ ਵੱਡੀਆਂ ਛੋਟਾਂ ਅਤੇ ਲੋਕਾਂ ਦੀ ਬਜ਼ਾਰਾਂ ਵੱਲ ਵੱਡੀ ਭੀੜ ਦਾ ਸਮਾਨਾਰਥੀ ਬਣ ਗਿਆ। ਬਲੈਕ ਫ੍ਰਾਈਡੇ ਤੋਂ ਬਾਅਦ ਸੋਮਵਾਰ ਨੂੰ ਆਨਲਾਈਨ ਖਰੀਦਦਾਰੀ ਨੂੰ ਉਤਸ਼ਾਹਿਤ ਕਰਨ ਲਈ ਹਾਲ ਹੀ ਵਿੱਚ ਸਾਈਬਰ ਸੋਮਵਾਰ ਵਾਕਾਂਸ਼ ਤਿਆਰ ਕੀਤਾ ਗਿਆ ਹੈ।

ਬਲੈਕ ਫ੍ਰਾਈਡੇ ਖ਼ਾਸ ਕਰਕੇ ਇੰਟਰਨੈੱਟ ਦੇ ਪ੍ਰਭਾਵ ਕਾਰਨ ਦੁਨੀਆ ਭਰ ਦੇ ਦੇਸ਼ਾਂ ਅਤੇ ਮਹਾਂਦੀਪਾਂ ਵਿੱਚ ਫੈਲ ਗਿਆ ਹੈ।

## ਬਲੈਕ ਫ੍ਰਾਈਡੇ ਕਿੰਨਾ ਵੱਡਾ ਹੈ?

ਅਮਰੀਕੀ ਸੌਫਟਵੇਅਰ ਕੰਪਨੀ ਸੇਲਜ਼ਫੋਰਸ ਦੀ ਖੋਜ ਦੇ ਅੰਦਾਜੇ ਅਨੁਸਾਰ ਵਿਸ਼ਵ ਪੱਧਰ 'ਤੇ ਖ਼ਪਤਕਾਰਾਂ ਨੇ 2023 ਵਿੱਚ ਆਨਲਾਈਨ ਸੇਲ ਦੇ ਦੌਰਾਨ 70.9 ਡਾਲਰ ਬਿਲੀਅਨ ਡਾਲਰ ਖਰਚ ਕੀਤੇ ਸਨ, ਜੋ ਕਿ 2022 ਦੇ ਮੁਕਾਬਲੇ 8 ਫੀਸਦ ਵੱਧ ਹੈ। ਯੂਕੇ ਵਿੱਚ ਪਹਿਲੀ ਵੱਡੀ ਬਲੈਕ ਫ੍ਰਾਈਡੇ ਦੀ ਸੇਲ 2010 ਵਿੱਚ ਸ਼ੁਰੂ ਹੋਈ ਸੀ ਪਰ ਇਸ ਨੇ ਜਲਦੀ ਹੀ ਕ੍ਰਿਸਮਸ ਦੇ ਆਸਪਾਸ ਸ਼ੁਰੂ ਹੋਣ ਵਾਲੇ ਦੇਸ ਦੇ ਇਤਿਹਾਸਕ ਖਰੀਦਦਾਰੀ ਸਮਾਗਮ ਬਾਕਸਿੰਗ ਡੇ ਸੇਲ ਦੀ ਥਾਂ ਲੈ ਲਈ ਸੀ।

ਕੰਸਲਟੈਂਸੀ ਫਰਮ ਪੀਡਬਲਿਊਸੀ ਦੇ ਅਨੁਸਾਰ ਖ਼ਪਤਕਾਰਾਂ ਵੱਲੋਂ ਇਸ ਸੇਲ ਵਿੱਚ ਲਗਭਗ 9 ਬਿਲੀਅਨ ਡਾਲਰ ਖਰਚ ਕਰਨ ਦੀ ਉਮੀਦ ਹੈ। ਅਫ਼ਰੀਕਾ ਵਿੱਚ ਆਨਲਾਈਨ ਭੁਗਤਾਨ ਪਲੇਟਫਾਰਮ ਪੇਅਯੂ ਨੇ ਰਿਪੋਰਟ ਦਿੱਤੀ ਕਿ 24 ਨਵੰਬਰ 2023 ਨੂੰ ਸਿਰਫ਼ ਇੱਕ ਦਿਨ ਵਿੱਚ ਕੀਤੇ ਗਏ ਲੈਣ-ਦੇਣ ਦੀ ਸੰਖਿਆ ਨਾਈਜੀਰੀਆ, ਦੱਖਣੀ ਅਫ਼ਰੀਕਾ ਅਤੇ ਕੀਨੀਆ ਵਿੱਚ ਆਮ ਰੋਜ਼ਾਨਾ ਦੀ ਮਾਤਰਾ ਨਾਲੋਂ 83 ਫੀਸਦ ਵੱਧ ਸੀ। ਪੇਅਯੂ ਨੇ ਇਹ ਵੀ ਦੱਸਿਆ ਕਿ ਅਰਜਨਟੀਨਾ ਵਿੱਤੀ ਸੰਕਟ ਦੇ ਬਾਵਜੂਦ ਵੀ ਪਿਛਲੇ ਸਾਲ ਬਲੈਕ ਫ੍ਰਾਈਡੇ ਦੌਰਾਨ ਈ-ਕਾਮਰਸ ਟ੍ਰਾਂਜੈਕਸ਼ਨਾਂ ਵਿੱਚ 104 ਫੀਸਦ ਵਾਧਾ ਦਰਜ ਕਰਦਾ ਹੈ। ਹਾਲਾਂਕਿ ਬਲੈਕ ਫ੍ਰਾਈਡੇ ਨਵੰਬਰ ਦਾ ਇਕਲੌਤਾ ਵੱਡਾ ਗਲੋਬਲ ਖਰੀਦਦਾਰੀ ਦਿਨ ਨਹੀਂ ਹੈ।

ਫ੍ਰੈਂਚ ਖਰੀਦਦਾਰ ਆਪਣੇ ਵੈਂਡਰੇਡੀ ਫੂ (ਕ੍ਰੇਜ਼ੀ ਫ੍ਰਾਈਡੇ) ਦੇ ਇੰਤਜ਼ਾਰ ਵਿੱਚ ਹਨ। ਚੀਨ ਦਾ ਆਪਣਾ ਇੱਕ ਪ੍ਰਮੁੱਖ ਖਰੀਦਦਾਰੀ ਸਮਾਗਮ ਸਿੰਗਲਜ਼ ਡੇ ਹੈ। ਜੋ ਕਿ ਇੱਕ ਖਰੀਦਦਾਰੀ ਧਮਾਕਾ ਹੈ ਜੋ ਕੁਝ ਹਫ਼ਤਿਆਂ ਤੱਕ ਚੱਲਦਾ ਹੋਇਆ 11 ਨਵੰਬਰ ਨੂੰ ਸਮਾਪਤ ਹੁੰਦਾ ਹੈ। ਮੈਕਸੀਕਨਾਂ ਕੋਲ ਏਲ ਬੁਏਨ ਫਿਨ ਡੇ ਸੇਮਾਨਾ ਹੈ। ਸਪੈਨਿਸ਼ ਵਿੱਚ ਗੁੱਡ ਵੀਕਐਂਡ 20 ਨਵੰਬਰ ਦੇ ਆਸਪਾਸ ਆਉਂਦਾ ਹੈ, ਜਿਸ ਦਿਨ ਰਾਸ਼ਟਰੀ ਜਸ਼ਨ ਦੀ ਛੁੱਟੀ ਹੁੰਦੀ ਹੈ।

ਪੱਛਮ ਏਸ਼ੀਆ ਵਿੱਚ ਬਲੈਕ ਫ੍ਰਾਈਡੇ ਨੂੰ ਧਾਰਮਿਕ ਕਾਰਨਾਂ ਕਰਕੇ ਵ੍ਹਾਈਟ ਫ੍ਰਾਈਡੇ ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਸ਼ੁੱਕਰਵਾਰ ਨੂੰ ਇਸਲਾਮ ਵਿੱਚ ਪਵਿੱਤਰ ਮੰਨਿਆ ਜਾਂਦਾ ਹੈ।

## ਕੀ ਵਧੀਆ ਸੇਲ ਦੀ ਪੇਸ਼ਕਾਰੀ ਹੈ?

ਨਵੰਬਰ 2016 ਵਿੱਚ ਟੋਕੀਓ ਸੁਪਰਮਾਰਕੀਟ ਵਿੱਚ ਬਲੈਕ ਫ੍ਰਾਈਡੇ ਦੀ ਵਿਕਰੀ ਦੌਰਾਨ ਗਾਹਕ ਖਰੀਦਦਾਰੀ ਕਰਦੇ ਹਨ। ਜਵਾਬ ਸਧਾਰਨ ਨਹੀਂ ਹੈ। ਯੂਕੇ ਵਿੱਚ ਉਪਭੋਗਤਾ ਸਮੂਹ ਦੁਆਰਾ ਇੱਕ ਅਧਿਐਨ ਕੀਤਾ ਗਿਆ ,2022 ਵਿੱਚ ਪਤਾ ਲੱਗਿਆ ਕਿ ਬਲੈਕ ਫ੍ਰਾਈਡੇ ਵੇਲੇ ਸੱਤ ਕੀਮਤਾਂ ਵਿੱਚੋਂ ਸਿਰਫ਼ ਇੱਕ 'ਤੇ ਹੀ ਅਸਲ ਛੋਟ ਦੀ ਪੇਸ਼ਕਸ਼ ਕੀਤੀ ਗਈ ਸੀ ਅਤੇ ਜ਼ਿਆਦਾਤਰ ਕੀਮਤਾਂ ਪਿਛਲੇ ਛੇ ਮਹੀਨਿਆਂ ਵਿੱਚ ਸਸਤੀਆਂ ਜਾਂ ਇੱਕੋ ਜਿਹੀ ਕੀਮਤ 'ਤੇ ਸਨ।

ਹਾਲਾਂਕਿ ਪ੍ਰਮੁੱਖ ਉਪਭੋਗਤਾ ਵੈਬਸਾਈਟ ਮਨੀਸੇਵਿੰਗ ਐਕਸਪਰਟ ਨੇ 2023 ਵਿੱਚ ਜ਼ਿਆਦਾਤਰ ਤਕਨੀਕ ਵਾਲੇ 50 ਪ੍ਰਸਿੱਧ ਉਤਪਾਦਾਂ ਲਈ ਖੋਜ ਕੀਤੀ ਅਤੇ ਪਾਇਆ ਕਿ 19 ਦਸੰਬਰ ਨੂੰ ਕ੍ਰਿਸਮਸ ਤੋਂ ਠੀਕ ਪਹਿਲਾਂ ਬਲੈਕ ਫ੍ਰਾਈਡੇ 'ਤੇ 35 ਉਤਪਾਦ ਸਸਤੇ ਸਨ। ਬ੍ਰਾਜ਼ੀਲ ਵਿੱਚ ਕੁਝ ਗਾਹਕਾਂ ਨੂੰ ਉਦੋਂ ਝਟਕਾ ਲੱਗਦਾ ਹੈ ਜਦੋਂ ਪ੍ਰਚੂਨ ਵਿਕਰੇਤਾਵਾਂ ਬਲੈਕ ਫ੍ਰਾਈਡੇ ਤੋਂ ਕੁਝ ਦਿਨ ਪਹਿਲਾਂ ਕੀਮਤਾਂ ਵਧਾਉਂਦੇ ਹਨ ਅਤੇ ਫਿਰ ਛੋਟ ਦਾ ਐਲਾਨ ਕਰਦੇ ਹਨ। ਇਸ ਵਰਤਾਰੇ ਨੂੰ "ਬਲੈਕ ਫਰਾਡ" ਵਜੋਂ ਜਾਣਿਆ ਜਾਂਦਾ ਹੈ। ਸੌਦੇਬਾਜ਼ੀ ਦੀ ਭਾਲ ਕਰਨ ਵਾਲੇ ਦੁਕਾਨਦਾਰਾਂ ਨੂੰ ਵੀ ਸੁਚੇਤ ਰਹਿਣ ਦੀ ਚੇਤਾਵਨੀ ਹੈ। ਬਲੈਕ ਫ੍ਰਾਈਡੇ ਦੇ ਆਲੇ-ਦੁਆਲੇ ਸਕੈਮ ਇੱਕ ਤਿਹਾਈ ਵੱਧ ਜਾਂਦੇ ਹਨ।

ਲੋਇਡਜ਼ ਬੈਂਕ ਦੇ ਵਿਸ਼ਲੇਸ਼ਣ ਦੇ ਅਨੁਸਾਰ ਜ਼ਿਆਦਾਤਰ ਧੋਖਾਧੜੀ ਕੱਪੜਿਆਂ ਦੀ ਖਰੀਦ ਨਾਲ ਜੁੜੀ ਹੁੰਦੀ ਹੈ। ਬੈਂਕ ਨੇ ਕਿਹਾ ਕਿ ਯੂਕੇ ਵਿੱਚ 2021 ਵਿੱਚ ਬਲੈਕ ਫ੍ਰਾਈਡੇ ਅਤੇ ਸਾਈਬਰ ਸੋਮਵਾਰ ਦੇ ਆਸਪਾਸ ਧੋਖਾਧੜੀ ਦੀ ਗਿਣਤੀ 29 ਫੀਸਦ ਵੱਧ ਗਈ ਸੀ। ਬਲੈਕ ਫ੍ਰਾਈਡੇ ਦੇ ਦੌਰਾਨ ਬੇਚੈਨੀ ਨਾਲ ਖ਼ਰੀਦਦਾਰੀ ਵੀ ਜ਼ੋਰਾਂ 'ਤੇ ਹੁੰਦੀ ਹੈ। ਯੂਕੇ ਵਿੱਚ ਪ੍ਰਚੂਨ ਵਿਸ਼ਲੇਸ਼ਕਾਂ ਨੇ ਮਜ਼ਾਕ ਵਿੱਚ 3 ਦਸੰਬਰ ਨੂੰ "ਰਿਟਰਨਜ਼ ਵੀਰਵਾਰ" ਕਿਹਾ ਸੀ ਕਿਉਂਕਿ ਈ-ਕਾਮਰਸ ਵਪਾਰ ਸੰਸਥਾ ਆਈਐੱਮਆਰਜੀ ਦੇ ਅਨੁਸਾਰ ਸਾਲ ਦੀ ਕਿਸੇ ਵੀ ਹੋਰ ਤਰੀਕ ਨਾਲੋਂ ਵੀਰਵਾਰ ਦੇ ਦਿਨ ਜ਼ਿਆਦਾ ਚੀਜ਼ਾਂ ਵਾਪਸ ਕੀਤੀਆਂ ਜਾਂਦੀਆਂ ਹਨ। ਖ਼ਪਤਕਾਰ ਅਧਿਕਾਰ ਸਮੂਹ ਦੱਸਦੇ ਹਨ ਕਿ ਫਲੈਸ਼ ਵਿਕਰੀ ਲੋਕਾਂ ਲਈ ਆਪਣੇ ਖ਼ਰਚਿਆਂ ਨੂੰ ਕਾਬੂ ਕਰਨਾ ਮੁਸ਼ਕਲ ਬਣਾਉਂਦੀ ਹੈ। ਲੰਡਨ ਸਥਿਤ ਚੈਰਿਟੀ ਮਨੀ ਐਂਡ ਮੈਂਟਲ ਹੈਲਥ ਪਾਲਿਸੀ ਇੰਸਟੀਚਿਊਟ ਦੇ ਬੁਲਾਰੇ ਬ੍ਰਾਇਨ ਸੇਮਪਲ ਨੇ ਬੀਬੀਸੀ ਨੂੰ ਦੱਸਿਆ, "ਇਹ ਆਨਲਾਈਨ ਹੋਰ ਵੀ ਔਖਾ ਹੈ, ਜਿੱਥੇ ਪ੍ਰਚੂਨ ਵਿਕਰੇਤਾਵਾਂ ਲਈ ਖਰੀਦਦਾਰਾਂ 'ਤੇ ਦਬਾਅ ਦੀਆਂ ਰਣਨੀਤੀਆਂ ਨੂੰ ਲਾਗੂ ਕਰਨਾ ਬਹੁਤ ਸੌਖਾ ਹੈ।" ਆਮ ਸਲਾਹ ਇਹ ਹੈ ਕਿ ਲੋਕ ਮਾਊਸ 'ਤੇ ਕਲਿੱਕ ਕਰਨ ਜਾਂ ਖਰਚਾ ਕਰਨ ਤੋਂ ਪਹਿਲਾਂ ਦੋ ਵਾਰ ਸੋਚਣ।

# ਘਰ ਵਿਚਲਾ ਪ੍ਰਦੂਸ਼ਣ ਵੀ ਕਿਵੇਂ ਤੁਹਾਡੀ ਸਿਹਤ ਲਈ ਵੱਡਾ ਖ਼ਤਰਾ ਹੈ, ਜਾਣੋ ਕਿਵੇਂ ਇਸ ਤੋਂ ਬਚਿਆ ਜਾ ਸਕਦਾ ਹੈ

ਡਿੰਕਲ ਪੋਪਲੀ

ਦਿੱਲੀ ਸਣੇ ਉੱਤਰੀ ਭਾਰਤ ਵਿੱਚ ਜਦੋਂ ਵੀ ਪ੍ਰਦੂਸ਼ਣ ਦੀ ਸਮੱਸਿਆ ਪੇਸ਼ ਆਉਂਦੀ ਹੈ, ਤਾਂ ਸਰਕਾਰ ਵੱਲੋਂ ਸਕੂਲ ਬੰਦ ਕਰਨ ਸਣੇ ਕੁਝ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਦਫ਼ਤਰਾਂ 'ਚ ਵੀ 'ਵਰਕ ਫਰੌਮ ਹੋਮ' ਦੇ ਨਿਰਦੇਸ਼ ਦਿੱਤੇ ਜਾਂਦੇ ਹਨ। ਕੁੱਲ-ਮਿਲਾ ਕੇ ਘਰ ਰਹਿਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਕੀ ਤੁਹਾਨੂੰ ਲੱਗਦਾ ਹੈ ਕਿ ਘਰ ਰਹਿ ਕੇ ਹਵਾ ਪ੍ਰਦੂਸ਼ਣ ਤੋਂ ਬਚਿਆ ਜਾ ਸਕਦਾ ਹੈ ਤਾਂ ਸ਼ਾਇਦ ਤੁਸੀਂ ਗ਼ਲਤ ਹੋ।ਦੁਨੀਆਂ ਭਰ 'ਚ ਹੋਏ ਵੱਖ-ਵੱਖ ਅਧਿਐਨ ਦੱਸਦੇ ਹਨ ਕਿ ਘਰ ਦੀ ਹਵਾ ਵੀਪ੍ਰਦੂਸ਼ਿਤ ਹੈ, ਸਗੋਂ ਮਾਹਰ ਦੱਸਦੇ ਹਨ ਕਿ ਅੰਦਰੂਨੀ ਹਵਾ ਦਾ ਪ੍ਰਦੂਸ਼ਣ ਬਾਹਰਲੀ ਗੰਦੀ ਹਵਾ ਨਾਲੋਂ ਕਈ ਗੁਣਾ ਜ਼ਿਆਦਾ ਤੀਬਰ ਹੋ ਸਕਦਾ ਹੈ।ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦੇ ਅੰਕੜਿਆਂ ਮੁਤਾਬਕ ਘਰ 'ਚ ਬੰਦ ਇਹ ਪ੍ਰਦੂਸ਼ਿਤ ਹਵਾ ਇੱਕ ਸਾਲ 'ਚ ਸਮੇਂ ਤੋਂ ਪਹਿਲੇ ਹੋਣ ਵਾਲੀਆਂ 67 ਲੱਖ ਮੌਤਾਂ ਦਾ ਕਾਰਨ ਬਣਦੀ ਹੈ।

ਭਾਰਤ ਵਿੱਚ ਲੱਗਭਗ 70 ਕਰੋੜ ਲੋਕ, ਇਹ ਨਾ ਦਿੱਖਣ ਵਾਲੇ ਪ੍ਰਦੂਸ਼ਣ ਤੋਂ ਪ੍ਰਭਾਵਤ ਹਨ। ਸ਼ਿਕਾਗੋ ਯੂਨੀਵਰਸਿਟੀ ਦੇ ਊਰਜਾ ਨੀਤੀ ਵਿਭਾਗ ਵੱਲੋਂ ਦਿੱਲੀ 'ਚ ਕੀਤੇ ਗਏ ਇੱਕ ਅਧਿਐਨ ਮੁਤਾਬਕ ਭਾਰਤ ਵਿੱਚ ਅੰਦਰੂਨੀ ਹਵਾ ਪ੍ਰਦੂਸ਼ਣ ਦਾ ਪੱਧਰ ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਨਾਲੋਂ 20 ਗੁਣਾ ਵੱਧ ਹੈ।

ਇਹ ਸਰਵੇਖਣ ਤਕਰੀਬਨ 1500 ਪਰਿਵਾਰਾਂ ਉੱਤੇ ਕੀਤਾ ਗਿਆ ਸੀ, ਜਿਸ ਵਿੱਚ ਆਰਥਿਕ ਪੱਖੋਂ ਹਰ ਵਰਗ (ਉੱਚ, ਮੱਧ ਅਤੇ ਗ਼ਰੀਬੀ ਰੇਖਾ ਹੇਠਲੇ) ਦੇ ਘਰ ਸ਼ਾਮਲ ਸਨ। ਪਰ ਇਨ੍ਹਾਂ ਘਰਾਂ ਦੀ ਆਰਥਿਕ ਸਥਿਤੀ ਦੇ ਅੰਤਰ ਦੇ ਬਾਵਜੂਦ ਅੰਦਰੂਨੀ ਹਵਾ ਪ੍ਰਦੂਸ਼ਣ ਦੇ ਪੱਧਰ 'ਚ ਕੋਈ ਖਾਸ ਫਰਕ ਨਹੀਂ ਸੀ। ਡਾ. ਰਵਿੰਦਰ ਖਾਈਵਾਲ, ਵਾਤਾਵਰਨ ਅਤੇ ਸਿਹਤ ਵਿਭਾਗ ਦੇ ਨੋਡਲ ਫੈਕਲਟੀ ਅਫ਼ਸਰ ਅਤੇ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈ) ਵਿਖੇ ਕਮਿਊਨਿਟੀ ਮੈਡੀਸਨ ਵਿਭਾਗ ਦੇ ਪ੍ਰੋਫ਼ੈਸਰ ਹਨ।ਭਾਰਤ ਅਤੇ ਸੂਬਾ ਸਰਕਾਰ ਦੇ ਸਹਿਯੋਗ ਨਾਲ ਡਾ. ਰਵਿੰਦਰ ਖਾਈਵਾਲ ਨੇ ਪੰਜਾਬ ਦੇ ਕਈ ਸ਼ਹਿਰੀ ਅਤੇ ਪੇਂਡੂ ਖੇਤਰਾਂ 'ਚ ਘਰੇਲੂ ਪ੍ਰਦੂਸ਼ਣ ਦੇ ਕਾਰਨ ਪਛਾਣਨ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਵੱਖ-ਵੱਖ ਅਧਿਐਨ ਕੀਤੇ ਹਨ। ਡਾ. ਖਾਈਵਾਲ ਮੁਤਾਬਕ ਅੰਦਰੂਨੀ ਹਵਾ ਪ੍ਰਦੂਸ਼ਣ ਦੇ ਕਈ ਕਾਰਨ ਹਨ ਜਿਵੇਂ ਕਿ ਬੰਦ ਵਾਤਾਵਰਣ 'ਚ ਖਾਣਾ ਪਕਾਉਣਾ, ਸੀਮਤ ਹਵਾਦਾਰੀ, ਪੇਂਡੂ ਖੇਤਰਾਂ 'ਚ ਬਾਇਓਮਾਸ ਬਾਲਣ ਦਾ ਪ੍ਰਯੋਗ ਆਦਿ।

"ਅੰਦਰੂਨੀ ਹਵਾ ਪ੍ਰਦੂਸ਼ਣ ਠੰਢ 'ਚ ਹੋਰ ਵੱਧ ਜਾਂਦਾ ਹੈ, ਕਿਉਂਕਿ ਲੋਕ ਅਕਸਰ ਬੂਹੇ ਬਾਰੀਆਂ ਬੰਦ ਰੱਖਦੇ ਹਨ। ਅਜਿਹੇ 'ਚ ਘਰ ਅੰਦਰ ਨਮੀ ਵੱਧ ਜਾਂਦੀ ਹੈ ਜਿਸ ਨਾਲ ਉੱਲੀ ਅਤੇ ਸਲਾਬ ਦਾ ਖ਼ਤਰਾ ਪੈਦਾ ਹੁੰਦਾ ਹੈ ਜੋ ਸਾਹ ਰਾਹੀਂ ਸਾਡੇ ਅੰਦਰ ਦਾਖ਼ਲ ਹੋ ਸਕਦੀ ਹੈ।" ਉਹ ਆਖਦੇ ਹਨ, "ਸ਼ਹਿਰਾਂ 'ਚ ਇਮਾਰਤਾਂ ਲੰਬੀਆਂ ਹੁੰਦੀਆਂ ਹਨ ਅਤੇ ਜਗ੍ਹਾ ਦੀ ਘਾਟ ਵੀ ਆਮ ਗੱਲ ਹੈ। ਥਾਂ ਦੀ ਘਾਟ ਕਰਕੇ ਲੋਕ ਬੰਦ ਰਸੋਈਆਂ 'ਚ ਖਾਣਾ ਪਕਾਉਂਦੇ ਹਨ, ਜਿਸ ਨਾਲ ਧੂੰਆਂ ਅੰਦਰ ਹੀ ਰਹਿ ਜਾਂਦਾ ਹੈ। ਆਲੇ-ਦੁਆਲੇ ਉੱਚੀਆਂ ਇਮਾਰਤਾਂ ਹੋਣ ਕਰਕੇ ਕਮਰਿਆਂ 'ਚ ਧੁੱਪ ਵੀ ਸਹੀ ਢੰਗ ਨਾਲ ਨਹੀਂ ਪਹੁੰਚਦੀ ਜਿਸ ਕਰਕੇ ਪ੍ਰਦੂਸ਼ਕ ਲੰਬੇ ਸਮੇਂ ਲਈ ਅੰਦਰ ਹੀ ਰਹਿੰਦੇ ਹਨ।"

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਾਲਜ ਆਫ਼ ਕਮਿਊਨਿਟੀ ਸਾਇੰਸ ਦੇ ਰਿਸੋਰਸ ਮੈਨੇਜਮੈਂਟ ਅਤੇ ਕੰਜ਼ਿਊਮਰ ਸਾਇੰਸ ਵਿਭਾਗ ਦੇ ਪ੍ਰੋਫ਼ੈਸਰ ਅਤੇ ਮੁਖੀ ਡਾ. ਸ਼ਰਨਬੀਰ ਕੌਰ ਬੱਲ ਮੁਤਾਬਕ ਕਾਰਬਨ ਮੋਨੋਆਕਸਾਈਡ, ਫਾਮਾਲਡਾਹਾਈਡ, ਬੈਂਜੀਨ, ਨਾਈਟ੍ਰੋਜਨ ਡਾਈਆਕਸਾਈਡ, ਉੱਲੀ ਅਤੇ ਮਿੱਟੀ ਦੇ ਕਣਾਂ ਵਰਗੇ ਪਦਾਰਥ ਅੰਦਰੂਨੀ ਹਵਾ 'ਚ ਵੱਧ ਹੁੰਦੇ ਹਨ, ਜੋ ਕਿ ਘਰੇਲੂ ਹਵਾ ਦੀ ਗੁਣਵੱਤਾ ਨੂੰ ਬੁਰੀ ਤਰ੍ਹਾਂ ਵਿਗਾੜਦੇ ਹਨ।

ਉਨ੍ਹਾਂ ਦਾ ਕਹਿਣਾ ਹੈ, "ਮਿਸਾਲ ਵਜੋਂ ਰਸੋਈ ਗੈਸ ਬਰਨਰਾਂ ਤੋਂ ਨਿਕਲਣ ਵਾਲੀ ਕਾਰਬਨ ਮੋਨੋਆਕਸਾਈਡ ਖ਼ੂਨ ਦੀ ਆਕਸੀਜਨ ਨੂੰ ਘਟਾਉਂਦੀ ਹੈ ਜਿਸ ਨਾਲ ਅਕਸਰ ਸਿਰ 'ਚ ਦਰਦ ਹੁੰਦਾ ਹੈ ਅਤੇ ਬਹੁਤ ਜ਼ਿਆਦਾ ਗੰਭੀਰ ਮਾਮਲਿਆਂ ਵਿੱਚ ਮੌਤ ਤੱਕ ਹੋ ਜਾਂਦੀ ਹੈ।" ਉਨ੍ਹਾਂ ਨੇ ਅੱਗੇ ਦੱਸਿਆ "ਬਿਲਡਿੰਗ ਸਾਮੱਗਰੀ 'ਚੋਂ ਨਿਕਲ ਦੇ ਫਾਮਾਲਡਾਹਾਈਡ ਵੀ ਸਾਹ ਰਾਹੀਂ ਸਾਡੇ ਅੰਦਰ ਦਾਖ਼ਲ ਹੋ ਜਾਂਦੇ ਹਨ, ਜੋ ਕਿ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਕੈਂਸਰ ਦਾ ਕਾਰਨ ਬਣ ਸਕਦੇ ਹਨ।" "ਗੈਸ ਸਟੋਵ ਤੋਂ ਨਿਕਲਦੀ ਨਾਈਟ੍ਰੋਜਨ ਡਾਈਆਕਸਾਈਡ ਗੈਸ ਸਾਹ ਦੀਆਂ ਸਮੱਸਿਆਵਾਂ ਨੂੰ ਵਧਾਉਂਦੀ ਹੈ ਅਤੇ ਦੂਜੇ ਪਾਸੇ ਖਾਣਾ ਪਕਾਉਣ ਅਤੇ ਸਿਗਰਟਨੋਸ਼ੀ ਤੋਂ ਨਿਕਲਣ ਵਾਲੇ ਕਣ ਕਾਰਡੀਓਵੈਸਕੁਲਰ ਜੋਖ਼ਮ ਨੂੰ ਵਧਾਉਂਦੇ ਹਨ।"

ਉਨ੍ਹਾਂ ਨੇ ਦੱਸਿਆ ਕਿ ਪੇਂਟ ਅਤੇ ਸਫਾਈ ਏਜੰਟਾਂ ਵਿੱਚ ਅਸਥਿਰ ਜੈਵਿਕ ਮਿਸ਼ਰਣ (ਵਿਓਸੀ) ਰਸਾਇਣ ਵੀ ਅੰਦਰੂਨੀ ਪ੍ਰਦੂਸ਼ਣ ਦਾ ਇੱਕ ਵੱਡਾ ਕਾਰਨ ਹੈ।

ਵਿਸ਼ਵ ਸਿਹਤ ਸੰਗਠਨ ਦੇ ਮੁਤਾਬਕ ਅੰਦਰੂਨੀ ਹਵਾ ਪ੍ਰਦੂਸ਼ਣ, ਬਾਹਰਲੀ ਪ੍ਰਦੂਸ਼ਿਤ ਹਵਾ ਨਾਲੋਂ ਵੱਧ ਹਾਨੀਕਾਰਕ ਹੈ। ਇਸ ਦੇ ਪਿੱਛੇ ਉਨ੍ਹਾਂ ਨੇ ਦੋ ਮੁੱਖ ਕਾਰਨ ਦੱਸੇ ਹਨ। ਪਹਿਲਾ ਕਾਰਨ ਹੈ ਕਿ ਅਸੀਂ ਬੰਦ ਵਾਤਾਵਰਣ 'ਚ ਜ਼ਿਆਦਾ ਸਮਾਂ ਬਿਤਾਉਂਦੇ ਹੈ ਅਤੇ ਦੂਜਾ ਹੈ ਇਨ੍ਹਾਂ ਪ੍ਰਦੂਸ਼ਕਾਂ ਦਾ ਮਹੀਨ ਹੋਣਾ ਜਿਸ ਕਰਕੇ ਇਹ ਸਾਡੇ ਫੇਫੜਿਆਂ ਵਿੱਚ ਬਾਹਰੀ ਗੰਦਗੀ ਦੇ ਮੁਕਾਬਲੇ ਜ਼ਿਆਦਾ ਡੂੰਘਾਈ ਨਾਲ ਦਾਖਲ ਹੋ ਸਕਦੇ ਹਨ। 2021 ਵਿੱਚ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈਸੀਐੱਮਆਰ) ਵੱਲੋਂ ਕੀਤੇ ਅਧਿਐਨ 'ਚ ਪਾਇਆ ਗਿਆ ਕਿ ਬੱਚਿਆਂ 'ਚ ਦਮੇ ਦੇ 20-30 ਫੀਸਦੀ ਲੱਛਣ ਘਰ 'ਚ ਮੌਜੂਦ ਉੱਲੀ ਨਾਲ ਜੁੜੇ ਹੁੰਦੇ ਹਨ।

ਖੋਜ ਦਰਸਾਉਂਦੀ ਹੈ ਕਿ ਅੰਦਰੂਨੀ ਪ੍ਰਦੂਸ਼ਣ ਵਾਲੇ ਵਾਤਾਵਰਣ ਵਿੱਚ ਰੋਜ਼ਾਨਾ 10 ਘੰਟੇ ਤੋਂ ਵੱਧ ਸਮਾਂ ਬਿਤਾਉਣ ਨਾਲ ਕ੍ਰੋਨਿਕ ਅਬਸਟਰਕਟਿਵ ਪਲਮਨਰੀ ਡਿਜ਼ੀਜ਼ (ਸੀਓਪੀਡੀ) ਦਾ ਜੋਖ਼ਮ ਵੀ ਬਹੁਤ ਵੱਧ ਜਾਂਦਾ ਹੈ। ਲੁਧਿਆਣਾ ਦੀਪ ਹਸਪਤਾਲ 'ਚ ਪਲਮਨਰੀ ਵਿਭਾਗ ਦੇ ਡਾਇਰੈਕਟਰ ਡਾ. ਗੁਰਪ੍ਰੀਤ ਸਿੰਘ ਕਹਿੰਦੇ ਹਨ, "ਕੁਝ ਸਾਲ ਪਹਿਲਾਂ ਤੱਕ ਸੀਓਪੀਡੀ ਦੀ ਸਮੱਸਿਆ ਸਿਰਫ਼ ਸਿਗਰਟਨੋਸ਼ੀ ਕਰਨ ਵਾਲਿਆਂ 'ਚ ਹੀ ਪਾਈ ਜਾਂਦੀ ਸੀ। ਪਰ ਹੁਣ ਇਹ ਆਮ ਲੋਕਾਂ ਨੂੰ ਵੀ ਹੋਣ ਲੱਗ ਗਈ ਹੈ ਅਤੇ ਇਸ ਦਾ ਕਾਰਨ ਹੈ ਪ੍ਰਦੂਸ਼ਣ।"

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਦਾ ਮਨਾਇਆ ਜਾਵੇਗਾ ਅਤੇ ਦੋ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

1. ਨਗਰ ਰਹੀਮਪੁਰ ਦਾਸੂਪੁਰ ਦੀ ਸੰਗਤ ਵੱਲੋਂ
2. ਭਾਈ ਮੋਹਣ ਸਿੰਘ ਕੰਗ ਪਰਿਵਾਰ ਵੱਲੋਂ

- ਜਿਨਾਂ ਦੀ ਆਰੰਭਤਾ 29 ਨਵੰਬਰ ਦੇ ਨੇ ਸ਼ੁਕਰਵਾਰ ਨੂੰ 9:30 ਵਜੇ ਹੋਵੇਗੀ
- ਭੋਗ ਦਿਨ ਐਤਵਾਰ ਦਸੰਬਰ 1 ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲੇ ਦੀਵਾਨ ਸੱਜਣਗੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸਨਿੱਚਰਵਾਰ ਨਵੰਬਰ 30 ਨੂੰ ਸ਼ਾਮ ਦੇ ਕੀਰਤਨ ਤੇ ਲੰਗਰ ਦੀ ਸੇਵਾ ਦੋ ਪਰਿਵਾਰਾਂ ਵੱਲੋਂ ਹੋਵੇਗੀ

1. ਭਾਈ ਮਨਵੀਰ ਸਿੰਘ ਪਰਿਵਾਰ ਵੱਲੋਂ ਬੇਟੇ ਦੇ ਜਨਮਦਿਨ ਦੀ ਖੁਸ਼ੀ ਵਿੱਚ
2. ਭਾਈ ਜਗਮੋਹਨ ਸਿੰਘ ਗਿੱਲ ਪਰਿਵਾਰ ਵੱਲੋਂ ਬੇਟੀ ਜੇਡਨ ਸਿੰਘ ਦੀ ਜਨਮ ਦੀ ਖੁਸ਼ੀ ਵਿੱਚ

- ਐਤਵਾਰ ਦਸੰਬਰ 1 ਸਵੇਰ ਦੀ ਕੀਰਤਨ ਤੇ ਲੰਗਰ ਦੀ ਸੇਵਾ ਭਾਈ ਜਸਵਿੰਦਰ ਪਾਲ ਸਿੰਘ ਨਾਗਰਾ ਪਰਿਵਾਰ ਵੱਲੋਂ ਬੇਟੇ ਦੇ 16ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਹੋਵੇਗੀ।

ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਚਾਰ ਪਰਿਵਾਰਾਂ ਵੱਲੋਂ ਹੋਵੇਗੀ।

1. ਭਾਈ ਮਨਿੰਦਰ ਸਿੰਘ ਪਰਿਵਾਰ ਵੱਲੋਂ ਬੇਟੇ ਦੇ ਜਨਮਦਿਨ ਦੀ ਖੁਸ਼ੀ ਵਿੱਚ
2. ਭਾਈ ਕੁਲਦੀਪ ਸਿੰਘ ਜੰਡਾ ਪਰਿਵਾਰ ਵੱਲੋਂ
3. ਭਾਈ ਜਗਤ ਸਿੰਘ ਪਰਿਵਾਰ ਵੱਲੋਂ
4. ਬੀਬੀ ਵਿਪਨਦੀਪ ਕੌਰ ਪਰਿਵਾਰ ਵੱਲੋਂ ਬੇਟੇ ਦੇ ਜਨਮਦਿਨ ਦੀ ਖੁਸ਼ੀ ਵਿੱਚ

- ਵੀਰਵਾਰ ਦਸੰਬਰ ਤਿੰਨ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਿੰਦਰ ਸਿੰਘ ਪਰਿਵਾਰ ਵੱਲੋਂ ਜਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਹੋਵੇਗੀ।

---

**ਰਾਗੀ ਜੱਥਾ :** ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਗੁਰਜੀਤ ਸਿੰਘ ਦਰਬਾਰ ਸਾਹਿਬ ਵਾਲੇ

**ਕਥਾਵਾਚਕ :** ਭਾਈ ਨਿਸ਼ਾਨ ਸਿੰਘ ਢਾਡੀ

**ਢਾਡੀ ਜਥਾ :** ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ

---

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਕੈਨੇਡਾ ਵਿੱਚ ਇਕ ਸਾਲ ਦੌਰਾਨ 300,000 ਤੋਂ ਵੱਧ ਲੋਕਾਂ ਨੇ ਮਾਨਸਿਕ ਤਣਾਅ ਜਾਂ ਖੁਦਕੁਸ਼ੀ ਦੇ ਵਿਚਾਰਾਂ ਸਬੰਧੀ ਕੇਂਦਰੀ ਮਾਨਸਿਕ ਸਿਹਤ ਕੇਂਦਰ ਤੋਂ ਮੰਗੀ ਮਦਦ




ਸਰੀ, (ਏਕਜੋਤ ਸਿੰਘ): ਕੇਂਦਰੀ ਮਾਨਸਿਕ ਸਿਹਤ ਕੇਂਦਰ (CAMH) ਦੇ ਅਨੁਸਾਰ, ਕੈਨੇਡਾ ਵਿੱਚ ਸ਼ੁਰੂ ਕੀਤੀ ਗਈ 988 ਸੁਸਾਇਡ ਹਲਪਲਾਈਨ ਨੂੰ ਇਕ ਸਾਲ ਵਿੱਚ 300,000 ਤੋਂ ਵੱਧ ਕਾਲਾਂ ਅਤੇ ਟੈਕਸਟ ਪ੍ਰਾਪਤ ਹੋ ਚੁੱਕੇ ਹਨ ਜਿਸ ਵਿੱਚ ਲੋਕਾਂ ਨੇ ਮਾਨਸਿਕ ਸਿਹਤ ਜਾਂ ਖੁਦਕੁਸ਼ੀ ਦੇ ਵਿਚਾਰਾਂ ਸਬੰਧੀ ਮਦਦ ਮੰਗੀ। ਇਹ ਸਹਾਇਤਾ ਲਾਈਨ ਕੈਨੇਡਾ ਵਿੱਚ ਰਹਿਣ ਵਾਲੇ ਲੋਕਾਂ ਲਈ ਦਿਨ ਵਿੱਚ 24 ਘੰਟੇ ਅਤੇ ਹਫਤੇ ਦੇ 7 ਦਿਨ ਉਪਲਬਧ ਹੈ।

ਡਾਕਟਰ ਐਲਿਸਨ ਕ੍ਰੌਡਫੋਰਡ, ਜੋ ਇਸ ਹਲਪਲਾਈਨ ਦੀ ਮੁੱਖ ਮੈਡੀਕਲ ਅਫਸਰ ਹਨ, ਨੇ ਕਿਹਾ ਕਿ ਇਹ ਸੇਵਾ ਕੈਨੇਡਾ ਦੇ ਹਰ ਇੱਕ ਕੋਨੇ ਵਿੱਚ ਲੋਕਾਂ ਲਈ ਉਪਲਬਧ ਹੈ, ਅਤੇ ਉਹ ਉਮੀਦ ਕਰਦੀ ਹਨ ਕਿ ਜਿਵੇਂ ਜਿਵੇਂ ਲੋਕ ਇਸ ਸੇਵਾ ਬਾਰੇ ਜ਼ਿਆਦਾ ਜਾਣੂ ਹੋਣਗੇ, ਕਾਲਾਂ ਅਤੇ ਟੈਕਸਟਾਂ ਦੀ ਸੰਖਿਆ ਵਿੱਚ ਵਾਧਾ ਹੋਵੇਗਾ।

ਕ੍ਰੌਡਫੋਰਡ ਨੇ ਕਿਹਾ ਕਿ ਇਹ ਬਹੁਤ ਜਰੂਰੀ ਹੈ ਕਿ ਜਵਾਬ ਦੇਣ ਵਾਲੇ ਲੋਕ ਕਾਲਾਂ ਜਾਂ ਟੈਕਸਟਾਂ ਨੂੰ ਜਲਦੀ ਜਵਾਬ ਦੇਣ, ਤਾਂ ਕਿ ਜਿਹੜੇ ਲੋਕ ਮਦਦ ਚਾਹੁੰਦੇ ਹਨ ਉਨ੍ਹਾਂ ਨਾਲ ਗੱਲਬਾਤ ਕੀਤੀ ਜਾ ਸਕੇ।

ਕਾਲਾਂ ਅਤੇ ਟੈਕਸਟਾਂ ਨੂੰ ਸਭ ਤੋਂ ਨੇੜਲੇ ਉਪਲਬਧ ਜਵਾਬ ਦੇਣ ਵਾਲੇ ਕੋਲ ਰੂਟ ਕੀਤਾ ਜਾਂਦਾ ਹੈ, ਤਾਂ ਜੋ ਲੋਕਾਂ ਨੂੰ ਜੇਹੜੇ ਵੱਧ ਮਦਦ ਦੀ ਲੋੜ ਹੈ ਉਹ ਆਪਣੇ ਸਥਾਨਕ ਸਮੁਦਾਇ ਵਿੱਚ ਹੋਰ ਸਰੋਤਾਂ ਤੱਕ ਪਹੁੰਚ ਸਕਣ।

ਹਲਪਲਾਈਨ ਨੂੰ ਲੀਡ ਕਰਨ ਵਾਲਾ ਕੇਂਦਰੀ ਮਾਨਸਿਕ ਸਿਹਤ ਕੇਂਦਰ CAMH ਹੈ, ਜੋ ਕਿ 38 ਸਮੁਦਾਇਕ ਏਜੰਸੀਜ਼ ਦੇ 2,000 ਤੋਂ ਵੱਧ ਜਵਾਬ ਦੇਣ ਵਾਲੇ ਕਰਮਚਾਰੀਆਂ ਨਾਲ ਕੰਮ ਕਰਦਾ ਹੈ।

ਬ੍ਰਿਟਿਸ਼ ਕੋਲੰਬੀਆ ਦੇ ਰਿਚਮੰਡ ਵਿੱਚ ਕਿਮੋ ਕਮਿਊਨਿਟੀ ਸੇਵਾਵਾਂ ਦੀ ਐਕਜ਼ੀਕਿਊਟਿਵ ਡਾਇਰੈਕਟਰ ਸਲਿੰਦਰ ਭੱਟੀ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਵਿੱਚ ਸੇਵਾ ਲਈ 7 ਤੋਂ 12 ਜਵਾਬ ਦੇਣ ਵਾਲੇ ਕਰਮਚਾਰੀ ਹੁੰਦੇ ਹਨ, ਜਿਵੇਂ ਕਿ ਕਾਲਾਂ ਅਤੇ ਟੈਕਸਟਾਂ ਦੇ ਪੈਟਰਨ ਨੂੰ ਦੇਖਦੇ ਹੋਏ।

ਉਹਨਾਂ ਦੱਸਿਆ ਕਿ ਮਦਦ ਮੰਗਣ ਵਾਲੇ ਲੋਕਾਂ ਦੀ ਗਿਣਤੀ ਕੁਝ ਖਾਸ ਸਮਿਆਂ ਵਿੱਚ ਵਧ ਜਾਂਦੀ ਹੈ, ਜਿਸ ਵਿੱਚ ਆਉਣ ਵਾਲਾ ਛੁੱਟੀਆਂ ਦਾ ਸਮਾਂ ਵੀ ਸ਼ਾਮਿਲ ਹੈ।

ਭੱਟੀ ਨੇ ਕਿਹਾ ਕਿ 988 ਹਲਪਲਾਈਨ ਕਿਸੇ ਵੀ ਵਿਅਕਤੀ ਲਈ ਹੈ ਜੋ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ, ਅਤੇ ਕਈ ਵਾਰੀ ਲੋਕ ਕਾਲ ਜਾਂ ਟੈਕਸਟ ਕਰਦੇ ਹਨ ਅਸੀਂ ਹਰ ਕਿਸੇ ਲਈ ਸੰਭਵ ਮਦਦ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰਦੇ ਹਾਂ।

988 ਸੁਸਾਇਡ ਹਲਪਲਾਈਨ 30 ਨਵੰਬਰ 2023 ਨੂੰ ਸ਼ੁਰੂ ਕੀਤੀ ਗਈ ਸੀ, ਜਿਸ ਵਿੱਚ ਕੈਨੇਡਾ ਸਰਕਾਰ ਦੀ ਪਬਲਿਕ ਹੈਲਥ ਏਜੰਸੀ ਨੇ ਪਹਿਲੇ ਤਿੰਨ ਸਾਲਾਂ ਲਈ $177 ਮਿਲੀਅਨ ਦੀ ਫੰਡਿੰਗ ਦਿੱਤੀ ਸੀ। ਉਨ੍ਹਾਂ ਨੇ ਕਿਹਾ ਕਿ ਇਸ ਸੇਵਾ ਦਾ ਮਕਸਦ ਕੈਨੇਡਾ ਵਿੱਚ ਲੋਕਾਂ ਨੂੰ ਜ਼ਰੂਰੀ ਮਾਨਸਿਕ ਸਿਹਤ ਮਦਦ ਪ੍ਰਦਾਨ ਕਰਨਾ ਅਤੇ ਜਿੱਥੇ ਵੀ ਮਦਦ ਦੀ ਲੋੜ ਹੈ, ਉਥੇ ਜਲਦੀ ਅਤੇ ਸਹੀ ਤਰੀਕੇ ਨਾਲ ਉਪਲਬਧ ਕਰਵਾਉਣਾ ਹੈ।

ਇਹ ਕੋਸ਼ਿਸ਼ਕੈਨੇਡਾ ਵਿੱਚ ਮਾਨਸਿਕ ਸਿਹਤ ਦੀ ਮੱਦਦ ਕਰਨ ਦੇ ਲਈ ਬਹੁਤ ਮਹੱਤਵਪੂਰਨ ਹੈ, ਅਤੇ ਲੋਕਾਂ ਨੂੰ ਆਪਣੇ ਦਿਲ ਦੇ ਦਰਦ ਨਾਲ ਜੂਝਣ ਵਿੱਚ ਮਦਦ ਕਰਨ ਲਈ ਇੱਕ ਸਫ਼ਲ ਕਦਮ ਹੈ। This report was written by Ekjot Singh as part of the Local Journalism Initiative.

# ਭਾਰਤ ਨੇ ਜਪਾਨ ਨੂੰ ਹਰਾਕੇ ਜੂਨੀਅਰ ਏਸ਼ੀਆ ਕੱਪ ਵਿੱਚ ਲਗਾਤਾਰ ਦੂਜੀ ਜਿੱਤ ਦਰਜ ਕੀਤੀ

ਮਸਕਟ : ਸਾਬਕਾ ਚੈਂਪੀਅਨ ਭਾਰਤ ਨੇ ਪੁਰਸ਼ ਜੂਨੀਅਰ ਏਸ਼ੀਆ ਕੱਪ ਹਾਕੀ ਟੂਰਨਾਮੈਂਟ ਦੇ ਪੂਲ ਏ ਦੇ ਇੱਕ ਰੋਮਾਂਚਕ ਮੁਕਾਬਲੇ ਵਿੱਚ ਜਪਾਨ ਨੂੰ 3-2 ਨਾਲ ਹਰਾਇਆ। ਇਸ ਜਿੱਤ ਨਾਲ ਭਾਰਤ ਨੇ ਆਪਣੀ ਲਗਾਤਾਰ ਦੂਜੀ ਫਤਿਹ ਹਾਸਲ ਕਰਕੇ ਸੈਮੀਫਾਈਨਲ ਦੀ ਪਾਸੇ ਇੱਕ ਕਦਮ ਹੋਰ ਵਧਾਇਆ।

ਭਾਰਤ ਵੱਲੋਂ ਥੋਕਚੋਮ ਕਿੰਗਸਨ ਸਿੰਘ ਨੇ ਮੈਚ ਦੇ 12ਵੇਂ ਮਿੰਟ ਵਿੱਚ ਗੋਲ ਕਰਕੇ ਖਾਤਾ ਖੋਲ੍ਹਿਆ। ਰੋਹਿਤ ਨੇ 36ਵੇਂ ਮਿੰਟ ਵਿੱਚ ਆਪਣੀ ਟੀਮ ਲਈ ਦੂਜਾ ਗੋਲ ਕੀਤਾ, ਜਦਕਿ ਅਰੀਜੀਤ ਸਿੰਘ ਹੁੰਦਲ ਨੇ 39ਵੇਂ ਮਿੰਟ ਵਿੱਚ ਤੀਜਾ ਅਤੇ ਨਿਰਣਾਇਕ ਗੋਲ ਕਰਕੇ ਭਾਰਤ ਨੂੰ ਅਗੇ ਲੈ ਜਾਇਆ।

ਜਪਾਨ ਵੱਲੋਂ ਦੋਵੇਂ ਗੋਲ ਨਿਯੋ ਸਾਤੋ ਨੇ ਪੈਨਲਟੀ ਕਾਰਨਰ ਰਾਹੀਂ ਕੀਤੇ। ਸਾਤੋ ਨੇ 15ਵੇਂ ਮਿੰਟ ਵਿੱਚ ਪਹਿਲਾ ਅਤੇ 38ਵੇਂ ਮਿੰਟ ਵਿੱਚ ਦੂਜਾ ਗੋਲ ਕਰਕੇ ਮੈਚ ਵਿੱਚ ਜਪਾਨ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕੀਤੀ।


ਭਾਰਤ ਹੁਣ ਆਪਣਾ ਅਗਲਾ ਮੁਕਾਬਲਾ ਸ਼ਨੀਵਾਰ, 30 ਨਵੰਬਰ ਨੂੰ ਚੀਨੀ ਤਾਇਪੇ ਦੇ ਖਿਲਾਫ਼ ਖੇਡੇਗਾ। ਇਸ ਮੈਚ ਵਿੱਚ ਜਿੱਤ ਭਾਰਤ ਦੀ ਟੀਮ ਨੂੰ ਅਗਲੀ ਪੜਾਅ ਦੀ ਯਕੀਨੀਤਾ ਦੇ ਸਕਦੀ ਹੈ।

ਭਾਰਤ ਨੇ ਬੁੱਧਵਾਰ ਨੂੰ ਆਪਣੇ ਪਹਿਲੇ ਮੈਚ ਵਿੱਚ ਥਾਈਲੈਂਡ ਨੂੰ 11-0 ਨਾਲ ਭਾਰੀ ਅੰਤਰ ਨਾਲ ਹਰਾਇਆ ਸੀ, ਜਿਸ ਵਿੱਚ ਟੀਮ ਦਾ ਅਦਭੁਤ ਪ੍ਰਦਰਸ਼ਨ ਦੇਖਣ ਨੂੰ ਮਿਲਿਆ।

ਭਾਰਤੀ ਟੀਮ ਦੇ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਨੇ ਟੂਰਨਾਮੈਂਟ ਵਿੱਚ ਟੀਮ ਦੀ ਮਜ਼ਬੂਤ ਦਾਅਵੇਦਾਰੀ ਨੂੰ ਸਾਬਤ ਕੀਤਾ ਹੈ।


ੴ ਸਤਿਗੁਰ ਪ੍ਰਸਾਦਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ, ਘੱਲੇ ਆਵੇ ਨਾਨਕਾ ਸਦੇ ਉਠੀ ਜਾਇ।

ਪਾਠ ਦਾ ਭੋਗ ਅਤੇ ਅੰਤਿਮ ਅਰਦਾਸ



ਸ. ਗੁਰਮੇਲ ਸਿੰਘ ਹੇਅਰ

ਬੜੇ ਦੁਖੀ ਹਿਰਦੇ ਨਾਲ ਦੱਸਿਆ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

ਸ. ਗੁਰਮੇਲ ਸਿੰਘ ਹੇਅਰ

ਪਿੱਛਲਾ ਪਿੰਡ ਢੁੱਡੀਕੇ ਜ਼ਿਲ੍ਹਾ ਮੋਗਾ ਜੋ ਕਿ ਪਿਛਲੇ ਦਿਨੀਂ 84 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ ਦੇ ਪੰਜ ਭੌਤਿਕ ਸਰੀਰ ਦਾ

ਅੰਤਿਮ ਸੰਸਕਾਰ

30 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9:15 ਵਜੇ
2061 ਰਿਵਰ ਸਾਈਡ ਰੋਡ 'ਤੇ ਸਥਿੱਤ
'ਫਰੇਜਰ ਰਿਵਰ ਫਿਊਨਰਲ ਹੋਮ' ਐਬਟਸਫੋਰਡ ਵਿਖੇ ਕੀਤਾ ਜਾਵੇਗਾ ਉਪਰੰਤ

ਅੰਤਿਮ ਅਰਦਾਸ

ਦੀਆਂ ਰਸਮਾਂ
ਗੁਰਦੁਆਰਾ ਸਾਹਿਬ ਮਿਸ਼ਨ ਸਿੱਖ ਟੈਂਪਲ
12086 ਰਾਏ ਐਵੀਨਿਊ ਲੋਹੀਡ ਹਾਈਵੇ ਮਿਸ਼ਨ ਵਿਖੇ
ਦੁਪਹਿਰ 12:00 ਵਜੇ ਸੰਪੂਰਨ ਕੀਤੀਆਂ ਜਾਣਗੀਆਂ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ

ਮਲਕੀਤ ਸਿੰਘ ਹੇਅਰ 604-300-1344 | ਚਮਕੌਰ ਸਿੰਘ ਹੇਅਰ 604-832-3410 | ਕਰਮਜੀਤ ਸਿੰਘ ਸੰਧੂ 604-832-3300


# ਬੀ.ਸੀ. ਵੱਲੋਂ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮ ਤਹਿਤ ਇੰਟਰਨੈਸ਼ਨਲ ਗਰੈਜੂਏਟ ਸਟ੍ਰੀਮ ਬੰਦ




ਸਰੀ: ਬ੍ਰਿਟਿਸ਼ ਕੋਲੰਬੀਆ ਨੇ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮ ਤਹਿਤ ਇੰਟਰਨੈਸ਼ਨਲ ਗਰੈਜੂਏਟ ਸਟ੍ਰੀਮ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। 26 ਨਵੰਬਰ ਨੂੰ ਇਸ ਸਟ੍ਰੀਮ ਦਾ ਇਸ ਸਾਲ ਦਾ ਆਖਰੀ ਡਰਾਅ ਕੱਢਿਆ ਗਿਆ।

ਇਮੀਗ੍ਰੇਸ਼ਨ ਮਾਹਰਾਂ ਦੇ ਅਨੁਸਾਰ, ਇਹ ਸਟ੍ਰੀਮ ਬੰਦ ਕਰਨ ਦਾ ਕਾਰਨ ਨਵੇਂ ਸਾਲ ਤੋਂ ਨਵੀਆਂ ਸਟ੍ਰੀਮਜ਼ ਦੀ ਸ਼ੁਰੂਆਤ ਹੈ। ਨਵੰਬਰ ਮਹੀਨੇ ਦੇ ਆਖਰੀ ਇਨਵੀਟੇਸ਼ਨ ਭੇਜੇ ਜਾਣ ਦਾ ਭਾਵ ਹੈ ਕਿ ਇਸ ਸਾਲ ਲਈ ਅਰਜ਼ੀਆਂ ਦਾ ਨਿਪਟਾਰਾ ਹੋ ਜਾਵੇਗਾ।

ਇਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਇੰਟਰਨੈਸ਼ਨਲ ਗਰੈਜੂਏਟ ਸਟ੍ਰੀਮ ਦੇ ਬੰਦ ਹੋਣ ਨਾਲ ਤਤਕਾਲ ਕੋਈ ਵੱਡਾ ਨੁਕਸਾਨ ਨਹੀਂ ਹੋਵੇਗਾ, ਕਿਉਂਕਿ ਜਨਵਰੀ ਵਿੱਚ ਨਵੇਂ ਨਿਯਮਾਂ ਨਾਲ ਡਰਾਅ ਦੁਬਾਰਾ ਸ਼ੁਰੂ ਹੋਣ ਦੀ ਉਮੀਦ ਹੈ।

ਇਸ ਸਟ੍ਰੀਮ ਵਿੱਚ ਉਹ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ, ਜਿਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ ਕੈਨੇਡਾ ਵਿੱਚ ਆਪਣਾ ਕੋਰਸ ਪੂਰਾ ਕੀਤਾ ਹੈ ਅਤੇ ਉਹ ਪੀ ਆਰ ਲਈ ਅਰਜ਼ੀ ਦੇਣਾ ਚਾਹੁੰਦੇ ਹਨ।

ਬਿਨੈਕਾਰਾਂ ਨੂੰ ਕਿਸੇ ਰੋਜ਼ਗਾਰਦਾਤੇ ਤੋਂ ਟੀਅਰ 1, 2 ਜਾਂ 3 ਦੀ ਨੌਕਰੀ ਲਈ ਜੌਬ ਆਫ਼ਰ ਹੋਣਾ ਜਰੂਰੀ ਹੈ, ਅਤੇ ਤਜਰਬੇ, ਤਨਖ਼ਾਹ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਨੌਕਰੀ ਦੀ ਜਗ੍ਹਾ ਦੇ ਆਧਾਰ 'ਤੇ ਅਰਜ਼ੀ ਦੇਣ ਵਾਲਿਆਂ ਨੂੰ ਪੁਆਇੰਟ ਮਿਲਦੇ ਹਨ।

2025 ਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਤਿੰਨ ਨਵੀਆਂ ਸਟ੍ਰੀਮਜ਼ ਦੀ ਸ਼ੁਰੂਆਤ ਕੀਤੀ ਜਾਵੇਗੀ:

ਬੈਚਲਰ ਡਿਗਰੀ ਸਟ੍ਰੀਮ, ਮਾਸਟਰ ਡਿਗਰੀ ਸਟ੍ਰੀਮ, ਡਾਕਟਰੇਟ ਸਟ੍ਰੀਮ, ਜੋ ਵਿਦਿਆਰਥੀ ਬੈਚਲਰ, ਮਾਸਟਰ ਜਾਂ ਪੀ ਐਚ ਡੀ ਦੀ ਡਿਗਰੀ ਲਈ ਪੀ ਆਰ ਦੀ ਅਰਜ਼ੀ ਦੇਣਾ ਚਾਹੁੰਦੇ ਹਨ, ਉਹਨਾਂ ਨੂੰ ਨਵੇਂ ਸਟ੍ਰੀਮਾਂ ਤਹਿਤ ਅਰਜ਼ੀ ਦੇਣ ਲਈ ਜੌਬ ਆਫ਼ਰ ਦੀ ਜ਼ਰੂਰਤ ਪਵੇਗੀ। ਬ੍ਰਿਟਿਸ਼ ਕੋਲੰਬੀਆ ਨੇ 2018 ਤੋਂ 2021 ਤੱਕ 25,570 ਵਿਦਿਆਰਥੀਆਂ ਨੂੰ ਪੀ ਆਰ ਲਈ ਨੋਮੀਨੇਟ ਕੀਤਾ, ਅਤੇ ਪਿਛਲੇ 4 ਸਾਲਾਂ ਵਿੱਚ 27,000 ਤੋਂ ਵੱਧ ਵਿਦਿਆਰਥੀਆਂ ਨੂੰ ਇਨਵੀਟੇਸ਼ਨ ਭੇਜੇ ਗਏ ਹਨ। ਇਹ ਪ੍ਰੋਗਰਾਮ ਬ੍ਰਿਟਿਸ਼ ਕੋਲੰਬੀਆ ਦੀ ਆਗੇ ਜਾ ਕੇ ਅਰਜ਼ੀਆਂ ਪ੍ਰਕਿਰਿਆ ਨੂੰ ਹੋਰ ਸੁਧਾਰ ਕਰਨ ਦਾ ਮਕਸਦ ਰੱਖਦਾ ਹੈ, ਅਤੇ ਨਵੇਂ ਸਟ੍ਰੀਮਾਂ ਦੀ ਸ਼ੁਰੂਆਤ ਨਾਲ ਵਿਦਿਆਰਥੀਆਂ ਲਈ ਨਵੀਆਂ ਦਵਾਰ ਖੁਲਣ ਦੀ ਉਮੀਦ ਹੈ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਵੱਲੋਂ ਮਹਾਨ ਸ਼ਾਇਰ ਸੁਰਜੀਤ ਪਾਤਰ ਨੂੰ ਸਮਰਪਿਤ ਸਾਹਿਤਿਕ ਕਾਨਫਰੰਸ

## ਪੰਜਾਬੀ ਬੋਲੀ, ਕਵਿਤਾ ਅਤੇ ਕਹਾਣੀ ਬਾਰੇ ਹੋਈ ਗੰਭੀਰ ਵਿਚਾਰ ਚਰਚਾ – ਕੁਝ ਨਵੀਆਂ ਕਿਤਾਬਾਂ ਰਿਲੀਜ਼ ਕੀਤੀਆਂ



ਹੇਵਰਡ, (ਹਰਦਮ ਮਾਨ): ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਵੱਲੋਂ ਆਪਣੀ 24ਵੀਂ ਸਾਲਾਨਾ ਪੰਜਾਬੀ ਸਾਹਿਤਿਕ ਕਾਨਫਰੰਸ ਬੀਤੇ ਦਿਨੀਂ ਹੇਵਰਡ (ਕੈਲੀਫੋਰਨੀਆ) ਵਿਖੇ ਕਰਵਾਈ ਗਈ। ਮਰਹੂਮ ਨਾਮਵਰ ਸ਼ਾਇਰ ਸੁਰਜੀਤ ਪਾਤਰ ਦੀ ਨਿੱਘੀ ਯਾਦ ਨੂੰ ਸਮਰਪਿਤ ਇਸ ਦੋ ਰੋਜ਼ਾ ਕਾਨਫਰੰਸ ਵਿੱਚ ਭਾਰਤ, ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿੱਚ ਪੰਜਾਬੀ ਵਿਦਵਾਨ, ਸਾਹਿਤਕਾਰ ਅਤੇ ਪੰਜਾਬੀ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਕਾਨਫਰੰਸ ਦੇ ਪਹਿਲੇ ਦਿਨ ਸਵਾਗਤੀ ਸੈਸ਼ਨ ਦੀ ਸ਼ੁਰੂਆਤ ਪੰਜਾਬੀ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੇ ਰੂਹੇ-ਰਵਾਂ ਅਤੇ ਨਾਮਵਰ ਸ਼ਾਇਰ ਕੁਲਵਿੰਦਰ ਦੇ ਮੋਹ ਭਰੇ ਸ਼ਬਦਾਂ ਨਾਲ ਹੋਈ। ਕੁਲਵਿੰਦਰ ਨੇ ਅਕੈਡਮੀ ਦੀ ਸਥਾਪਨਾ, ਸਰਗਰਮੀਆਂ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਾਡੇ ਲਈ ਇਹ ਬੜੀ ਮਾਣ ਵਾਲੀ ਗੱਲ ਹੈ ਹੈ ਕਿ ਅਕਤੂਬਰ 2002 ਵਿੱਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀ ਬਾਕਇਦਾ ਤੌਰ 'ਤੇ ਸਥਾਪਨਾ ਕਰਨ ਸਮੇਂ ਡਾ. ਸੁਰਜੀਤ ਪਾਤਰ ਸਾਡੇ ਨਾਲ਼ ਮੌਜੂਦ ਸਨ ਅਤੇ ਅਕੈਡਮੀ ਦਾ ਪਹਿਲਾ ਸਮਾਗਮ ਵੀ ਉਹਨਾਂ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਉਹਨਾਂ ਦੱਸਿਆ ਕਿ ਡਾ. ਪਾਤਰ ਸਾਹਿਬ 2006, 2009, 2012 ਅਤੇ 2015 ਵਿੱਚ ਅਕੈਡਮੀ ਦੀਆਂ ਕਾਨਫਰੰਸਾਂ ਵਿੱਚ ਸ਼ਾਮਿਲ ਹੋ ਕੇ ਸਾਨੂੰ ਆਪਣਾ ਅਸ਼ੀਰਵਾਦ ਦਿੰਦੇ ਰਹੇ। ਡਾ. ਸੁਰਜੀਤ ਪਾਤਰ ਦੇ ਵਿਛੋੜੇ ਨੂੰ ਪੰਜਾਬੀ ਪਿਆਰਿਆਂ ਲਈ ਬਹੁਤ ਹੀ ਦੁਖਦਾਈ ਦੱਸਦਿਆਂ ਕੁਲਵਿੰਦਰ ਨੇ ਕਿਹਾ ਕਿ ਉਹਨਾਂ ਦੀ ਪੰਜਾਬੀ ਸਾਹਿਤ ਨੂੰ ਮਹਾਨ ਦੇਣ ਨੂੰ ਮੁੱਖ ਰੱਖਦਿਆਂ ਅਕੈਡਮੀ ਨੇ ਇਹ ਦੋ ਰੋਜ਼ਾ ਕਾਨਫਰੰਸ ਉਹਨਾਂ ਨੂੰ ਸਮਰਪਿਤ ਕੀਤੀ ਹੈ। ਕੁਲਵਿੰਦਰ ਨੇ ਕਿਹਾ ਕਿ ਪਾਤਰ ਸਾਹਿਬ ਨੇ ਪੰਜਾਬੀ ਸ਼ਾਇਰੀ ਅਤੇ ਖਾਸ ਤੌਰ 'ਤੇ ਪੰਜਾਬੀ ਗ਼ਜ਼ਲ ਨੂੰ ਜੋ ਅਮੀਰੀ ਪ੍ਰਦਾਨ ਕੀਤੀ ਉਸ ਸਦਕਾ ਅੱਜ ਪੰਜਾਬੀ ਗ਼ਜ਼ਲ ਉਰਦੂ ਗ਼ਜ਼ਲ ਦੇ ਬਰਾਬਰ ਆ ਖੜ੍ਹੀ ਹੈ। ਵਾਰਸ ਸ਼ਾਹ ਤੋਂ ਬਾਅਦ ਡਾ. ਸੁਰਜੀਤ ਪਾਤਰ ਅਜਿਹੇ ਸ਼ਾਇਰ ਸਨ ਜਿਨ੍ਹਾਂ ਨੂੰ ਪੰਜਾਬੀਆਂ ਨੇ ਆਪਣੇ ਦਿਲਾਂ ਵਿਚ ਵਸਾਇਆ ਤੇ ਉਹਨਾਂ ਨੂੰ ਬੇਹਦ ਮਾਣ ਸਤਿਕਾਰ, ਪਿਆਰ ਦਿੱਤਾ।

ਡਾ. ਸੁਰਜੀਤ ਪਾਤਰ ਦੇ ਬਹੁਤ ਹੀ ਨਿੱਘੇ ਦੋਸਤ ਡਾ. ਸਰਬਜੀਤ ਸਿੰਘ ਹੁੰਦਲ ਨੇ ਕਿਹਾ ਕਿ ਪਾਤਰ ਸਾਹਿਬ ਕੋਲ ਕਵਿਤਾ ਲਿਖਣ ਦਾ ਵੱਡਾ ਹੁਨਰ ਅਤੇ ਵੱਡੀ ਸੋਚ ਸੀ। ਉਹ ਮਹਾਨ ਕਵੀ ਹੋਣ ਦੇ ਨਾਲ ਨਾਲ ਬਹੁਤ ਹੀ ਵਧੀਆ ਇਨਸਾਨ ਸਨ ਅਤੇ ਉਹਨਾਂ ਦੀ ਹਲੀਮੀ ਭਰਪੂਰ ਸ਼ਖ਼ਸੀਅਤ ਸਭ ਨੂੰ ਮੋਹ ਲੈਂਦੀ ਸੀ। ਉਨ੍ਹਾਂ ਪਾਤਰ ਸਾਹਿਬ ਦੇ ਕੁਝ ਸ਼ਿਅਰਾਂ ਨਾਲ ਉਹਨਾਂ ਨੂੰ ਆਪਣੀ ਸ਼ਰਧਾਂਜਲੀ ਦਿੱਤੀ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਪੰਜਾਬੀ ਕਵਿਤਾ, ਸੱਭਿਆਚਾਰ, ਪੰਜਾਬ ਦੀ ਉੱਚਤਾ, ਸੁੱਚਤਾ, ਰਿਸ਼ਤਿਆਂ ਤੇ ਸਾਹਿਤਿਕ ਅਮੀਰੀ ਨੂੰ ਸੁਰਜੀਤ ਪਾਤਰ ਨੇ ਬਹੁਤ ਉੱਚੇ ਮੁਕਾਮ 'ਤੇ ਪਹੁੰਚਾਇਆ। ਜੋ ਹਰਮਨ ਪਿਆਰਤਾ ਉਹਨਾਂ ਦੇ ਹਿੱਸੇ ਆਈ ਉਹ ਹੋਰ ਕਿਸੇ ਸ਼ਾਇਰ ਦੇ ਹਿੱਸੇ ਨਹੀਂ ਆਈ। ਡਾ. ਲਖਵਿੰਦਰ ਸਿੰਘ ਜੌਹਲ ਨੇ ਪਾਤਰ ਸਾਹਿਬ ਨਾਲ ਬਿਤਾਏ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਾਤਰ ਸਾਹਿਬ ਦੀ ਸਹਿਜ ਸ਼ਖ਼ਸੀਅਤ ਤੋਂ ਜ਼ਿੰਦਗੀ ਵਿਚ ਵਿਚਰਨ ਦਾ ਸਲੀਕਾ ਹਾਸਲ ਕੀਤਾ।

ਡਾ. ਸੁਰਜੀਤ ਪਾਤਰ ਨਾਲ ਬਹੁਤ ਲੰਮੇਰੀ ਦੋਸਤੀ ਅਤੇ ਸਾਹਿਤਿਕ ਸਾਂਝ ਰੱਖਣ ਵਾਲੇ ਪੰਜਾਬੀ ਦੇ ਨਾਮਵਰ ਗਲਪਕਾਰ ਡਾ. ਵਰਿਆਮ ਸਿੰਘ ਸੰਧੂ ਨੇ ਪਾਤਰ ਸਾਹਿਬ ਨਾਲ ਆਪਣੀਆਂ ਬਹੁਤ ਸਾਰੀਆਂ ਯਾਦਾਂ ਸਾਂਝੀਆਂ ਕੀਤੀਆਂ। ਆਪਣੇ ਵਿਲੱਖਣ ਲਹਿਜ਼ੇ ਵਿਚ ਉਹਨਾਂ ਪਾਤਰ ਦੀ ਕਵਿਤਾ ਗ਼ਜ਼ਲ ਵਿੱਚ ਮਹਾਨਤਾ ਦੇ ਨਾਲ ਨਾਲ ਉਹਨਾਂ ਦੇ ਹਲੀਮੀ ਸੁਭਾਅ ਦੀਆਂ ਕਈ ਉਦਾਹਰਣਾਂ ਦਿੰਦਿਆਂ ਉਨ੍ਹਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਪਾਤਰ ਸਾਹਿਬ ਕਿਸੇ ਵੀ ਗੱਲ, ਵਿਚਾਰ ਦਾ ਪ੍ਰਗਟਾਵਾ ਬਹੁਤ ਸੋਚ ਵਿਚਾਰ ਤੋਂ ਬਾਅਦ ਕਰਦੇ ਸਨ। ਉਹਨਾਂ ਕਦੇ ਵੀ ਪਾਤਰ ਸਾਹਿਬ ਨੂੰ ਗੁੱਸੇ ਹੁੰਦਿਆਂ ਨਹੀਂ ਦੇਖਿਆ। ਉਹਨਾਂ ਬਹੁਤ ਹੀ ਭਾਵੁਕ ਹੁੰਦਿਆਂ ਕਿਹਾ ਕਿ 'ਸੁਰਜੀਤ ਪਾਤਰ ਪੰਜਾਬੀ ਸਾਹਿਤ ਵਿੱਚ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਦੇ ਦਿਲਾਂ ਵਿੱਚ ਅਤੇ ਵਿਸ਼ਵ ਸਾਹਿਤ ਵਿੱਚ ਹਮੇਸ਼ਾ ਜ਼ਿੰਦਾ ਰਹੇਗਾ, ਪਾਤਰ ਕਦੇ ਨਹੀਂ ਮਰੇਗਾ'।

ਡਾ. ਦਲਵੀਰ ਸਿੰਘ ਪੰਨੂ, ਸੁਰਿੰਦਰ ਸਿੰਘ ਸੁੰਨੜ, ਗੁਰਦੀਪ ਸਿੰਘ ਸੇਖੋਂ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਵੀ ਮਰਹੂਮ ਸ਼ਾਇਰ ਸੁਰਜੀਤ ਪਾਤਰ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੀ ਸ਼ਾਇਰੀ ਬਾਰੇ ਵਿਚਾਰ ਪੇਸ਼ ਕਰਦਿਆਂ ਇਨ੍ਹਾਂ ਬੁਲਾਰਿਆਂ ਨੇ ਕਿਹਾ ਕਿ ਪੰਜਾਬੀ ਸ਼ਾਇਰੀ ਨੂੰ ਮਾਣਮੱਤੇ ਮੁਕਾਮ 'ਤੇ ਲਿਜਾਣ ਵਾਲੇ ਸੁਰਜੀਤ ਪਾਤਰ ਹਮੇਸ਼ਾ ਪੰਜਾਬੀਆਂ ਦੇ ਦਿਲਾਂ ਵਿੱਚ ਧੜਕਦੇ ਰਹਿਣਗੇ। ਸਵਾਗਤੀ ਸੈਸ਼ਨ ਦੀ ਪ੍ਰਧਾਨਗੀ ਅਕੈਡਮੀ ਦੇ ਪ੍ਰਧਾਨ ਕੁਲਵਿੰਦਰ, ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ, ਡਾ. ਲਖਵਿੰਦਰ ਜੌਹਲ, ਡਾ. ਸਰਬਜੀਤ ਸਿੰਘ ਹੁੰਦਲ, ਡਾ. ਦਲਬੀਰ ਸਿੰਘ ਪੰਨੂ, ਸੁਰਿੰਦਰ ਸੁੰਨੜ, ਗੁਰਦੀਪ ਸਿੰਘ ਸੇਖੋਂ, ਨਾਮਵਰ ਸ਼ਾਇਰ ਜਸਵਿੰਦਰ ਨੇ ਕੀਤੀ।

ਕਾਨਫਰੰਸ ਦੇ ਪਹਿਲੇ ਦਿਨ ਦੇ ਆਖਰੀ ਪੜਾਅ ਵਿੱਚ ਸੰਗੀਤਕ ਮਹਿਫਿਲ ਸਜਾਈ ਗਈ ਜਿਸ ਵਿੱਚ ਸੁਖਦੇਵ ਸਾਹਿਬ, ਜੇ. ਐਸ ਚੰਦਨ, ਪਰਵਿੰਦਰ ਗੁਰੀ, ਸੁਰਿੰਦਰਪਾਲ ਸਿੰਘ, ਮੀਨੂੰ ਸਿੰਘ, ਲਖਵਿੰਦਰ ਕੌਰ ਲੱਕੀ ਅਤੇ ਬੀਨਾ ਸਾਗਰ ਨੇ ਡਾ. ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਆਪਣੇ ਸੁਰੀਲੇ ਸੁਰਾਂ ਨਾਲ ਪੇਸ਼ ਕਰ ਕੇ ਖੂਬਸੂਰਤ ਸੰਗੀਤਕ ਮਾਹੌਲ ਸਿਰਜਿਆ ਅਤੇ ਮਰਹੂਮ ਸ਼ਾਇਰ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਸਟੇਜ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਵੱਲੋਂ ਬਹੁਤ ਹੀ ਸਲੀਕੇ ਨਾਲ ਕੀਤਾ ਗਿਆ।

ਕਾਨਫਰੰਸ ਦੇ ਦੂਜੇ ਦਿਨ ਦਾ ਆਗਾਜ਼ ਅਕੈਡਮੀ ਦੀ ਸਰਗਰਮ ਮੈਂਬਰ ਲਾਜ ਨੀਲਮ ਸੈਣੀ ਵੱਲੋਂ ਅਕੈਡਮੀ ਦੀਆਂ ਪਿਛਲੇ ਇੱਕ ਸਾਲ ਦੌਰਾਨ ਹੋਈਆਂ ਸਰਗਰਮੀਆਂ ਦੀ ਰਿਪੋਰਟ ਪੜ੍ਹਨ ਨਾਲ ਹੋਇਆ। ਉਹਨਾਂ ਦੱਸਿਆ ਕਿ ਪਿਛਲੇ ਇਕ ਸਾਲ ਦੌਰਾਨ ਅਕੈਡਮੀ ਵੱਲੋਂ ਵਿਸ਼ੇਸ਼ ਮੀਟਿੰਗਾਂ, ਪੁਸਤਕ ਰਿਲੀਜ਼ ਕਰਨ ਦੇ ਸਮਾਗਮ ਅਤੇ ਮਹਿਮਾਨਾਂ ਨਾਲ ਵਿਸ਼ੇਸ਼ ਰੂਬਰੂ ਪ੍ਰੋਗਰਾਮ ਕੀਤੇ ਗਏ। ਉਪਰੰਤ ਅਮਰੀਕੀ ਪੰਜਾਬੀ ਕਵਿਤਾ ਅਤੇ ਅਮਰੀਕੀ ਪੰਜਾਬੀ ਕਹਾਣੀ ਬਾਰੇ ਵਿਸ਼ੇਸ਼ ਵਿਚਾਰ ਚਰਚਾ ਹੋਈ ਅਤੇ ਕਵੀ ਦਰਬਾਰ ਹੋਇਆ। ਅਮਰੀਕੀ ਪੰਜਾਬੀ ਕਵਿਤਾ ਦੇ ਸੈਸ਼ਨ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਦਵਾਨ ਡਾ. ਮੋਹਨ ਤਿਆਗੀ ਨੇ ਅਮਰੀਕਾ ਵਿੱਚ ਪੰਜਾਬੀ ਸ਼ਾਇਰਾਂ ਵੱਲੋਂ ਲਿਖੀ ਜਾ ਰਹੀ ਕਵਿਤਾ ਬਾਰੇ ਵਿਸਥਾਰ ਵਿੱਚ ਪਰਚਾ ਪੜ੍ਹਿਆ। ਅਮਰੀਕਾ ਦੇ ਪੰਜਾਬੀ ਕਵੀਆਂ ਅਤੇ ਉਹਨਾਂ ਵੱਲੋਂ ਰਚੀ ਜਾ ਰਹੀ ਕਵਿਤਾ ਦੇ ਸੰਦਰਭ ਵਿੱਚ ਉਨ੍ਹਾਂ ਆਪਣੇ ਖੋਜ ਪੱਤਰ ਰਾਹੀਂ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਡਾ. ਲਖਵਿੰਦਰ ਜੌਹਲ, ਡਾ. ਰਾਜੇਸ਼ ਸ਼ਰਮਾ, ਸ਼ਾਇਰ ਜਸਵਿੰਦਰ, ਡਾ. ਸਰਬਜੀਤ ਹੁੰਦਲ, ਸੁਰਜੀਤ ਕੌਰ ਟਰਾਂਟੋ, ਸੁਰਿੰਦਰ ਸੁੰਨੜ ਅਤੇ ਦਿਲ ਨਿੱਝਰ ਸ਼ਾਮਿਲ ਹੋਏ।

ਡਾ. ਲਖਵਿੰਦਰ ਜੌਹਲ ਨੇ ਅਮਰੀਕਾ ਵਿਚਲੀ ਪੰਜਾਬੀ ਕਵਿਤਾ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਸਲ ਵਿਚ ਹੁਣ ਪ੍ਰਵਾਸ ਦੀ ਪਰਿਭਾਸ਼ਾ ਖਤਮ ਹੋ ਗਈ ਹੈ ਅਤੇ ਅਮਰੀਕਾ ਵਿੱਚ ਜੋ ਕਵਿਤਾ ਰਚੀ ਜਾ ਰਹੀ ਹੈ ਉਸ ਵਿੱਚ ਪ੍ਰਵਾਸ ਦੀ ਕੋਈ ਵੇਦਨਾ ਨਹੀਂ ਤੇ ਨਾ ਹੀ ਕੋਈ ਭੂ ਹੇਰਵਾ ਹੈ। ਅਮਰੀਕੀ ਪੰਜਾਬੀ ਕਵਿਤਾ ਇਹਨਾਂ ਅਲਾਮਤਾਂ ਤੋਂ ਅੱਗੇ ਨਿਕਲ ਚੁੱਕੀ ਹੈ। ਉਹਨਾਂ ਕਿਹਾ ਕਿ ਅਸਲ ਵਿੱਚ ਅੱਜ ਦੀ ਸਮੁੱਚੀ ਪੰਜਾਬੀ ਕਵਿਤਾ ਵਿੱਚ ਪੰਜਾਬੀ ਦੁਨਿਆਵੀ ਵੇਦਨਾ ਦਾ ਜ਼ਿਕਰ ਹੈ, ਫਿਕਰ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਡਾ. ਰਾਜੇਸ਼ ਸ਼ਰਮਾ ਨੇ ਪੰਜਾਬੀ ਅਕਾਦਮਿਕ ਆਲੋਚਨਾ ਬਾਰੇ ਬਹੁਤ ਹੀ ਗੰਭੀਰ ਚਰਚਾ ਕੀਤੀ। ਉਹਨਾਂ ਕਿਹਾ ਕਿ ਅਸਲ ਵਿਚ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬੀ ਅਕਾਦਮਿਕ ਆਲੋਚਨਾ ਬਾਂਝ ਹੋ ਗਈ ਹੈ। ਅਸੀਂ ਸਾਹਿਤ ਨੂੰ ਇੱਕ ਦਸਤਾਵੇਜ ਦੇ ਤੌਰ 'ਤੇ ਪੜ੍ਹਦੇ ਹਾਂ, ਕਿਸੇ ਸਾਹਿਤਕ ਕਿਰਤ ਨੂੰ ਅਸੀਂ ਯਾਦਗਾਰੀ ਅਮਰ ਮਹਾਂ ਕਿਰਤ ਦੇ ਤੌਰ 'ਤੇ ਨਹੀਂ ਵਾਚਦੇ। ਉਹਨਾਂ ਪੰਜਾਬੀ ਲੇਖਕਾਂ, ਸ਼ਾਇਰਾਂ ਅਤੇ ਵਿਦਵਾਨਾਂ ਬਾਰੇ ਵੀ ਕਈ ਸਵਾਲ ਸਭ ਦੇ ਸਾਹਮਣੇ ਰੱਖੇ। ਡਾ. ਰਾਜੇਸ਼ ਸ਼ਰਮਾ ਦੇ ਵਿਚਾਰ ਇਸ ਦੋ ਦਿਨਾਂ ਕਾਨਫਰੰਸ ਦੀ ਮੁੱਖ ਪ੍ਰਾਪਤੀ ਕਹੇ ਜਾ ਸਕਦੇ ਹਨ ਜੋ ਪੰਜਾਬੀ ਸਾਹਿਤ, ਪੰਜਾਬੀ ਆਲੋਚਨਾ ਦਾ ਭਵਿੱਖੀ ਰੂਪ ਨਿਰਧਾਰਿਤ ਕਰਨ ਵਿੱਚ ਬਹੁਤ ਸਾਰਥਿਕ ਹੋ ਸਕਦੇ ਹਨ।

ਦੂਜਾ ਸੈਸ਼ਨ ਅਮਰੀਕਾ ਵਿੱਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਬਾਰੇ ਸੀ ਜਿਸ ਵਿੱਚ ਨਾਮਵਰ ਕਹਾਣੀਕਾਰ ਡਾਕਟਰ ਵਰਿਆਮ ਸਿੰਘ ਸੰਧੂ ਦੇ ਸੁਝਾਅ ਅਨੁਸਾਰ ਕਾਨਫਰੰਸ ਵਿੱਚ ਹਾਜ਼ਰ ਕਹਾਣੀਕਾਰਾਂ ਨੇ ਆਪਣੇ ਬਾਰੇ, ਆਪਣੀ ਕਹਾਣੀ ਕਲਾ ਖੁਦ ਵਿਚਾਰ ਪੇਸ਼ ਕੀਤੇ। ਇਹਨਾਂ ਕਹਾਣੀਕਾਰਾਂ ਵਿੱਚ ਲਾਜ ਨੀਲਮ ਸੈਣੀ, ਹਰਪ੍ਰੀਤ ਕੌਰ ਧੂਤ, ਸੁਰਜੀਤ ਕੌਰ ਟਰਾਂਟੋ, ਰਾਜਵੰਤ ਰਾਜ, ਅਮਰਜੀਤ ਪੰਨੂੰ, ਡਾ. ਗੁਰਪ੍ਰੀਤ ਧੁੱਗਾ ਅਤੇ ਹਰਜਿੰਦਰ ਸਿੰਘ ਪੰਧੇਰ ਨੇ ਆਪਣੀਆਂ ਕਹਾਣੀਆਂ ਅਤੇ ਲਿਖਣ ਕਲਾ ਬਾਰੇ ਸੰਖੇਪ ਵਿਚਾਰ ਪੇਸ਼ ਕੀਤੇ। ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਅਮਰੀਕਾ ਦੇ ਇਹਨਾਂ ਕਹਾਣੀਕਾਰਾਂ ਵੱਲੋਂ ਬਹੁਤ ਵਧੀਆ ਕਹਾਣੀ ਲਿਖੀ ਜਾ ਰਹੀ ਹੈ। ਉਹਨਾਂ ਕਿਹਾ ਕਿ ਅਸਲ ਵਿੱਚ ਕਹਾਣੀ ਛੋਟਾ, ਵੱਡਾ ਹੋਣਾ ਕੋਈ ਮਾਅਨੇ ਨਹੀਂ ਰੱਖਦਾ ਪਰ ਲੋੜ ਇਸ ਗੱਲ ਦੀ ਹੈ ਕਿ ਕਹਾਣੀ ਮੁਕੰਮਲ ਹੋਣੀ ਚਾਹੀਦੀ ਹੈ। ਕਹਾਣੀ ਦੀ ਲੰਬਾਈ ਪਹਿਲਾਂ ਹੀ ਨਿਰਧਾਰਿਤ ਕਰਕੇ ਕਹਾਣੀ ਲਿਖਣੀ ਕਹਾਣੀ ਨਾਲ ਇਨਸਾਫ ਨਹੀਂ ਹੈ। ਉਹਨਾਂ ਆਪਣੀਆਂ ਲੰਬੀਆਂ ਕਹਾਣੀਆਂ ਦਾ ਵੀ ਜ਼ਿਕਰ ਕੀਤਾ ਤੇ ਨਾਲ ਇਹ ਵੀ ਕਿਹਾ ਕਿ ਉਹਨਾਂ ਨੂੰ ਅਫਸੋਸ ਹੈ ਕਿ ਹਾਲੇ ਤੱਕ ਕਿਸੇ ਵੀ ਵਿਦਵਾਨ ਜਾਂ ਆਲੋਚਕ ਨੇ ਉਹਨਾਂ ਦੀਆਂ ਕਹਾਣੀਆਂ ਨੂੰ ਸਹੀ ਪਰਿਪੇਖ ਵਿਚ ਨਹੀਂ ਸਮਝਿਆ।

ਕਾਨਫਰੰਸ ਦੇ ਆਖਰੀ ਸੈਸ਼ਨ ਵਿੱਚ ਹੋਏ ਕਵੀ ਦਰਬਾਰ ਵਿਚ ਹਾਜਰ ਕਵੀਆਂ ਨੇ ਆਪੋ ਆਪਣੀ ਕਵਿਤਾਵਾਂ, ਗ਼ਜ਼ਲਾਂ, ਗੀਤਾਂ ਰਾਹੀਂ ਕਾਨਫਰੰਸ ਨੂੰ ਇਕ ਬਹੁਤ ਹੀ ਖੂਬਸੂਰਤ ਕਾਵਿਕ ਮਾਹੌਲ ਵਿੱਚ ਰੰਗ ਦਿੱਤਾ। ਕਵੀ ਦਰਬਾਰ ਦੀ ਪ੍ਰਧਾਨਗੀ ਅਕੈਡਮੀ ਦੇ ਪ੍ਰਧਾਨ ਕੁਲਵਿੰਦਰ, ਜਸਵਿੰਦਰ, ਸੁਰਿੰਦਰ ਸੀਰਤ, ਸੁਰਜੀਤ ਸਖੀ, ਪ੍ਰਿਤਪਾਲ ਕੌਰ ਉਦਾਸੀ, ਸਤੀਸ਼ ਗੁਲਾਟੀ, ਡਾ. ਸੁਹਿੰਦਰਬੀਰ, ਕ੍ਰਿਸ਼ਨ ਭਨੋਟ, ਕੁਲਵਿੰਦਰ ਖਹਿਰਾ ਅਤੇ ਹਰਦਮ ਮਾਨ ਨੇ ਕੀਤੀ। ਕਵੀ ਦਰਬਾਰ ਵਿਚ ਮਾਸਟਰ ਕਰਤਾਰ ਸਿੰਘ ਰੋਡੇ, ਅਮਰਜੀਤ ਜੌਹਲ, ਪ੍ਰਿੰ. ਹਜ਼ੂਰਾ ਸਿੰਘ, ਅਮਰ ਸੂਫੀ, ਜਯੋਤੀ ਸਿੰਘ, ਸੁੱਖੀ ਧਾਲੀਵਾਲ, ਸੁਰਜੀਤ ਕੌਰ ਸੈਕਰਾਮੈਂਟੋ, ਹਰਜਿੰਦਰ ਕੰਗ, ਸੰਤੋਖ ਮਿਨਹਾਸ, ਹਰਪ੍ਰੀਤ ਕੌਰ ਧੂਤ, ਸੁਰਜੀਤ ਸਖੀ, ਡਾ. ਲਖਵਿੰਦਰ ਜੌਹਲ, ਸਤੀਸ਼ ਗੁਲਾਟੀ, ਡਾ. ਸੁਹਿੰਦਰਬੀਰ, ਰਾਜਵੰਤ ਕੌਰ ਸੰਧੂ, ਜਸਵਿੰਦਰ, ਹਰਦਮ ਮਾਨ, ਰਾਜਵੰਤ ਰਾਜ, ਅਵਤਾਰ ਗੋਂਦਾਰਾ, ਅਰਤਿੰਦਰ ਸੰਧੂ, ਅੰਜੂ ਮੀਰਾ, ਪ੍ਰਿਤਪਾਲ ਕੌਰ ਉਦਾਸੀ, ਡਾ. ਗੁਰਪ੍ਰੀਤ ਧੁੱਗਾ, ਸੁਖਪਾਲ ਸਿੰਘ ਕੋਟ ਬਖਤੂ, ਚਰਨਜੀਤ ਸਿੰਘ ਪੰਨੂੰ, ਕ੍ਰਿਸ਼ਨ ਭਨੋਟ, ਡਾ. ਬਿਕਰਮ ਸੋਹੀ, ਜਸਵੰਤ ਸ਼ਾਦ, ਦਲਵੀਰ ਕੌਰ ਯੂ.ਕੇ. ਡਾ. ਸੁਖਪਾਲ ਸੰਘੇੜਾ, ਲਖਵਿੰਦਰ ਕੌਰ ਲੱਕੀ, ਕੁਲਵਿੰਦਰ ਖਹਿਰਾ, ਸੁਰਜੀਤ ਕੌਰ ਟਰਾਂਟੋ, ਮੋਹਨ ਤਿਆਗੀ, ਇੰਦਰਜੀਤ ਗਰੇਵਾਲ, ਕਮਲ ਬੰਗਾ, ਗੁਰਦੀਪ, ਨੰਨੂ ਸਹੋਤਾ, ਹਰਜੀਤ ਹਠੂਰ, ਜਸਵੰਤ ਸ਼ੀਂਹਮਾਰ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਅਮਰਜੀਤ ਕੌਰ ਪੰਨੂ, ਐਸ਼ ਕੁਮ ਐਸ਼, ਗਗਨਦੀਪ ਮਾਹਲ ਨੇ ਆਪਣੀਆਂ ਖੂਬਸੂਰਤ ਰਚਨਾਵਾਂ ਪੇਸ਼ ਕੀਤੀਆਂ। ਨਾਮਵਰ ਸ਼ਾਇਰ ਦੇ ਸ਼ਿਅਰ 'ਗ਼ਜ਼ਬ ਦੇ ਮੋੜ 'ਤੇ ਪਹੁੰਚੀ ਕਹਾਣੀ, ਨਾ ਧਰਤੀ ਵਿਚ ਤੇ ਨਾ ਅੱਖਾਂ 'ਚ ਪਾਣੀ, ਕਿ ਜਿਸ ਵਿਚ ਠੇਲ੍ਹਦੇ ਹਾਂ ਖ਼ਾਬ ਆਪਾਂ, ਕਿਤੇ ਅੱਗ ਦੀ ਭਰੀ ਨਾ ਨਹਿਰ ਹੋਵੇ' ਨਾਲ ਕਵੀ ਦਰਬਾਰ ਆਪਣੇ ਸਿਖਰ 'ਤੇ ਪੁੱਜਿਆ। ਕਵੀ ਦਰਬਾਰ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਅਤੇ ਲਾਜ ਨੀਲਮ ਸੈਣੀ ਨੇ ਬਹੁਤ ਹੀ ਖੂਬਸੂਰਤ ਅਤੇ ਦਿਲਕਸ਼ ਅੰਦਾਜ਼ ਵਿੱਚ ਕੀਤਾ। ਕਵੀ ਦਰਬਾਰ ਦੀ ਪ੍ਰਧਾਨਗੀ ਕਰਦਿਆਂ ਨਾਮਵਰ ਸ਼ਾਇਰ ਜਸਵਿੰਦਰ ਨੇ ਅਕੈਡਮੀ ਦੇ ਪ੍ਰਧਾਨ ਕੁਲਵਿੰਦਰ, ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਕਾਨਫਰੰਸ ਦੇ ਵੱਖ ਵੱਖ ਸੈਸ਼ਨਾਂ ਦੌਰਾਨ ਸੁਰਿੰਦਰ ਸੀਰਤ, ਸੁਰਜੀਤ ਸਖੀ, ਚਰਨਜੀਤ ਪੰਨੂੰ, ਗੁਲਸ਼ਨ ਦਿਆਲ, ਸੁਖਵਿੰਦਰ ਕੰਬੋਜ, ਹਰਪ੍ਰੀਤ ਕੌਰ ਧੂਤ ਨੇ ਵੀ ਸਟੇਜ ਸੰਚਾਲਨ ਬਾਖੂਬੀ ਕੀਤਾ।

ਇਸ ਮੌਕੇ ਅਕੈਡਮੀ ਦੇ ਕਾਰਜਕਾਰੀ ਮੈਂਬਰਾਂ ਲਾਜ ਨੀਲਮ ਸੈਣੀ, ਜਗਜੀਤ ਨੌਸ਼ਹਿਰਵੀ, ਹਰਜਿੰਦਰ ਕੰਗ, ਚਰਨਜੀਤ ਸਿੰਘ ਪੰਨੂੰ, ਪਵਿੱਤਰ ਕੌਰ ਮਾਟੀ, ਹਰਪ੍ਰੀਤ ਕੌਰ ਧੂਤ ਅਤੇ ਹੋਰ ਕਈ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ ਵੀ ਰਿਲੀਜ਼ ਕਰਨ ਤੋਂ ਇਲਾਵਾ ਅਤੇ ਜਸਵਿੰਦਰ ਦੇ ਗ਼ਜ਼ਲ ਸੰਗ੍ਰਹਿ 'ਕੱਕੀ ਰੇਤ ਦੇ ਵਰਕੇ' ਅਤੇ 'ਕਾਲੇ ਹਰਫ਼ਾਂ ਦੀ ਲੋਅ', ਕੁਲਵਿੰਦਰ ਦੇ ਗ਼ਜ਼ਲ ਸੰਗ੍ਰਿਹ 'ਸ਼ਾਮ ਦੀ ਸ਼ਾਖ ਤੇ' ਦੇ ਨਵੇਂ ਐਡੀਸ਼ਨ, ਸਿੱਧੂ ਦਮਦਮੀ ਦੀ ਪੁਸਤਕ 'ਅਰਦਾਸ ਕਰਦੀਆਂ ਮਾਵਾਂ', ਅਰਤਿੰਦਰ ਸੰਧੂ ਦੀ ਪੁਸਤਕ 'ਬਿਸਾਤ', ਮੁਕੇਸ਼ ਸ਼ਰਮਾ ਦੀ 'ਆਪੇ ਨਾਲ ਬਾਤ' ਵੀ ਲੋਕ ਅਰਪਣ ਕੀਤੀਆਂ ਗਈਆਂ।

ਸਰੀ (ਕਨੈਡਾ) ਤੋਂ ਆਏ ਪ੍ਰਸਿੱਧ ਰੰਗਕਰਮੀ ਅਤੇ ਫਿਲਮ ਨਿਰਮਾਤਾ ਗੁਰਦੀਪ ਭੁੱਲਰ ਵੱਲੋਂ ਬਣਾਈ ਲਘੂ ਫ਼ਿਲਮ "ਘੰਟੀ" ਦਿਖਾਈ ਗਈ। ਨਸ਼ਿਆਂ 'ਤੇ ਆਧਾਰਤ 15 ਮਿੰਟ ਦੀ ਇਸ ਖਾਮੋਸ਼ ਫ਼ਿਲਮ ਨੇ ਅਜਿਹਾ ਪ੍ਰਭਾਵ ਸਿਰਜਿਆ ਕਿ ਦਰਸ਼ਕ ਕੁਝ ਪਲਾਂ ਲਈ ਸੁੰਨ ਹੋ ਗਏ। ਅਵਤਾਰ ਰੈਕਰਡਜ਼ ਗਰੁੱਪ ਵਲੋਂ ਲੋਪੋਕੇ ਬੁਦਰਜ ਦਾ ਗਾਇਆ ਗੀਤ "ਇਤਿਹਾਸ" ਵੀ ਇਸ ਮੌਕੇ ਰਿਲੀਜ਼ ਕੀਤਾ ਗਿਆ। ਐਸ਼ ਕੁਮ ਐਸ਼ ਵੱਲੋਂ ਵਿਪਸਾਅ ਦੀ ਬਣਾਈ ਵੈੱਬਸਾਈਟ ਦਾ ਉਦਘਾਟਨ ਡਾ. ਵਰਿਆਮ ਸਿੰਘ ਸੰਧੂ ਨੇ ਕੀਤਾ। ਕੈਨੇਡਾ ਤੋਂ ਆਏ ਨਾਮਵਰ ਚਿੱਤਰਕਾਰ ਜਰਨੈਲ ਸਿੰਘ ਵੱਲੋਂ ਲਾਈ ਚਿੱਤਰ ਪ੍ਰਦਰਸ਼ਨੀ ਅਤੇ ਮੁਕੇਸ਼ ਸ਼ਰਮਾ ਦੇ ਚਿੱਤਰਾਂ ਦੀ ਪ੍ਰਦਰਸ਼ਨੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਅੰਤ ਵਿੱਚ ਅਕੈਡਮੀ ਦੀ ਸਮੁੱਚੀ ਟੀਮ ਵੱਲੋਂ ਕਾਨਫਰੰਸ ਦੇ ਸਹਿਯੋਗੀਆਂ, ਵਿਦਵਾਨਾਂ, ਮਹਿਮਾਨਾਂ, ਕਵੀਆਂ ਦਾ ਸਨਮਾਨ ਕੀਤਾ ਗਿਆ। ਅਕੈਡਮੀ ਦੇ ਪ੍ਰਧਾਨ ਕੁਲਵਿੰਦਰ ਨੇ ਕਾਨਫਰੰਸ ਨੂੰ ਸਫਲਤਾ ਤੀਕ ਪੁਚਾਉਣ ਲਈ ਆਪਣੀ ਸਮੁੱਚੀ ਕਾਰਜਸ਼ੀਲ ਟੀਮ ਅਤੇ ਹਾਜ਼ਰ ਵਿਦਵਾਨਾਂ ਮਹਿਮਾਨਾਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦਾ ਦਿਲੋਂ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਸਹਿਯੋਗ ਦੀ ਉਮੀਦ ਜ਼ਾਹਿਰ ਕੀਤੀ।


fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
BIGGEST SALE IN CANADA
UNBEATABLE EXTRA SUPER SPECIAL
Yellow Onions 50 lbs
ਪੀਲੇ ਗੰਢੇ
$11.98 bag
EXTRA SUPER SUPER SPECIAL
Raw Almonds
ਕੱਚੇ ਬਦਾਮ
$4.99 lb
Seedless Oranges (Small)
ਛੋਟਾ ਸੰਤਰੇ ( ਬਿਨਾ ਬੀਜ ਤੋਂ )
99¢ lb
EXTRA SUPER SPECIAL
Cilantro
ਧਣੀਆ
2 bunches for $1.49
SUPER SPECIAL
Reg. Large Eggplant
ਵੱਡੇ ਬਤਾਊਂ
99¢ ea.
Red Lentil Split or Whole
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ
88¢ lb
Desi Karela
ਦੇਸੀ ਕਰੇਲਾ
$2.49 lb
SUPER SPECIAL
Fresh Methi
ਤਾਜਾ ਮੇਥੀ
$1.99 bunch
SUPER SPECIAL
Almond Oil 1 L(Indican)
ਇੰਡੀਕੈਂਨ ਬਦਾਮ ਦਾ ਤੇਲ
$11.98 bottle
Black Chana
ਕਾਲੇ ਛੋਲੇ
98¢ lb
Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.
SUPER SPECIAL
Fine Cane Sugar (Indican)
ਗੰਨੇ ਦੀ ਖੰਡ 8lbs 8 lbs
$5.99 bag
Red Onions 25 lbs
ਲਾਲ ਗੰਢੇ
$17.98 bag
Red Lentil Whole, Red Lentil Split Black Chana & Chick Peas 4 lbs (Indican)
$3.98 bag
Chickpeas
ਚਿੱਟੇ ਛੋਲੇ
88¢ lb
BC Red Delicious Apples
ਬੀਸੀ ਲਾਲ ਸਵਾਦ ਸੇਬ
79¢ lb
Ambrosia Apples 2 lbs
ਅਮਬਰੋਜ਼ੀਆ ਸੇਬ
$1.99 bag
Desi Makki Da Atta 6.6 lbs (Indican) Corn Flour
ਦੇਸੀ ਮਾਕੀ ਦਾ ਅੱਟਾ 6.6 ਪੌਂਡ
$7.99 pkg.
Indican Tea 216's
ਇੰਡੀਕਨ ਚਾਹ
$5.98 box
BC Gala Apples
ਗਾਲਾ ਸੇਬ ਬੀਸੀ
89¢ lb
Green Cabbage BC
ਹਰੀ ਬੰਦ ਗੋਭੀ ਬੀਸੀ
69¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.88 bag
Desi Ghee 3 kg Heer
ਦੇਸੀ ਘਿਓ 3 ਕਿਲੋ ਹੀਰ
$42.99 ea.
Fri Nov 29, 2024 - Wed Dec 04, 2024
We reserve the right to limit the quantities while they last
Specials valid for Lower Mainland only
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
THE SOUTH SURREY/WHITE ROCK FRUITICANA NOW OPEN AT 1812, 152ND ST.
Newton ------ 13783 72nd Ave. Surrey ---- 604-590-2080
Newton ------ 13174 64th Ave. Surrey ---- 604-598-9220
Scott Road ------ 12047 80th Ave. Surrey ---- 604-591-5032
Scott Road ------ 104-7028 120th St. ------ 604-590-8864
Cedar Hills ------ 12867 96th Ave. Surrey ---- 604-588-6620
Fleetwood ------ 101-15933 Fraser Hwy ---- 604-593-5163
Fleetwood ------ 15230 84 Ave. ------ 236-317-6272
Surrey ------ 12990 72nd Ave. ------ 604-503-5510
Surrey ------ 12788 76A Ave. Surrey ---- 604-597-1676
Surrey ------ 16788 64 Ave. ------ 604-372-2023
Surrey ------ 101-7228 192St. ------ 604-575-3750
Surrey ------ 101-1812 152St. ------ 604-539-5736
New Westminster 101-331 6th St. ------ 604-395-3595
Abbotsford ------ 2785 Bourquin Crescent W. 604-744-0328
Abbotsford ------ 31205 Maclure Rd. ------ 604-504-5877
Port Coquitlam 2807 Shaughnessy St. ------ 604-464-0822
Vancouver ------ 6257 Fraser St. ------ 604-321-9931
Richmond ------ 4101 No.5 Rd. ------ 604-244-9520